# ਸਿੱਖ ਫੁਲਵਾੜੀ

ਸਾਲ 29 ਮਈ 2009 ਨਾਨਕਸ਼ਾਹੀ ਸੰਮਤ ੫੪੧ ਅੰਕ 9

**ਸੰਪਾਦਕੀ ਬੋਰਡ**

- ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ (ਮੁੱਖ ਸੰਪਾਦਕ)
- ਸ: ਹਰਜੀਤ ਸਿੰਘ, ਜਲੰਧਰ (ਸੰਪਾਦਕ)
- ਸ: ਕਿਰਪਾਲ ਸਿੰਘ 'ਚੰਦਨ' (ਸਹਿ ਸੰਪਾਦਕ)
- ਸ: ਗੁਰਮੀਤ ਸਿੰਘ, ਕੁਰਾਲੀ (ਸਹਿ ਸੰਪਾਦਕ)

**ਸਿੱਖ ਫੁਲਵਾੜੀ** ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵਲੋਂ ਸਭ ਸਕੂਲਾਂ, ਸਮਾਜਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਣਿਤ ਹੈ।

**ਚੰਦਾ ਭੇਜਣ ਦਾ ਪਤਾ**

**ਸਿੱਖ ਫੁਲਵਾੜੀ**, 1051/14, ਫੀਲਡ ਗੰਜ, ਲੁਧਿਆਣਾ-141074

ਫੋਨ : 0161-5021815, 9914421815 ਫੈਕਸ : 0161-6451305

**ਸਬ ਆਫਿਸ** : C-135, ਮਾਨ ਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502

**ਜਲੰਧਰ ਸਬ ਆਫਿਸ** : ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ-144 002 ਫੋਨ : 0181-2430547

**ਜੰਮੂ ਸਬ ਆਫਿਸ** : 36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ 2, ਗੁਰੂ ਨਾਨਕ ਨਗਰ, ਜੰਮੂ। ਫੋਨ : 0191-2439489

**ਸਾਲਾਨਾ ਚੰਦਾ** : ਦੇਸ਼ : 100 ਰੁ:, ਵਿਦੇਸ਼ : 1000 ਰੁ: ($25)

**ਲਾਈਫ ਮੈਂਬਰਸ਼ਿਪ** : ਦੇਸ਼ : 1000 ਰੁ: ਵਿਦੇਸ਼ : 10000 ਰੁ:($250)

ਇਕ ਕਾਪੀ : 15 ਰੁਪਏ

E-mail : query@smcludhiana.com

Website: www.sikhmissionarycollege.org
www.smcludhiana.com

**ਗੁਰਪੁਰਬ ਅਤੇ ਇਤਿਹਾਸਕ ਦਿਹਾੜੇ**

ਪ੍ਰਕਾਸ਼ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ ............ 2 ਮਈ
ਛੋਟਾ ਘੱਲੂਘਾਰਾ ............ 17 ਮਈ
ਪ੍ਰਕਾਸ਼ ਦਿਵਸ ਸ੍ਰੀ ਗੁਰੂ ਅਮਰਦਾਸ ਜੀ ............ 23 ਮਈ

- ਦੋ-ਧਾਰੀ ਖ਼ਤਰੇ ਤੋਂ ਕਿਵੇਂ ਬਚੀਏ? ........ 2
- ਹਾਂ ਹਾਂ ਲਪਟਿਓ ਰੇ ਮੂੜੇ, ਕਛੂ ਨ ਥੋਰੀ॥ ........ 5
- ਪਾਠਕ ਲਿਖਦੇ ਹਨ ........ 6
- ਸਵਾਲ-ਜਵਾਬ ........ 7
- ਸਿੱਖ ਪੰਥ ਦੀ ਅਜੋਕੀ ਦਸ਼ਾ-2 ........ 9
- ਕਾਤਲਾਂ ਨੂੰ ਟਿਕਟਾਂ ........ 13
- ਸਿੱਖ ਰਾਜਨੀਤਿਕ ਸਰੋਕਾਰ ਅਤੇ ਸਿੱਖ ਇਸਤਰੀ ਦੀ ਭੂਮਿਕਾ ........ 14
- ਸ੍ਰੀ ਅਕਾਲ ਤਖ਼ਤ, ਧਰਮ ਦੇ ਕੇਂਦਰ ਦੇ ਰੂਪ ਵਿਚ ਕਿਵੇਂ ਉਭਰੇ? ........ 16
- ਸਬਦਿ ਸਵਾਰਣਹਾਰੁ ........ 20
- ਜ਼ਿੰਦਗੀ ਦਾ ਦੂਸਰਾ ਬਾਅਬ (ਵੈਰਾਗੀ ਤੋਂ ਖ਼ਾਲਸਾ) ... 23
- ਸਰਦਾਰ ਹਰੀ ਸਿੰਘ ਨਲਵਾ ........ 26
- ਕਹਹੁ ਗੁਸਾਈ ਮਿਲੀਐ ਕੇਹ ........ 28
- ਧੀ ਦੀ ਅਰਜ਼ੋਈ (ਕਵਿਤਾ) ........ 30
- ਪੈਦਲ ਤੁਰੋ, ਤੰਦਰੁਸਤ ਰਹੋ ........ 31
- ਸੱਚ ਦਿਆਂ ਰਾਖਿਆਂ ਨੇ ਸੱਚ ਨੂੰ ਹੈ ਰੋਲਿਆ (ਕਵਿਤਾ) 32
- ਯੁਵਕ ਸ਼ਕਤੀ, ਦਸ਼ਾ ਤੇ ਦਿਸ਼ਾ ........ 33
- ਕੋਮਲ ਹਿਰਦੇ ਵਾਲੇ ਪ੍ਰੋ: ਸਾਹਿਬ ਸਿੰਘ ਜੀ ........ 34
- ਬਾਲ ਫੁਲਵਾੜੀ ........ 35
- ਖਾਵੈ-ਭੁੰਚੈ ........ 37
- ਖ਼ਬਰਨਾਮਾ ਅਤੇ ਸਰਗਰਮੀਆਂ ........ 39
- ਕਰਿ ਕੀਰਤਨੁ ਹੋਇ ਉਧਾਰੁ ........ 43
- What the Non-Sikhs say about the Sikhs-2 .... 44
- ਵਰ ਰਿਸ਼ਤੇ ਦੀ ਲੋੜ ........ 47
- ਵਰਤਿਓ ਕਦੇ ਤੰਬਾਕੂ ਨਾ ........ 48

**ਜ਼ਰੂਰੀ ਨੋਟ**

- 'ਸਿੱਖ ਫੁਲਵਾੜੀ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿਜੀ ਹੁੰਦੇ ਹਨ। ਇਸ ਲਈ ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕਿਸੇ ਵੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਲੁਧਿਆਣਾ ਦੀਆਂ ਅਦਾਲਤਾਂ ਵਿਚ ਹੀ ਕੀਤਾ ਜਾ ਸਕਦਾ ਹੈ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ/ਛਾਂਟਣ ਜਾਂ ਰੱਦ ਕਰਨ ਦਾ ਪੂਰਾ ਅਧਿਕਾਰ ਹੈ।

—ਸੰਪਾਦਕ

ਸੰਪਾਦਕੀ

# ਦੋ-ਧਾਰੀ ਖ਼ਤਰੇ ਤੋਂ ਕਿਵੇਂ ਬਚੀਏ ?

ਹਿੰਦੋਸਤਾਨ ਇਕ ਆਜ਼ਾਦ ਮੁਲਕ ਹੈ ਤੇ ਇਸਦਾ ਆਪਨਾ ਸੰਵਿਧਾਨ ਵੀ ਵੱਖਰਾ ਹੈ। ਹਿੰਦੋਸਤਾਨ ਦੇ ਸੰਵਿਧਾਨ ਅੰਦਰ ਹਰ ਕਿਸੇ ਨੂੰ ਜੀਵਨ ਦੀ ਖੁਲ੍ਹ ਪ੍ਰਦਾਨ ਕੀਤੀ ਗਈ ਹੈ। ਘੱਟ ਗਿਣਤੀਆਂ ਦੀ ਰਾਖੀ ਲਈ ਖਾਸ ਤੌਰ ’ਤੇ ਘੱਟ ਗਿਣਤੀ ਕਮਿਸ਼ਨ ਸਥਾਪਿਤ ਕੀਤਾ ਗਿਆ ਹੈ ਜੋ ਘੱਟ ਗਿਣਤੀਆਂ ਦੇ ਹਿੱਤਾਂ ਦਾ ਪਹਿਰੇਦਾਰ ਕਿਹਾ ਜਾਂਦਾ ਹੈ ਪਰ ਪਿਛਲੇ ਦੋ ਦਹਾਕਿਆਂ ਤੋਂ ਸੰਘ ਪਰਿਵਾਰ ਦੀ ਸਰਪ੍ਰਸਤੀ ਹੇਠ ਕੱਟੜਪੁਣੇ ਦੀ ਲਹਿਰ ਕੌੜੀ ਵੇਲ ਵਾਂਗ ਵਧ ਰਹੀ ਹੈ ਜੋ ਘੱਟ ਗਿਣਤੀਆਂ ਨੂੰ ਆਪਨੇ ਕਲਾਵੇ ਵਿਚ ਲੈ ਕੇ ਉਸਦਾ ਗਲਾ ਘੁੱਟਣਾ ਆਪਨਾ ਧਰਮ ਸਮਝਦੀ ਹੈ। ਇਸ ਵਧ ਰਹੀ ਲਹਿਰ ਦਾ ਮੁੱਖ ਉਦੇਸ਼ ਹਿੰਦੋਸਤਾਨ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨਾ ਹੀ ਹੈ। ਜਿਸ ਦਾ ਭਾਵ ਹੈ ਕਿ ਘੱਟ ਗਿਣਤੀ ਧਾਰਮਿਕ ਵਰਗਾਂ ਦੇ ਲੋਕਾਂ ’ਤੇ ਜ਼ਬਰਦਸਤੀ ਜਾਂ ਕਿਸੇ ਵੀ ਤਰੀਕੇ ਨਾਲ ਬਹੁਗਿਣਤੀ ਦਾ ਸਭਿਆਚਾਰ ਮੜ੍ਹਨਾ ਤੇ ਉਹਨਾਂ ਨੂੰ ਬਹੁਗਿਣਤੀ ਫਿਰਕੇ ਦੀ ਰਾਜਸੀ ਅਧੀਨਗੀ ਲਈ ਮਜਬੂਰ ਕਰਨਾ।

ਜਿੱਥੇ ਇਹ ਸਮੱਸਿਆ ਭਾਰਤ ਅੰਦਰ ਵਸਦੀਆਂ ਦੂਸਰੀਆਂ ਘੱਟ ਗਿਣਤੀਆਂ ਲਈ ਹੈ, ਉੱਥੇ ਸਿੱਖ ਕੌਮ ਲਈ ਇਹ ਸਮੱਸਿਆ ਵਧੇਰੇ ਗੰਭੀਰ ਬਣੀ ਹੋਈ ਹੈ। ਸਿੱਖ ਕੌਮ ਦੀ ਨਿਆਰੀ ਤੇ ਵਿਲੱਖਣ ਹੋਂਦ ਨੂੰ ਖ਼ਤਮ ਕਰਕੇ ਆਪਨੇ ਅੰਦਰ ਜਜ਼ਬ ਕਰਨ ਦੀਆਂ ਸਾਜ਼ਿਸ਼ਾਂ ਕਾਫੀ ਲੰਬੇ ਸਮੇਂ ਤੋਂ ਹੀ ਗੁੰਦੀਆਂ ਜਾ ਰਹੀਆਂ ਹਨ। ਬਹੁ-ਗਿਣਤੀ ਦਾ ਇਹ ਸੱਪ ਆਪਨਾ ਮੂੰਹ ਖੋਲ੍ਹੀ ਬੈਠਾ ਹੈ ਤੇ ਹਰ ਸਮੇਂ ਆਪਨੇ ਸ਼ਿਕਾਰ ਦੀ ਭਾਲ ਕਰ ਰਿਹਾ ਹੈ। ਜਿੱਥੇ ਦੂਜੀਆਂ ਘੱਟ ਗਿਣਤੀਆਂ ਨੂੰ ਤਾਂ ਸਿਰਫ ਰਾਜਸੀ ਗੁਲਾਮੀ ਦਾ ਹੀ ਖਤਰਾ ਹੈ ਉੱਥੇ ਸਿੱਖ ਕੌਮ ’ਤੇ ਧਾਰਮਿਕ, ਸਭਿਆਚਾਰਕ ਤੇ ਰਾਜਨੀਤਿਕ ਗੁਲਾਮੀ ਦੇ ਬੱਦਲ ਮੰਡਰਾ ਰਹੇ ਹਨ। ਪੰਜਾਬ ਵਿਚ ਪੰਜਾਬੀ ਬੋਲੀ, ਸਭਿਆਚਾਰ ਤੇ ਸਿੱਖ ਸਿਧਾਂਤਾਂ ਨੂੰ ਵੱਡਾ ਖੋਰਾ ਲਾਉਣ ਪਿੱਛੋਂ ਹੁਣ ਇਹ ਤਾਕਤਾਂ ਸਿੱਖੀ ਸਰੂਪ ਨੂੰ ਹੜੱਪਣ ਲਈ ਉਤਾਵਲੀਆਂ ਹੋਈਆਂ ਬੈਠੀਆਂ ਹਨ। ਸਿੱਖ ਸਿਧਾਂਤਾਂ ਨੂੰ ਮਲੀਆਮੇਟ ਕਰਨ ਵਾਲੀਆਂ ਦੇਹਧਾਰੀ ਗੁਰੂ ਡੰਮ੍ਹੀ ਤਾਕਤਾਂ ਜਿਵੇਂ ਕਿ ਨਕਲੀ ਨਿਰੰਕਾਰੀ, ਭਨਿਆਰੀਏ, ਆਸ਼ੂਤੋਸ਼ੀਏ ਅਤੇ ਸੱਚਾ ਸੌਦਾ ਨੂੰ ਆਪਨੀਆਂ ਬਾਹਵਾਂ ਫੈਲਾਉਣ ਵਿਚ ਪੂਰੀ ਮਦਦ ਕੀਤੀ ਜਾ ਰਹੀ ਹੈ। ਇਹਨਾਂ ਵਿਚੋਂ ਕਈਆਂ ਨੇ ਤਾਂ ਸਿੱਖ ਧਰਮ ਨੂੰ ਸਿੱਧੀ ਚੁਣੌਤੀ ਵੀ ਦਿੱਤੀ ਹੈ। ਲੋਕਰਾਜ ਦਾ ਬੋਲਬਾਲਾ ਹੋਣ ਕਰਕੇ ਸਾਡੇ ਆਗੂ ਇਹਨਾਂ ਦੀਆਂ ਵੋਟਾਂ ਹਾਸਿਲ ਕਰਨ ਲਈ ਇਨ੍ਹਾਂ ਫਿਰਕਿਆਂ ਦੇ ਦਰਬਾਰਾਂ ਵਿਚ ਅਕਸਰ ਜੀ-ਹਜ਼ੂਰੀ ਕਰਨ ਲਈ ਜਾਂਦੇ ਰਹਿੰਦੇ ਹਨ। ਇੱਥੋਂ ਤੱਕ ਕਿ ਸਾਡੀ ਪੰਥਕ ਕਹਾਉਣ ਵਾਲੀ ਸਰਕਾਰ ਨੇ ਵੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਨਾ ਗੁਰੂ ਮੰਨਣ ਦੀ ਥਾਂ ਆਪਨੀ ਦੇਹਧਾਰੀ ਗੁਰੂ ਦੀ ਪਰਪਾਟੀ ਚਲਾਈ ਫਿਰ ਰਹੀ ਅਜਿਹੀ ਸੰਪਰਦਾ ਨੂੰ ਕਰੋੜਾਂ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕਈ ਵਾਰੀ ਕੀਤਾ ਹੈ।

ਸਿੱਖੀ ਪਹਿਰਾਵੇ ਵਿਚ ਸਾਡੇ ਆਪਨੇ ਕਹਾਉਣ ਵਾਲੇ ਵੀ ਕੌਮ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹਨ। ਬਹੁਤ ਸਾਰੇ ਸਾਧਾਂ ਦੇ ਡੇਰੇ ਅਤੇ ਬਹੁਤ ਸਾਰੀਆਂ ਸੰਸਥਾਵਾਂ ਅਜਿਹੀਆਂ ਹਨ ਜੋ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਮੰਨਣਾ ਤਾਂ ਇਕ ਪਾਸੇ ਰਿਹਾ ਸਗੋਂ ਸ਼ਰੇਆਮ ਉਸ ਦੀਆਂ ਧੱਜੀਆਂ ਉਡਾਈ ਜਾ ਰਹੇ ਹਨ। ਕਦੇ ਸੰਪਟ ਪਾਠਾਂ ਦਾ ਪ੍ਰਵਾਹ, ਕਦੇ ਸਚਖੰਡ ਦੇ ਦਰਸ਼ਨ, ਕਦੇ ਚੌਪਹਿਰੇ ਕਟਵਾ ਕੇ ਸਿੱਖ ਸ਼ਰਧਾਲੂਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਤੋਂ ਕੋਹਾਂ ਮੀਲ ਦੂਰ ਧੱਕ ਆਪਨੀ ਪੂਜਾ ਕਰਵਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ। ਭਾਵੇਂ ਜ਼ਾਹਰਾ ਤੌਰ ’ਤੇ ਬਹੁਤੇ ਸੰਤ ਆਪਨੇ ਆਪ ਨੂੰ ਗੁਰੂ ਨਹੀਂ ਅਖਵਾਉਂਦੇ ਪਰ ਇਹ ਸਿੱਖ ਸੰਗਤਾਂ ਵਲੋਂ ਆਪਨਾ ਪੂਰਾ ਮਾਨ ਸਨਮਾਨ ਗੁਰੂਆਂ ਵਾਂਗ ਹੀ ਕਰਵਾਉਂਦੇ ਹਨ। ਸੰਤਾਂ ਦੀ ਮਸ਼ਹੂਰੀ ਲਈ ਉਹਨਾਂ ਨਾਲ ਕਰਾਮਾਤਾਂ ਜੋੜ ਕੇ ਉਹਨਾਂ ਨੂੰ ਕਿਸੇ ਗੁਰੂ ਦਾ ਸਰੂਪ ਕਰਕੇ ਪ੍ਰਚਾਰਿਆ ਜਾਂਦਾ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਆਪਨੇ ਆਪ ਨੂੰ ਧਰਮੀ ਕਹਾਉਣ ਵਾਲੇ ਇਹ ਪੁਰਸ਼ ਬੇਸ਼ੱਕ ਆਪਨੇ ਆਪ ਨੂੰ ਸਿਆਸਤ ਤੋਂ ਦੂਰ ਦਸਦੇ ਹਨ ਪਰ ਸਿਆਸਤਦਾਨਾਂ ਨਾਲ ਇਹਨਾਂ ਦਾ ਘਿਉ ਖਿਚੜੀ ਹੋਣਾ ਆਮ ਗੱਲ ਹੈ। ਬਹੁਤੇ ਸੰਤ ਅਜਿਹੇ ਵੀ ਹਨ ਜਿਹਨਾਂ ਨੇ ਬਾਣਾ ਵੀ ਆਪਨੀ ਮਰਜ਼ੀ ਦਾ (ਭਾਵ ਅੰਮ੍ਰਿਤ ਨਹੀਂ ਛਕਿਆ) ਪਾਇਆ ਹੁੰਦਾ ਹੈ ਪਰ ਉਹ ਗੁਰੂਆਂ ਦੇ ਜੀਵਨ ਅਤੇ ਅੰਮ੍ਰਿਤ ਉੱਤੇ ਵਖਿਆਨ ਦੇ ਕੇ ਸੰਗਤਾਂ ਨਾਲ ਧੋਖਾ ਕਰਦੇ ਹਨ।

ਇਸ ਤੋਂ ਵੀ ਦੁੱਖ ਦੀ ਗੱਲ ਤਾਂ ਇਹ ਹੈ ਕਿ ਆਪਨੇ ਆਪ ਨੂੰ ਸਿੱਖ ਬੁੱਧੀਜੀਵੀ ਕਹਾਉਣ ਵਾਲੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਅੰਮ੍ਰਿਤ ਵੇਲਾ, ਨਿਤਨੇਮ, ਸਾਧਸੰਗਤਿ ਅਤੇ ਇੱਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਨਿਕਤਾ ਅੱਗੇ ਵੀ ਪ੍ਰਸ਼ਨ ਚਿੰਨ੍ਹ ਲਾ ਰਹੇ ਹਨ। ਇਹ ਵਿਦਵਾਨ ਨੌਜਵਾਨ ਪੀੜ੍ਹੀ ਦੇ ਮਨ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰਕੇ ਉਹਨਾਂ ਨੂੰ ਧਰਮ ਤੋਂ ਦੂਰ ਕਰਨ ਦਾ ਕਾਰਨ ਬਣਦੇ ਹਨ। ਯਾਦ ਰੱਖਣ ਵਾਲੀ ਗੱਲ ਹੈ ਕਿ ਵਿਸ਼ਵਾਸ, ਗਿਆਨ ਅਤੇ ਸ਼ਰਧਾ ਕਿਸੇ ਵੀ ਧਰਮ ਦੇ ਅਨਿੱਖੜਵੇਂ ਅੰਗ ਹੁੰਦੇ ਹਨ। ਜੇਕਰ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਤੋਂ ਹੀ ਸਿੱਖ ਨੌਜਵਾਨਾਂ ਨੂੰ ਅਸ਼ਰਧਕ ਕਰ ਦਿੱਤਾ ਜਾਵੇਗਾ ਤਾਂ ਉਹ ਧਰਮੀ ਜੀਵਨ ਕਿਸ ਤਰ੍ਹਾਂ ਜੀਅ ਸਕਣਗੇ, ਵਿਚਾਰਣਯੋਗ ਗੱਲ ਹੈ। ਅਸਲ ਵਿਚ ਸਾਡੇ ਬੋਲ ਤੇ ਸਾਡੇ ਕਰਮਾਂ ਵਿਚ ਇਕਸਾਰਤਾ ਨਹੀਂ ਰਹੀ। ਅਸੀਂ ਵਿਖਾਵੇ ਦਾ ਜੀਵਨ (ਖੋਤੇ ਉੱਤੇ ਸ਼ੇਰ ਦੀ ਖੱਲ ਪਾ ਕੇ), ਵਿਚਰ ਰਹੇ ਹਾਂ ਤੇ ਰੋਲ ਮਾਡਲ ਬਣਨ ਦੀਆਂ ਗੱਲਾਂ ਕਰ ਰਹੇ ਹਾਂ। ਅਸੀਂ ਆਪਨੀ ਪੀੜ੍ਹੀ ਨੂੰ ਖ਼ਾਲਸੇ ਦੀ ਸਿਰਜਣਾ ਦੀ ਸਿਧਾਂਤਕ ਜਾਣਕਾਰੀ ਇਸ ਕਰਕੇ ਨਹੀਂ ਦੇ ਸਕੇ ਕਿ ਸਾਡੇ ਆਪਨੇ ਸਿਧਾਂਤਕ ਜੀਵਨ ਤੇ ਰੋਜ਼ਾਨਾ ਵਿਹਾਰ ਵਿਚ ਤਰੇੜਾਂ ਆ ਚੁੱਕੀਆਂ ਹਨ। ਜਿਸ ਤਰ੍ਹਾਂ ਟੁੱਟੇ ਹੋਏ ਸ਼ੀਸ਼ੇ ਵਿਚੋਂ ਆਪਨਾ ਅਕਸ ਵੇਖਣਾ ਵੀ ਮੁਸ਼ਕਲ ਹੁੰਦਾ ਹੈ ਠੀਕ ਇਸ ਤਰ੍ਹਾਂ ਹੀ ਸਾਡੇ ਕਿਰਦਾਰ ਵਿਚ ਆਈਆਂ ਤਰੇੜਾਂ ਸਾਡੇ ਨੌਜਵਾਨਾਂ ਨੂੰ ਧਰਮ ਦਾ ਅਕਸ ਦੇਖਣ ਵਿਚ ਮੁਸ਼ਕਲ ਪੇਸ਼ ਕਰਨਗੀਆਂ। ‘ਗ੍ਰੀਥ’ ਨੇ ਕਿਆ ਖ਼ੂਬ ਲਿਖਿਆ ਹੈ ਕਿ ਕਿਸੇ ਕੌਮ ਦੀ ਕਿਸੇ ਵੇਲੇ ਦੀ ਕਿਸਮਤ ਦਾ ਨਿਰਭਰ ਉਸ ਕੌਮ ਦੇ 25 ਸਾਲਾਂ ਤੋਂ ਛੋਟੇ ਨੌਜਵਾਨਾਂ ਦੀਆਂ ਰਾਵਾਂ ਉੱਪਰ ਹੁੰਦਾ ਹੈ। ਕਹਿੰਦੇ ਹਨ ਕਿ ਜਵਾਨੀ ਮਸਤਾਨੀ, ਸੁਪਨਿਆਂ ਤੇ ਉਮੰਗਾਂ ਦਾ ਸਮਾਂ ਹੁੰਦੀ ਹੈ। ਸਭ ਸੰਭਾਵਨਾਵਾਂ ਇਸ ਦੇ ਹੱਥਾਂ ਵਿਚ ਹੁੰਦੀਆਂ ਹਨ। ਕੋਈ ਖ਼ਤਰਾ ਇਸ ਦੇ ਰਸਤੇ ਨੂੰ ਰੋਕ ਨਹੀਂ ਸਕਦਾ, ਕੋਈ ਵੈਰੀ ਇਸ ਅੱਗੇ ਅੜ ਨਹੀਂ ਸਕਦਾ। ਆਪਨੇ ਵਿਸ਼ਵਾਸ ਦੀ ਸੁੰਦਰ ਦਲੇਰੀ ਦੇ ਆਸਰੇ ਇਹ ਪਰਬਤ ਪਹਾੜੀਆਂ ਨੂੰ ਵੀ ਹਿਲਾ ਕੇ ਰੱਖ ਸਕਦੀ ਹੈ।

ਸਿੱਖ ਜਗਤ ਵਿਚ ਅੱਜ ਕਲ੍ਹ ਚਿੰਤਾ ਤੇ ਘਬਰਾਹਟ ਵੀ ਇਸ ਕਰਕੇ ਹੀ ਹੋ ਰਹੀ ਹੈ ਕਿ ਸਿੱਖ ਜਵਾਨੀ ਅੱਜ ਇਸ ਦੇ ਕਹਿਣੇ ਵਿਚ ਨਹੀਂ ਤੇ ਗੁਰੂ ਤੋਂ ਵੀ ਦੂਰ ਜਾ ਰਹੀ ਹੈ। ਤੇਜ਼ੀ ਨਾਲ ਸਿੱਖ ਨੌਜਵਾਨ ਪਤਿਤ ਹੋ ਰਹੇ ਹਨ।

ਸੋਹਣੀਆਂ ਦਾੜ੍ਹੀਆਂ, ਕੇਸ ਤੇ ਸਿਰ ਦਾ ਤਾਜ ਦਸਤਾਰ ਅੱਜ ਤੇਜ਼ੀ ਨਾਲ ਅਲੋਪ ਹੋ ਰਹੀ ਹੈ।

ਅਜੋਕੇ ਨੌਜਵਾਨ ਨੇ ਸਿੱਖ ਸਿਧਾਂਤਾਂ, ਗੁਰਬਾਣੀ, ਗੌਰਵਮਈ ਵਿਰਸੇ ਤੋਂ ਦੂਰ ਜਾ ਕੇ ਪਤਿਤ ਹੋ, ਨਸ਼ੇ ਕਰਨ ਤੇ ਬਿਪਰਵਾਦੀ ਰੀਤੀਆਂ ਵਿਚ ਗ਼ਲਤਾਨ ਹੋਣ ਕਰਕੇ ਆਪਣੀ ਪ੍ਰਤੀਤ ਗਵਾ ਲਈ ਹੈ। ਅੱਜ ਸਭ ਤੋਂ ਵੱਡੀ ਲੋੜ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਦੀ ਹੈ। ਜੇਕਰ ਕੌਮ ਦੀ ਇਹ ਨਵੀਂ ਪਨੀਰੀ ਅਣਦੇਖੀ ਹੀ ਰਹੀ ਤਾਂ ਫਿਰ ਕੌਮ ਦਾ ਆਉਣ ਵਾਲਾ ਭਵਿੱਖ ਧੁੰਧਲਾ ਹੀ ਰਹੇਗਾ। ਸਵਾਲ ਇਹ ਹੈ ਕਿ ਆਪਣੀ ਜਵਾਨੀ ਨੂੰ ਸੰਭਾਲਣ ਲਈ ਅਸੀਂ ਕੀ ਕਰੀਏ, ਇਸ ਸੰਬੰਧੀ ਸਾਨੂੰ ਸੁਹਿਰਦ ਯਤਨ ਕਰਨ ਦੀ ਲੋੜ ਹੈ। ਇਸ ਸੰਬੰਧੀ ਕੁਝ ਕੁ ਸੁਝਾਅ, ਅੱਜ ਦੀ ਨੌਜਵਾਨ ਪੀੜ੍ਹੀ ਲਈ ਕੁਝ ਕਰਨ ਵਾਲੇ ਕੰਮ ਜੋ ਸਾਡੀ ਸਮਝ ਵਿਚ ਆਏ ਹਨ, ਆਪ ਜੀ ਨਾਲ ਸਾਂਝੇ ਕਰਨਾ ਜ਼ਰੂਰੀ ਸਮਝਦੇ ਹਾਂ। ਅੱਜ ਨੌਜਵਾਨ ਜੋ ਕੁਝ ਵੀ ਸਿੱਖਦਾ ਜਾਂ ਪ੍ਰਾਪਤ ਕਰਦਾ ਹੈ, ਉਹ ਵਿਦਿਆਰਥੀ ਜੀਵਨ ਵਿਚ ਹੀ ਕਰਦਾ ਹੈ। ਇਸ ਵਾਸਤੇ ਵਿਦਿਆਰਥੀ ਜੀਵਨ ਵਿਚ ਨੌਜਵਾਨ ਦੀ ਸੰਭਾਲ ਬਹੁਤ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਵਿਦਿਆਰਥੀਆਂ ਦੇ ਦਿਲਾਂ ਵਿਚ ਆਪਣੇ ਗੁਰੂ ਸਾਹਿਬਾਨ ਦੁਆਰਾ ਦਿੱਤੇ ਗਏ ਉਪਦੇਸ਼ਾਂ ਦੀ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ। ਗੁਰੂਆਂ ਪ੍ਰਤੀ ਪਿਆਰ ਅਤੇ ਸ਼ਰਧਾ ਤੋਂ ਬਿਨਾਂ ਸਿੱਖੀ ਨਾਲ ਪਿਆਰ ਨਹੀਂ ਬਣ ਸਕਦਾ। ਇਹ ਦੱਸਣ ਦੀ ਲੋੜ ਹੈ ਕਿ ਗੁਰੂ ਕੇਵਲ ਆਮ ਮਨੁੱਖ ਹੀ ਨਹੀਂ ਸਗੋਂ ਗੁਰੂ ਤਾਂ ਅਧਿਆਤਮਕ ਜੀਵਨ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਗਿਆਨ ਦਾ ਚਾਨਣ ਬਖਸ਼ਦਾ ਹੈ। ਗੁਰੂ ਦੀ ਹਸਤੀ ਆਮ ਮਨੁੱਖ ਦੀ ਹਸਤੀ ਤੋਂ ਉੱਪਰ ਹੈ। ਇਸ ਸੰਬੰਧੀ ਗੁਰੂਆਂ ਦੁਆਰਾ ਕੀਤੇ ਕਾਰਨਾਮਿਆਂ ਨੂੰ ਵਿਦਿਆਰਥੀਆਂ ਤੱਕ ਪਹੁੰਚਾਣ ਲਈ ਸਕੂਲਾਂ ਕਾਲਜਾਂ ਵਿਚ ਸੈਮੀਨਾਰ, ਸਲਾਈਡ ਸ਼ੋਅ ਜਾਂ ਗਰੁੱਪ ਚਰਚਾ ਕਰਨੀ ਜ਼ਰੂਰੀ ਹੈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਹੁਣ ਸਾਡੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਉਹਨਾਂ ਪ੍ਰਤੀ ਅਸਲੀ ਸ਼ਰਧਾ ਗੁਰੂ ਜੀ ਦੇ ਉਪਦੇਸ਼ਾਂ ਨੂੰ ਮੰਨ ਕੇ ਆਪਣੇ ਉੱਚੇ ਸੁੱਚੇ ਜੀਵਨ ਦੀ ਘਾੜਤ ਘੜਨਾ ਹੈ।

ਵਿਦਿਆਰਥੀ ਜੀਵਨ ਵਿਚ ਵਿਦਿਆਰਥੀਆਂ ਨੂੰ ਆਪਣੀ ਵੱਖਰੀ, ਨਿਆਰੀ ਤੇ ਨਿਵੇਕਲੀ ਹਸਤੀ ਅਤੇ ਵੱਖਰੀ ਕੌਮ ਦਾ ਅਹਿਸਾਸ ਜਗਾਉਣਾ ਅਤਿ ਜ਼ਰੂਰੀ ਹੈ। ਕੇਸਾਂ ਦੀ ਸੰਭਾਲ, ਕੇਸ ਕਿਉਂ ਜ਼ਰੂਰੀ ਹਨ, ਰਹਿਤ ਕਿਉਂ ਰੱਖੀ ਜਾਂਦੀ ਹੈ, ਇਹ ਕਿਉਂ ਜ਼ਰੂਰੀ ਹੈ, ਇਸ ਸੰਬੰਧੀ ਵਿਸ਼ੇਸ਼ ਜਾਣਕਾਰੀ ਦੇਣੀ ਪਵੇਗੀ। ਨਹੀਂ ਤਾਂ ਬਹੁਗਿਣਤੀ ਦੇ ਪ੍ਰਭਾਵ ਹੇਠ ਸਿੱਖੀ ਸਰੂਪ ਦੇ ਘੱਟ-ਗਿਣਤੀ ਦੇ ਵਿਦਿਆਰਥੀ, ਹੀਨ-ਭਾਵਨਾ ਦਾ ਸ਼ਿਕਾਰ ਹੋ ਕੇ ਆਪਣੇ ਸਰੂਪ ਨੂੰ ਤਿਲਾਂਜਲੀ ਦੇ ਜਾਣਗੇ ਜਿਸ ਤਰ੍ਹਾਂ ਕਿ ਬਹੁਤੀਆਂ ਥਾਵਾਂ 'ਤੇ ਇਹ ਕੁਝ ਵਾਪਰ ਰਿਹਾ ਹੈ। ਅੱਜ ਪਤਿਤਪੁਣੇ ਦਾ ਮੁੱਖ ਕਾਰਨ ਵੀ ਇਹ ਹੈ ਕਿ ਅਸੀਂ ਆਪਣੇ ਵਾਰਸਾਂ ਨੂੰ ਸਿੱਖੀ ਸਰੂਪ, ਕਕਾਰ ਅਤੇ ਸਿੱਖ ਰਹਿਤ ਬਾਰੇ ਜਾਣਕਾਰੀ ਨਹੀਂ ਦੇ ਸਕੇ। ਯਾਦ ਰਹੇ ਕਿ ਜੇਕਰ ਇਸਾਈ ਪ੍ਰਭਾਵ ਹੇਠ ਪਲਿਆ ਹੋਇਆ 'ਦਲੀਪ ਸਿੰਘ' ਆਪਣੀ ਮਾਂ 'ਰਾਣੀ ਜਿੰਦ ਕੌਰ' ਦੇ ਸਮਝਾਉਣ ਨਾਲ ਸਿੱਖ ਸਜ ਸਕਦਾ ਹੈ ਤਾਂ ਸਾਨੂੰ ਉਮੀਦ ਰੱਖਣੀ ਚਾਹੀਦੀ ਹੈ ਕਿ ਵਿਦਿਆਰਥੀਆਂ ਨਾਲ ਮੇਲ-ਜੋਲ ਰੱਖ ਕੇ ਅਸੀਂ ਵੀ ਉਹਨਾਂ ਨੂੰ ਪਤਿਤ ਹੋਣ ਤੋਂ ਬਚਾ ਸਕਦੇ ਹਾਂ। ਇਸ ਕਾਰਜ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਨਾਲ ਸੰਬੰਧਤ ਜਾਣਕਾਰੀ ਦੇਣ ਲਈ ਸਕੂਲਾਂ ਕਾਲਜਾਂ ਵਿਚ ਲੈਕਚਰ, ਸੈਮੀਨਾਰਾਂ ਜਾਂ ਵਕਤ ਦੇ ਹਾਣੀ ਬਣਦਿਆਂ ਸਲਾਈਡ ਸ਼ੋਅ ਦਾ ਪ੍ਰਬੰਧ ਕਰੀਏ।

ਅੱਜ ਕੱਲ੍ਹ ਬਹੁਤੇ ਵਿਦਿਆਰਥੀਆਂ ਦਾ ਅੰਗ੍ਰੇਜ਼ੀ ਮਾਧਿਅਮ ਹੋਣ ਕਰਕੇ ਉਹਨਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਚੰਗੀ ਤਰ੍ਹਾਂ ਪੜ੍ਹਨੀ ਲਿਖਣੀ ਨਹੀਂ ਆਉਂਦੀ। ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਰੂਪ ਗੁਰਮੁਖੀ (ਪੰਜਾਬੀ) ਹੋਣ ਕਰਕੇ ਵਿਦਿਆਰਥੀਆਂ ਨੂੰ ਪੰਜਾਬੀ ਚੰਗੀ ਤਰ੍ਹਾਂ ਪੜ੍ਹਨੀ ਆਵੇ। ਇਸ ਕੰਮ ਲਈ ਵਿਦਿਆਰਥੀਆਂ ਅੰਦਰ ਪੰਜਾਬੀ ਸਿੱਖਣ, ਪੜ੍ਹਨ ਤੇ ਲਿਖਣ ਦਾ ਸ਼ੌਕ ਤੇ ਚਾਅ ਪੈਦਾ ਕਰਨਾ ਅਤਿਅੰਤ ਜ਼ਰੂਰੀ ਹੈ। ਬਹੁਗਿਣਤੀ ਦੇ ਪ੍ਰਭਾਵ ਹੇਠ ਅੱਜ ਦੀ ਇਹ ਨੌਜਵਾਨ ਪੀੜ੍ਹੀ ਆਪਣੀ ਮਾਂ ਬੋਲੀ ਨੂੰ ਗਵਾਰਾਂ ਦੀ ਬੋਲੀ ਸਮਝ, ਤਿਆਗੀ ਬੈਠੀ ਹੈ। ਆਪਣੀ ਮਾਤ ਬੋਲੀ ਲਈ ਨੌਜਵਾਨਾਂ ਅੰਦਰ ਪਿਆਰ ਪੈਦਾ ਕਰਨ ਲਈ, ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਵਿਸ਼ਾਲ ਜਾਣਕਾਰੀ ਦੇ ਕੇ ਸਮਝਾਇਆ ਜਾਏ ਕਿ ਪੰਜਾਬੀ ਇਕ ਸਮਰੱਥ ਭਾਸ਼ਾ ਹੈ। ਮਤਰੇਈ ਦੀ ਗੋਦ ਵਿਚ ਬੈਠਣ ਦੀ ਥਾਂ ਅਸਲੀ ਜਨਮਦਾਤੀ ਨਾਲ ਜੁੜੇ ਰਹਿਣ ਦੇ ਵਿਸ਼ਵਾਸ ਦੀ ਅਤਿਅੰਤ ਜ਼ਰੂਰਤ ਹੈ। ਪਿਛਲੇ ਕੁਝ ਸਮੇਂ ਤੋਂ ਕੰਪਿਊਟਰ ਨੇ ਨੌਜਵਾਨ ਪੀੜ੍ਹੀ ਦਾ ਦਿਲ ਜਿੱਤਿਆ ਹੋਇਆ ਹੈ। ਇਹ ਗੱਲ ਯਕੀਨੀ ਬਣਾਈ ਜਾਵੇ ਕਿ ਕੰਪਿਊਟਰ ਵਰਗੇ ਵਿਸ਼ੇ ਦੀ ਮੁੱਢਲੀ ਜਾਣ-ਪਛਾਣ ਪੰਜਾਬੀ ਭਾਸ਼ਾ ਵਿਚ ਹੋ ਸਕੇ ਤਾਂ ਕਿ ਇਹ ਵਰਗ ਆਪਣੇ ਵਿਰਸੇ ਨਾਲ ਜੁੜਿਆ ਰਹੇ।

ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਸਿੱਖਿਆ ਬੋਰਡ ਤੇ ਯੂਨੀਵਰਸਿਟੀਆਂ ਵਿਚ ਸਿੱਖ ਫ਼ਿਲਾਸਫ਼ੀ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਗੁਰਬਾਣੀ ਵਰਗੇ ਬਹੁਮੁੱਲੇ ਖ਼ਜ਼ਾਨੇ ਨੂੰ ਜਾਂ ਤਾਂ ਅੱਖੋਂ ਪਰੋਖੇ ਕੀਤਾ ਗਿਆ ਹੈ ਜਾਂ ਫਿਰ ਤਰੋੜ-ਮਰੋੜ ਕੇ ਲਿਖਿਆ ਗਿਆ ਹੈ। ਇਸ ਨਾਲ ਨੌਜਵਾਨ ਵਰਗ ਆਪਣੇ ਵਿਰਸੇ ਤੋਂ ਨਾਵਾਕਿਫ਼ ਰਹਿੰਦਾ ਹੈ ਤੇ ਜਾਂ ਫਿਰ ਦੂਜਿਆਂ ਦੇ ਇਤਿਹਾਸ ਜਾਂ ਮਿਥਿਹਾਸ ਨਾਲ ਜੁੜ ਜਾਂਦਾ ਹੈ। ਇਸ ਲਈ ਜ਼ਰੂਰਤ ਹੈ ਕਿ ਸਿੱਖ ਧਰਮ ਦੇ ਵਿਦਵਾਨਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਜਾਵੇ ਤੇ ਸਿੱਖ ਧਰਮ ਸੰਬੰਧੀ ਪ੍ਰਵਾਣਿਤ ਸਿਲੇਬਸ ਇਹਨਾਂ ਸਿੱਖਿਆ ਬੋਰਡਾਂ ਅਤੇ ਯੂਨੀਵਰਸਿਟੀਆਂ ਵਿਚ ਲਾਗੂ ਕਰਵਾਇਆ ਜਾਵੇ।

ਅੱਜ ਦੇ ਯੁੱਗ ਨੂੰ ਮੀਡੀਆ ਯੁੱਗ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਟੀ.ਵੀ., ਅਖ਼ਬਾਰਾਂ, ਰਸਾਲੇ ਅਤੇ ਹੋਰ ਮੀਡੀਆ ਸਾਧਨਾਂ ਦਾ ਪ੍ਰਭਾਵ ਹਰ ਵਿਅਕਤੀ ਕਬੂਲਦਾ ਹੈ। ਇਹ ਵੀ ਗੱਲ ਮੰਨੀ ਜਾਂਦੀ ਹੈ ਕਿ ਕੇਵਲ ਸੁਣਨ ਨਾਲ ਕਿਸੇ ਵੀ ਗੱਲ ਦਾ ਅਸਰ 30% ਤੱਕ ਹੁੰਦਾ ਹੈ ਪਰ ਜੇਕਰ ਉਹ ਹੀ ਗੱਲ ਅੱਖਾਂ ਨਾਲ ਦੇਖੀ ਜਾਏ ਤੇ ਕੰਨਾਂ ਨਾਲ ਸੁਣੀ ਜਾਵੇ ਤਾਂ ਉਸ ਦਾ ਅਸਰ 80% ਤੱਕ ਹੁੰਦਾ ਹੈ। ਅੱਜ ਮੀਡੀਏ ਨੇ ਆਪਣੀ ਅਸ਼ਲੀਲ ਤੇ ਲੱਚਰ ਭਰਪੂਰ ਪੇਸ਼ਕਾਰੀ ਰਾਹੀਂ ਨੌਜਵਾਨ ਬੱਚੇ-ਬੱਚੀਆਂ ਨੂੰ ਇਖਲਾਕ ਦੇ ਪੱਖ ਤੋਂ ਕਮਜ਼ੋਰ ਕਰ ਦਿੱਤਾ ਹੈ। ਇਹਨਾਂ ਹੀ ਸਾਧਨਾਂ ਨੇ ਸਿੱਖ ਧਰਮ ਤੇ ਸਿੱਖ ਜੀਵਨ ਜਾਚ ਦੇ ਵੱਖ-ਵੱਖ ਪਹਿਲੂਆਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਜਿਸ ਨਾਲ ਸਿੱਖ ਮਾਨਸਿਕਤਾ ਨੇ ਆਪਣੇ ਅੰਦਰ ਹੀਨ-ਭਾਵਨਾ ਨੂੰ ਜਨਮ ਦਿੱਤਾ ਹੈ। ਹੁਣ ਬੱਚੇ-ਬੱਚੀਆਂ ਨੂੰ ਇਹ ਗੱਲ ਦੱਸਣੀ ਪਵੇਗੀ ਕਿ ਜੇਕਰ ਦੌਲਤ ਚਲੀ ਜਾਵੇ ਤਾਂ ਸਮਝਣਾ ਚਾਹੀਦਾ ਹੈ ਕਿ ਕੋਈ ਨੁਕਸਾਨ ਨਹੀਂ ਹੋਇਆ। ਜੇਕਰ ਸਿਹਤ ਵਿਗੜ ਜਾਏ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕੁਝ ਨੁਕਸਾਨ ਜ਼ਰੂਰ ਹੋਇਆ ਹੈ, ਪਰ ਜੇਕਰ ਆਚਰਨ ਭਾਵ ਇਖਲਾਕ ਦਾ ਦੀਵਾਲਾ ਹੀ ਨਿਕਲ ਜਾਏ ਤਾਂ ਫਿਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕੁਝ ਵੀ ਬਾਕੀ ਨਹੀਂ ਬਚਿਆ, ਸਭ ਕੁਝ ਹੀ ਬਰਬਾਦ ਹੋ ਗਿਆ ਹੈ। (If wealth is lost, nothing is lost. If health is lost, something is lost. But if character is lost everything is lost.) ਗੁਰਬਾਣੀ ਦਾ ਇਹ ਤੱਤ ਸਾਰ ਸਮਝਾਉਣਾ ਪਵੇਗਾ ਕਿ "**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥**" ਇੱਥੇ ਹੀ ਬੱਸ ਨਹੀਂ ਸਿੱਖ ਸਾਹਿੱਤ ਜਾਂ ਸਿੱਖ ਵਿਰਾਸਤ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਲਿਖਣ ਵਾਲੀਆਂ ਸ਼ਕਤੀਆਂ ਦੀ ਪਹਿਚਾਣ ਕਰਕੇ ਉਸਦਾ ਨੋਟਿਸ ਲੈਣਾ ਅਤਿ ਜ਼ਰੂਰੀ ਹੈ। ਇਹਨਾਂ ਸ਼ਕਤੀਆਂ ਨੂੰ

ਢੁਕਵੇਂ ਉੱਤਰ ਦੇਣੇ, ਉੱਚ-ਪਾਏ ਦੀਆਂ ਟਿੱਪਣੀਆਂ ਕਰਨੀਆਂ, ਅਖਬਾਰਾਂ ਦੇ ਸੰਪਾਦਕਾਂ ਨਾਲ ਮੇਲ-ਜੋਲ ਰੱਖਣ ਦੀ ਵੇਲੇ ਦੀ ਪ੍ਰਮੁੱਖ ਲੋੜ ਹੈ ਤਾਂਕਿ ਆਪਣੇ ਭਵਿੱਖ ਦੇ ਵਾਰਸਾਂ ਨੂੰ ਗੁੰਮਰਾਹ ਹੋਣ ਤੋਂ ਬਚਾਇਆ ਜਾ ਸਕੇ।

ਵਿਦਿਆਰਥੀ ਵਰਗ ਵਿਚ ਅੱਜ ਨਸ਼ਿਆਂ ਦਾ ਬੋਲਬਾਲਾ ਹੈ। ਇਕ ਸਰਵੇਖਣ ਮੁਤਾਬਿਕ 80% ਵਿਦਿਆਰਥੀ ਵਰਗ ਇਸ ਬਿਮਾਰੀ ਦਾ ਸ਼ਿਕਾਰ ਹੋਇਆ ਪਿਆ ਹੈ। ਅੱਜ ਪੰਜਾਬੀ, ਆਪਣੀ ਸਿਹਤ 'ਤੇ ਮਾਣ ਰੱਖਣ ਵਾਲੇ, ਆਪਣੀ ਸਿਹਤ ਦਾ ਜਨਾਜ਼ਾ ਨਿਕਲਦਾ ਆਪ ਹੀ ਦੇਖ ਰਹੇ ਹਨ। ਵਿਦਿਆਰਥੀ ਵਰਗ ਨੂੰ ਨਸ਼ਿਆਂ ਦੀ ਲਾਹਨਤ ਤੋਂ ਛੁਟਕਾਰਾ ਦਿਵਾਉਣ ਲਈ ਧਰਮ ਦੇ ਸਿਧਾਂਤਾਂ ਤੇ ਸਭਿਆਚਾਰ ਦੀਆਂ ਮਹਾਨ ਕਦਰਾਂ ਕੀਮਤਾਂ ਦਾ ਪਰਚਾਰ ਕਰਕੇ ਉਹਨਾਂ ਨੂੰ ਜੀਵਨ ਦੇ ਸਹੀ ਮਾਰਗ 'ਤੇ ਤੋਰਨਾ ਅਤੀ ਜ਼ਰੂਰੀ ਹੈ। ਜੇਕਰ ਸਮੇਂ ਸਿਰ ਇਸ ਬੀਮਾਰੀ ਦਾ ਇਲਾਜ ਨਾ ਕੀਤਾ ਗਿਆ ਤਾਂ ਫਿਰ ਇਸ ਗੁਰੂ ਪੀਰਾਂ ਦੀ ਧਰਤੀ 'ਤੇ ਕੰਗਾਲੀ, ਲੁੱਟ-ਖਸੁੱਟ ਤੋਂ ਬਿਨਾਂ ਹੋਰ ਕੁਝ ਬਾਕੀ ਬਚਣ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਜ਼ਰੂਰੀ ਹੈ ਖ਼ਾਲਸਾਈ ਰੋਲ ਮਾਡਲਾਂ ਬਾਰੇ ਜਾਣਕਾਰੀ ਪ੍ਰਦਾਨ ਕਰਾਉਣਾ ਤੇ ਗੋਸ਼ਟੀਆਂ ਰਾਹੀਂ ਸਿੱਖ ਕੌਮ ਨੂੰ ਚੰਬੜ ਰਹੀਆਂ ਬਿਮਾਰੀਆਂ ਬਾਰੇ ਦੱਸਣਾ ਤਾਂਕਿ ਨੌਜਵਾਨਾਂ ਦਾ ਭਵਿੱਖ ਬਰਬਾਦ ਨਾ ਹੋਵੇ।

ਸਿੱਖ ਧਰਮ ਮੀਰੀ ਅਤੇ ਪੀਰੀ ਦਾ ਸੰਕਲਪ ਪ੍ਰਦਾਨ ਕਰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਵੇ ਜਿਸ ਵਿਚ ਸਿੱਖ ਵਾਰਸ ਸੰਤ ਵੀ ਹੋਵੇ ਤੇ ਸਿਪਾਹੀ ਵੀ, ਗ੍ਰਹਿਸਤੀ ਵੀ ਹੋਵੇ ਤੇ ਤਿਆਗੀ ਵੀ। ਦੁੱਖ ਜਿਸਦਾ ਦਾਰੂ ਹੋਵੇ। ਜਿਸ ਦੀ ਦਿਖ ਪ੍ਰਮਾਤਮ ਦੀ ਮੌਜ ਤੋਂ ਉਪਜੇ ਅਕਾਲ ਪੁਰਖ ਦੀ ਫ਼ੌਜ ਦੇ ਸਿਪਾਹੀ ਵਰਗੀ ਹੋਵੇ। ਇਸ ਲਈ ਜ਼ਰੂਰੀ ਹੈ ਕਿ ਇਸ ਦੀ ਸੋਚ ਅਕਾਲ ਪੁਰਖੀ ਹੋਵੇ ਤੇ ਇਸ ਅਕਾਲ ਪੁਰਖੀ ਫ਼ੌਜ ਦੇ ਮੈਂਬਰ ਹੋਣ 'ਤੇ ਹਰ ਕੋਈ ਫ਼ਖ਼ਰ ਮਹਿਸੂਸ ਕਰੇ। ਹਾਂ ਇਕ ਗੱਲ ਕਹਿਣ ਤੋਂ ਮੈਂ ਸੰਕੋਚ ਨਹੀਂ ਕਰਦਾ ਕਿ ਅਜੋਕੀ ਲੀਡਰਸ਼ਿਪ ਆਪਣੇ ਨਿਜੀ ਹਿਤਾਂ, ਸੁਆਰਥਾਂ ਨੂੰ ਮੁੱਖ ਰੱਖ ਕੇ ਮਹਾਨ ਇਨਕਲਾਬੀ ਸਿੱਖ ਵਿਚਾਰਧਾਰਾ, ਸਿੱਖ ਕਿਰਦਾਰ ਅਤੇ ਸਿੱਖੀ ਵਿਰਾਸਤ ਤੋਂ ਕੋਹਾਂ ਮੀਲ ਦੂਰ ਜਾ ਚੁੱਕੀ ਹੈ। ਹੋ ਸਕਦਾ ਹੈ ਇਹ ਉਪਰੋਂ ਸਰੂਪ ਪੱਖੋਂ ਤਾਂ ਲਿਸ਼ਕਵੇਂ ਹੋਣ ਪਰ ਅੰਦਰੋਂ ਖਾਲੀ ਹਨ। **'ਮੈਂ ਮਰਾਂ ਪੰਥ ਜੀਵੇ'** ਵਾਲੀ ਦ੍ਰਿੜ੍ਹਤਾ ਅੱਜ ਇਹਨਾਂ ਵਿਚ ਨਜ਼ਰ ਨਹੀਂ ਆਉਂਦੀ ਕਿਉਂਕਿ ਅੰਦਰ ਸੱਚ ਦੀ ਅਣਹੋਂਦ ਹੈ। ਬਿਨਾਂ ਅੰਦਰਲੇ ਸੱਚ ਦੇ ਬਾਹਰੋਂ ਸੱਚ ਕਹਿਣਾ ਅਤਿਅੰਤ ਔਖਾ ਹੈ। ਗੱਲਾਂ ਨਾਲ ਸਿੱਖੀ ਨਹੀਂ ਕਮਾਈ ਜਾ ਸਕਦੀ। ਬਿਨਾਂ ਕੁਰਬਾਨੀ ਅਤੇ ਤਿਆਗ ਦੇ ਅਜਿਹੇ ਲੋਕਾਂ ਤੋਂ ਪਿੱਛਾ ਛੁਡਾਉਣਾ ਅਸੰਭਵ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ ਸਿੱਖ ਕਿਰਦਾਰ ਤੇ ਸਿਖੀ ਵਿਰਾਸਤ ਦੀ ਸਹੀ ਵਾਰਸ ਬਣੇ, ਤਾਂ ਉਹਨਾਂ ਨੂੰ ਅੰਦਰੋਂ ਤੇ ਬਾਹਰੋਂ ਇਕ ਬਣ ਕੇ ਦਿਖਾਉਣਾ ਪਵੇਗਾ। ਬੇਸ਼ੱਕ ਇਹ ਰਸਤਾ ਔਖਾ ਹੈ, ਇਸ ਰਸਤੇ 'ਤੇ ਲਾਲਚ, ਹਉਮੈ ਤੇ ਸੁਆਰਥ ਨੂੰ ਤਿਆਗਣਾ ਪੈਂਦਾ ਹੈ। ਇਹ ਰਸਤਾ ਵਾਲ ਨਾਲੋਂ ਬਰੀਕ ਅਤੇ ਖੰਡੇ ਦੀ ਧਾਰ ਤੋਂ ਤਿੱਖਾ ਹੈ। ਗੁਰੂ ਅਮਰਦਾਸ ਜੀ ਦੇ ਬਚਨ ਹਨ :

**ਭਗਤਾ ਕੀ ਚਾਲ ਨਿਰਾਲੀ॥**
**ਚਾਲਾ ਨਿਰਾਲੀ ਭਗਤਾਹ ਕੇਰੀ**
**ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ**
**ਬਹੁਤੁ ਨਾਹੀ ਬੋਲਣਾ॥**
**ਖੰਨਿਅਹੁ ਤਿਖੀ ਵਾਲਹੁ ਨਿਕੀ**
**ਏਤੁ ਮਾਰਗਿ ਜਾਣਾ॥** *(੯੧੮)*

ਸਾਨੂੰ ਆਪਣੀ ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਨ ਕਰਨ ਲਈ ਗੁਰਸਿੱਖੀ ਜੀਵਨ ਕਮਾਉਣਾ ਪਵੇਗਾ। ਇਸ ਨਾਲ ਇਕ ਨਵਾਂ ਇਤਿਹਾਸ ਸਿਰਜਿਆ ਜਾਵੇਗਾ। ਜਾਤ ਪਾਤ ਦੇ ਬੰਧਨਾਂ ਨੂੰ ਤੋੜ, ਸੇਵਾ ਤੇ ਪੂਰਨ ਸਮਰਪਣ ਕਰ ਕੇ ਹੀ ਸਿੱਖੀ ਜੀਵਨ ਕਮਾਇਆ ਜਾ ਸਕਦਾ ਹੈ। ਸੁਆਰਥੀ, ਦੰਭੀ, ਕਪਟੀ ਅਤੇ ਬੇਈਮਾਨ ਲੋਕਾਂ ਤੋਂ ਸਿੱਖੀ ਨੂੰ ਬਚਾਉਣ ਲਈ ਹਮੇਸ਼ਾ ਸੰਘਰਸ਼ਸ਼ੀਲ ਹੋਣ ਦਾ ਵਿਚਾਰ ਅੰਦਰ ਪੱਕਾ ਕਰਨ ਦੀ ਲੋੜ ਹੈ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਸਾਡੇ ਅੰਦਰ ਗੁਰੂ ਦੀ ਯਾਦ ਹੋਵੇਗੀ, ਸਾਡਾ ਹਿਰਦਾ ਸ਼ੁੱਧ ਤੇ ਪ੍ਰੇਮ ਵਿਚ ਭਿੱਜਿਆ ਹੋਵੇਗਾ। ਅਸੀਂ ਜਿੱਥੇ ਵੀ ਜਾਈਏ, ਸਾਨੂੰ ਪਤਾ ਹੋਵੇ ਕਿ ਅਸੀਂ ਕਲਗੀਆਂ ਵਾਲੇ ਦੇ ਪ੍ਰਤੀਨਿਧ ਦੇ ਰੂਪ ਵਿਚ ਆਏ ਹਾਂ। ਸਾਡੇ ਹੱਥ ਵਿਚ ਪੰਥ ਦੀ ਚੜ੍ਹਦੀ ਕਲਾ ਦਾ ਝੰਡਾ ਹੈ। ਅਸੀਂ ਇਸ ਝੰਡੇ ਨੂੰ ਕਦੇ ਨੀਵਾਂ ਹੁੰਦਾ ਨਹੀਂ ਦੇਖ ਸਕਦੇ।

ਅੰਤ ਵਿਚ ਇਹ ਗੱਲ ਵੀ ਕਹਿਣੀ ਜ਼ਰੂਰੀ ਸਮਝਦਾ ਹਾਂ ਕਿ ਸਿੱਖੀ **'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥'** ਦੇ ਅਗੰਮੀ ਸਿਧਾਂਤ 'ਤੇ ਖੜ੍ਹੀ ਹੈ। ਨੌਜਵਾਨਾਂ ਨੂੰ ਇਹ ਗੱਲ ਦੱਸਣੀ ਅਤਿਅੰਤ ਜ਼ਰੂਰੀ ਹੈ ਕਿ ਸਿੱਖ ਕਿਸੇ ਵੀ ਧਰਮ ਵਿਚ ਦਖਲ-ਅੰਦਾਜ਼ੀ ਨਹੀਂ ਕਰਦਾ ਤੇ ਨਾ ਹੀ ਸਿੱਖ ਨੂੰ ਆਪਣੇ ਧਰਮ ਵਿਚ ਕਿਸੇ ਹੋਰ ਦੀ ਦਖਲ-ਅੰਦਾਜ਼ੀ ਪ੍ਰਵਾਨ ਹੈ। ਸਾਨੂੰ ਆਪਣੇ ਸਰੂਪ ਤੇ ਰਹਿਣੀ 'ਤੇ ਮਾਣ ਹੋਣਾ ਚਾਹੀਦਾ ਹੈ। ਅਸੀਂ ਹਮੇਸ਼ਾ ਦੋ ਸਮੇਂ ਅਰਦਾਸ ਰਾਹੀਂ ਸਰਬੱਤ ਦੇ ਭਲੇ ਦੀ ਮੰਗ ਕਰਦੇ ਹਾਂ ਪਰ ਸਰਬੱਤ ਦਾ ਭਲਾ ਮੰਗਣ ਤੋਂ ਪਹਿਲਾਂ ਅਸੀਂ ਆਪਣੀ ਕੌਮ ਦਾ ਭਲਾ ਵੀ ਲੋਚਦੇ ਹਾਂ। ਅਸੀਂ ਹਰ ਇਕ ਧਰਮ ਦਾ ਸਤਿਕਾਰ ਕਰਦੇ ਹਾਂ ਪਰ ਆਪਣੇ ਧਰਮ ਵੱਲ ਕਿਸੇ ਦੀ ਕੈਰੀ ਅੱਖ ਨੂੰ ਬਰਦਾਸ਼ਤ ਨਹੀਂ ਕਰਦੇ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਰਬਪੱਖੀ ਵਿਕਾਸ, ਨੈਤਿਕ ਸਿੱਖਿਆ ਨੂੰ ਆਪਣੇ ਜੀਵਨ ਦਾ ਅਟੁੱਟ ਅੰਗ ਬਣਾਈਏ। ਇਸ ਨਾਲ ਅਸੀਂ ਗੁਰੂ ਤੇ ਖ਼ਾਲਸਾ ਪੰਥ ਦੀ ਭਾਵਨਾ ਦੇ ਨੇੜੇ ਢੁਕ ਸਕਣ ਦੇ ਸਮਰੱਥ ਹੋਵਾਂਗੇ ਤੇ ਆਪਣੀ ਵਿਰਾਸਤ ਦੇ ਸਹੀ ਵਾਰਸ ਬਣ ਕੇ ਦੁਨੀਆਂ ਵਿਚ ਹਰ ਮੁਸ਼ਕਲ ਦਾ ਮੂੰਹ ਤੋੜਦੇ ਹੋਏ ਆਪਣੀ ਕੌਮ ਦਾ ਨਾਮ ਰੋਸ਼ਨ ਕਰ ਸਕਣ ਦੇ ਸਮਰੱਥ ਹੋਵਾਂਗੇ।

*—ਹਰਜੀਤ ਸਿੰਘ, ਜਲੰਧਰ*

**ਅੰਮ੍ਰਿਤਸਰ ਵਿਚ ਹਫ਼ਤਾਵਾਰੀ ਗੁਰਮਤਿ ਕਲਾਸ**

**ਸੁਰ-ਸਾਂਝ ਗੁਰਮਤਿ ਸੰਗੀਤ ਅਕੈਡਮੀ**

**ਜੋਧ ਨਗਰ, ਨੇੜੇ ਚੁੰਗੀ ਮੰਦਰ, ਸੁਲਤਾਨਵਿੰਡ ਰੋਡ**

**ਵਿਖੇ ਹਰ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਲਗਾਈ ਜਾ ਰਹੀ ਹੈ।**

ਜਿਸ ਵਿਚ ਬੱਚਿਆਂ ਨੂੰ ਗੁਰਬਾਣੀ ਕੰਠ, ਵਿਆਖਿਆ, ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ, ਸਿੱਖ ਫਿਲਾਸਫੀ, ਸਿੱਖ ਸੱਭਿਆਚਾਰ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾ ਰਹੀ ਹੈ।

ਸੰਪਰਕ ਕਰੋ : 0183-5011425, 98150-24920, 98150-06316

ਸ਼ਬਦ-ਵਿਚਾਰ

# ਹਾਂ ਹਾਂ ਲਪਟਿਓ ਰੇ ਮੂੜੇ, ਕਛੂ ਨ ਥੋਰੀ॥

—ਵਿਆਖਿਆ : ਸੰਦੀਪ ਕੌਰ 'ਦੀਪ'*

ਟੋਡੀ ਮਹਲਾ ੫ ਘਰੁ ੩ ਚਉਪਦੇ
ੴ ਸਤਿਗੁਰ ਪ੍ਰਸਾਦਿ॥
**ਹਾਂ ਹਾਂ ਲਪਟਿਓ ਰੇ ਮੂੜ੍ਹੇ ਕਛੂ ਨ ਥੋਰੀ॥**
**ਤੇਰੋ ਨਹੀ ਸੁ ਜਾਨੀ ਮੋਰੀ॥ ਰਹਾਉ॥**
**ਆਪਨ ਰਾਮੁ ਨ ਚੀਨੋ ਖਿਨੂਆ॥**
**ਜੋ ਪਰਾਈ ਸੁ ਅਪਨੀ ਮਨੂਆ॥੧॥**
**ਨਾਮੁ ਸੰਗੀ ਸੋ ਮਨਿ ਨ ਬਸਾਇਓ॥**
**ਛੋਡਿ ਜਾਹਿ ਵਾਹੂ ਚਿਤੁ ਲਾਇਓ॥੨॥**
**ਸੋ ਸੰਚਿਓ ਜਿਤੁ ਭੂਖ ਤਿਸਾਇਓ॥**
**ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ॥੩॥**
**ਕਾਮ ਕ੍ਰੋਧਿ ਮੋਹ ਕੂਪਿ ਪਰਿਆ॥**
**ਗੁਰ ਪ੍ਰਸਾਦਿ ਨਾਨਕ ਕੋ ਤਰਿਆ॥੪॥੧॥**
*(੭੧੫)*

ਗੁਰੂ ਅਰਜਨ ਦੇਵ ਜੀ ਟੋਡੀ ਰਾਗ ਵਿਚ ਉਚਾਰਨ ਕੀਤੇ ਇਸ ਸ਼ਬਦ ਵਿਚ, ਗਹਿਰੇ ਭਾਵ ਵਾਲੇ ਅਤੇ ਸੁੰਦਰ ਸ਼ਬਦਾਂ ਨਾਲ ਇਸ ਸਚਾਈ ਦਾ ਬਿਆਨ ਕਰਦੇ ਹਨ ਕਿ ਮਨੁੱਖ ਇਸ ਸੰਸਾਰ ਵਿਚ ਆ ਕੇ ਇਕ ਅਸਚਰਜ ਤਮਾਸ਼ੇ ਵਿਚ ਫਸ ਕੇ, ਮਾਇਆ ਵਿਚ ਗ਼ਲਤਾਨ ਹੋ ਜਾਂਦਾ ਹੈ। ਪ੍ਰਭੂ ਦੀ ਬੰਦਗੀ ਦੀ ਥਾਂ ਉਹ ਸੰਸਾਰਕ ਪਦਾਰਥਾਂ ਨਾਲ ਜੁੜ ਕੇ ਆਪਣੇ ਅਸਲ ਮਨੋਰਥ ਪ੍ਰਭੂ-ਅਭੇਦਤਾ ਨੂੰ ਭੁੱਲ ਜਾਂਦਾ ਹੈ।

ਮਾਇਆ ਕਿਸ ਚੀਜ਼ ਦਾ ਨਾਮ ਹੈ? ਮਾਇਆ ਦਾ ਕੀ ਸਰੂਪ ਹੈ? ਜੀਵਾਂ ਉੱਤੇ ਪ੍ਰਭਾਵ ਪਾ ਕੇ ਉਹਨਾਂ ਦੀ ਰਾਹੀਂ ਮਾਇਆ ਕਿਹੜੇ ਕੰਮ ਕਰਦੀ ਹੈ? ਇਸਦਾ ਉੱਤਰ ਇਹ ਹੈ ਕਿ ਮਾਇਆ ਦੇ ਪ੍ਰਭਾਵ ਹੇਠ ਜੀਵ ਦੁੱਖ ਦੀ ਨਵਿਰਤੀ ਵਿਚ ਤੇ ਸੁਖ ਦੀ ਲਾਲਸਾ ਵਿਚ ਬੱਝਾ ਰਹਿੰਦਾ ਹੈ; ਤੇ ਮੈਂ ਵੱਡਾ ਹਾਂ, ਮੈਂ ਵੱਡਾ ਬਣ ਜਾਵਾਂ ਦੀ ਧੁਨ ਵਿਚ ਹੀ ਸਾਰੇ ਕੰਮ ਕਰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਜੀਵ ਦੀ ਇਹ ਭਟਕਣਾ ਮੁੱਕਦੀ ਨਹੀਂ, ਨਾ ਹੀ ਇਸ ਦੇ ਅੰਦਰੋਂ ਮੈਂ-ਮੇਰੀ ਦੀ ਭਾਵਨਾ ਮੁੱਕਦੀ ਹੈ।

ਮਨੁੱਖ ਦੇ ਜਨਮ ਲੈਣ ਸਾਰ ਹੀ ਮਾਇਆ ਆਪਣਾ ਰੰਗ ਦਿਖਾਉਣ ਲੱਗ ਪੈਂਦੀ ਹੈ :

**ਜਾ ਤਿਸੁ ਭਾਣਾ ਤਾ ਜੰਮਿਆ**
**ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ**
**ਮਾਇਆ ਅਮਰੁ ਵਰਤਾਇਆ॥**
*(ਰਾਮਕਲੀ, ਮਹਲਾ ੩, ਅਨੰਦੁ, ੯੨੧)*

ਜੋ ਮਨੁੱਖ ਇਸ ਗੱਲ ਨੂੰ ਸਮਝ ਲੈਂਦਾ ਹੈ ਕਿ ਉਹ ਪਰਮਾਤਮਾ ਤੋਂ ਵਿਛੜਿਆ ਹੋਇਆ ਹੈ, ਉਹ ਸ਼ਬਦ ਦੇ ਗਿਆਨ ਦੀ ਰੌਸ਼ਨੀ ਵਿਚ ਮਾਇਆ ਦੇ ਸਾਰੇ ਬੰਧਨ ਤੋੜ ਕੇ ਗੁਰਮੁਖ ਬਣ ਜਾਂਦਾ ਹੈ। ਇਕ ਨਿਰੰਕਾਰ ਨਾਲ ਲਿਵ ਜੋੜ ਕੇ ਉਸਦੇ ਹੁਕਮ ਨੂੰ ਮੰਨਦਾ ਹੈ ਤੇ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਦਾ ਹੈ। ਉਹ ਪ੍ਰਭੂ ਦੀ ਸਿਫ਼ਤ-ਸਲਾਹ ਦੀ ਬਰਕਤ ਨਾਲ ਜੀਵਨ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ।

ਗੁਰਮਤਿ ਨੇ ਮਾਇਆ ਨੂੰ ਤਿਆਗਣ ਦਾ ਉਪਦੇਸ਼ ਨਹੀਂ ਦਿੱਤਾ ਇਸ ਵਿਚ ਨਿਰਲੇਪ ਹੋਣ ਦੀ ਗੱਲ ਕੀਤੀ ਹੈ। ਇਸ ਦਾ ਢੰਗ ਦੱਸਦਿਆਂ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਜਿਵੇਂ ਪਾਣੀ ਵਿਚ ਪੈਦਾ ਹੋ ਕੇ ਵੀ ਕਮਲ ਦਾ ਫੁੱਲ ਪਾਣੀ ਤੋਂ ਵੱਖਰਾ ਰਹਿੰਦਾ ਹੈ; ਜਿਵੇਂ ਨਦੀ ਵਿਚ ਤਰਦੀ ਮੁਰਗਾਬੀ ਆਪਣੇ ਖੰਭ ਪਾਣੀ ਨਾਲ ਭਿੱਜਣ ਨਹੀਂ ਦਿੰਦੀ, ਇਵੇਂ ਹੀ ਗੁਰੂ ਦੇ ਸ਼ਬਦ ਵਿਚ ਸੁਰਤ ਜੋੜ ਕੇ ਨਾਮ ਜਪਦਿਆਂ (ਮਾਇਆ ਤੋਂ ਨਿਰਲੇਪ ਹੋ ਕੇ) ਸੰਸਾਰ-ਸਮੁੰਦਰ ਤਰ ਲਈਦਾ ਹੈ :

**ਜੈਸੇ ਜਲ ਮਹਿ ਕਮਲੁ ਨਿਰਾਲਮੁ**
**ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ,**
**ਨਾਨਕ ਨਾਮੁ ਵਖਾਣੇ॥**
*(ਰਾਮਕਲੀ, ਸਿਧ ਗੋਸਟਿ, ਮ: ੧, ੯੩੮)*

ਮਾਇਆ ਦੀ ਅਸਲੀਅਤ ਨੂੰ ਪ੍ਰਗਟ ਕਰਨ ਵਾਲੇ, ਵਿਚਾਰ-ਅਧੀਨ ਸ਼ਬਦ ਦੇ ਅਰਥ ਇਸ ਪ੍ਰਕਾਰ ਹਨ :

**ਪਦ-ਅਰਥ : ਹਾਂ ਹਾਂ**—ਠੀਕ ਹੈ, ਮੈਂ ਸਮਝ ਲਿਆ ਹੈ। **ਰੇ ਮੂੜ੍ਹੇ**—ਹੇ ਮੂਰਖ, ਮਨ! **ਥੋਰੀ**—ਥੋੜ੍ਹੀ। **ਜਾਨੀ ਮੋਰੀ**—ਤੂੰ ਆਪਣੀ ਸਮਝ ਬੈਠਾ ਹੈਂ। ਰਹਾਉ।

**ਚੀਨੋ**—ਪਛਾਨਿਆ, ਸਾਂਝ ਪਾਈ। **ਖਿਨੂਆ**—ਇਕ ਛਿਨ ਵਾਸਤੇ ਭੀ। **ਮਨੂਆ**—ਮੰਨੀ ਹੋਈ ਹੈ। **ਸੰਗੀ**—ਸਾਥੀ। **ਮਨਿ**—ਮਨ ਵਿਚ। **ਵਾਹੂ**—ਉਹਨਾਂ ਨਾਲ। **ਸੰਚਿਓ**—ਇਕੱਠਾ ਕੀਤਾ ਹੈ। **ਜਿਤੁ**—ਜਿਸ ਦੀ ਰਾਹੀਂ। **ਤਿਸਾਇਓ**—ਤ੍ਰਿਖਾ, ਤ੍ਰੇਹ। **ਅੰਮ੍ਰਿਤ ਨਾਮੁ**—ਆਤਮਕ ਜੀਵਨ ਦੇਣ ਵਾਲਾ ਨਾਮ। **ਤੋਸਾ**—ਰਸਤੇ ਦਾ ਖਰਚ। **ਕੂਪਿ**—ਖੂਹ ਵਿਚ। **ਗੁਰ ਪ੍ਰਸਾਦਿ**—ਗੁਰੂ ਦੀ ਕਿਰਪਾ ਨਾਲ। **ਕੋ**—ਕੋਈ ਵਿਰਲਾ।

**ਅਰਥ** : ਹੇ ਮੂਰਖ (ਮਨ)! ਮੈਂ ਸਮਝ ਲਿਆ ਹੈ ਕਿ ਤੂੰ ਮਾਇਆ ਨਾਲ ਚੰਬੜਿਆ ਹੋਇਆ ਹੈਂ, ਤੇਰੀ ਉਸ (ਮਾਇਆ) ਨਾਲ ਪ੍ਰੀਤ ਭੀ ਕੁਝ ਥੋੜ੍ਹੀ ਜਿਹੀ ਨਹੀਂ ਹੈ। ਜਿਹੜੀ ਮਾਇਆ ਸਦਾ ਤੇਰੀ ਨਹੀਂ ਬਣੀ ਰਹਿਣੀ, ਉਸ ਨੂੰ ਤੂੰ ਆਪਣੀ ਸਮਝ ਰਿਹਾ ਹੈਂ। ਰਹਾਉ।

ਹੇ ਭਾਈ! ਪਰਮਾਤਮਾ ਹੀ ਆਪਣਾ ਅਸਲ ਸਾਥੀ ਹੈ। ਉਸ ਨਾਲ ਤੂੰ ਇਕ ਛਿਨ ਵਾਸਤੇ ਭੀ ਜਾਣ-ਪਛਾਣ ਨਹੀਂ ਪਾਈ। ਜਿਹੜੀ ਮਾਇਆ ਬਿਗਾਨੀ ਬਣ ਜਾਣੀ ਹੈ, ਉਸ ਨੂੰ ਤੂੰ ਆਪਣੀ ਮੰਨ ਲਿਆ ਹੈ।੧।

ਹੇ ਭਾਈ! ਪਰਮਾਤਮਾ ਦਾ ਨਾਮ ਅਸਲ ਸਾਥੀ ਹੈ, ਉਸਨੂੰ ਤੂੰ ਆਪਣੇ ਮਨ ਵਿਚ ਕਦੇ ਨਹੀਂ ਵਸਾਇਆ। ਜਿਹੜੇ ਪਦਾਰਥ ਆਖ਼ਰ ਛੱਡ ਜਾਣਗੇ, ਉਹਨਾਂ ਨਾਲ ਤੂੰ ਚਿੱਤ ਜੋੜਿਆ ਹੋਇਆ ਹੈ।੨।

ਹੇ ਭਾਈ! ਤੂੰ ਉਸ ਧਨ-ਪਦਾਰਥ ਨੂੰ ਇਕੱਠਾ ਕਰ ਰਿਹਾ ਹੈਂ, ਜਿਸ ਦੀ ਰਾਹੀਂ ਮਾਇਆ ਦੀ ਭੁੱਖ-ਤ੍ਰੇਹ ਬਣੀ ਰਹੇਗੀ। ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਜੀਵਨ-ਸਫ਼ਰ ਦਾ ਖਰਚ ਹੈ, ਉਹ ਤੂੰ ਹਾਸਲ ਨਹੀਂ ਕੀਤਾ।੩।

ਹੇ ਨਾਨਕ! (ਆਖ—ਹੇ ਭਾਈ!) ਤੂੰ ਕਾਮ ਕ੍ਰੋਧ ਵਿਚ, ਤੂੰ ਮੋਹ ਦੇ ਖੂਹ ਵਿਚ ਪਿਆ ਹੋਇਆ ਹੈਂ। ਪਰ ਤੇਰੇ ਭੀ ਕੀ ਵੱਸ? ਕੋਈ ਵਿਰਲਾ ਮਨੁੱਖ ਗੁਰੂ ਦੀ ਕਿਰਪਾ ਨਾਲ ਇਸ ਖੂਹ ਵਿਚੋਂ (ਬਾਹਰ ਨਿਕਲਦਾ ਹੈ, ਅਰਥਾਤ ਸੰਸਾਰ-ਸਾਗਰ ਤੋਂ) ਪਾਰ ਲੰਘਦਾ ਹੈ।੪।੧।੧੬।

**ਸਪੱਸ਼ਟ ਹੈ** : ਮਾਇਆ, ਜੋ ਮਨੁੱਖ ਨੂੰ ਪ੍ਰਭੂ ਨਾਲੋਂ ਵਿਛੋੜਦੀ ਹੈ, ਮਨੁੱਖ ਦਾ ਸਾਥ ਨਹੀਂ ਦਿੰਦੀ। ਜੇ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਕੇ ਪ੍ਰਭੂ ਦੀ ਸਿਫ਼ਤ-ਸਲਾਹ ਕਰੇ ਤਾਂ ਉਹ ਕਾਮਾਦਿਕ ਵਿਕਾਰਾਂ ਅਤੇ ਮਾਇਆ ਦੀ ਮਾਰ ਤੋਂ ਬਚ ਸਕਦਾ ਹੈ ਅਤੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

---

*1351-B, H.No. 51, Karnail Singh Nagar-III, Sheikh Colony, Jawaddi, Ludhiana.

# ਪਾਠਕ ਲਿਖਦੇ ਹਨ

## ਗ੍ਰੰਥੀ ਸਿੰਘ ਦੀ ਗ਼ਲਤੀ

ਫਰਵਰੀ 2008 ਦੇ ਮਹੀਨੇ ਮੈਨੂੰ ਕਿਤੇ ਵਿਆਹ 'ਤੇ ਜਾਣ ਦਾ ਮੌਕਾ ਮਿਲਿਆ। ਉਸ ਸਮੇਂ ਮੈਂ ਘਰ ਵਿਚ ਨਹੀਂ ਸਾਂ, ਸੋ ਮੇਰੇ ਵੱਡੇ ਭਾਈ ਸਾਹਿਬ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੂੰ ਕਿਹਾ ਕਿ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖੇ ਹਨ ਠੀਕ ਉਸੇ ਜਗ੍ਹਾ 'ਤੇ ਸਿਰੀ ਚੰਦ ਦੀ ਫੋਟੋ ਕਿਉਂ ਲਗਾ ਕੇ ਰੱਖੀ ਹੈ ਤੇ ਉਥੇ ਹੀ ਹੋਰ ਫੋਟੋਆਂ ਜੋ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ਉਹ ਕਿਉਂ ਲਗਾਈਆਂ ਹਨ? ਫਿਰ ਜੋ ਸੇਧ ਗੁਰਦੁਆਰਿਆਂ ਵਿਚੋਂ ਮਿਲਣੀ ਚਾਹੀਦੀ ਹੈ ਜੇ ਉਹ ਸੇਧ ਗੁਰਦੁਆਰਿਆਂ ਵਿਚੋਂ ਨਾ ਮਿਲੀ ਤਾਂ ਫਿਰ ਉਹ ਕਿਥੋਂ ਮਿਲੇਗੀ? ਤਾਂ ਉਹ ਗ੍ਰੰਥੀ ਸਿੰਘ ਗਰਮ ਹੋ ਗਿਆ ਤੇ ਇਹ ਕਿਹਾ ਕਿ "ਸਾਡੀ ਸੁਣਦਾ ਕੌਣ ਹੈ?" ਸੰਗਤ ਕਹਿੰਦੀ ਹੈ ਕਿ ਏਦਾਂ ਕਰੋ, ਓਦਾਂ ਕਰੋ। ਅਸੀਂ ਕੀ ਕਰੀਏ? ਸਾਨੂੰ ਤਾਂ ਕੋਈ ਕੁਝ ਸਮਝਦਾ ਹੀ ਨਹੀਂ।

ਇਸ ਤੋਂ ਬਾਅਦ ਅਗਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਹੋਈ ਅਰਦਾਸ ਵਿਚ ਇਸੇ ਹੀ ਗ੍ਰੰਥੀ ਸਿੰਘ ਨੇ ਏਦਾਂ ਕਿਹਾ, "ਗੁਰੂ ਤੇਗ ਬਹਾਦਰ ਸਿਮਰੀਐ ਸਭ ਥਾਈਂ ਸਹਾਇ" ਤੇ ਫਿਰ "ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਕੇਵਲ "ਬੋਲੋ ਜੀ ਵਾਹਿਗੁਰੂ" ਨਹੀਂ ਬੋਲਿਆ ਗਿਆ। ਇਹ ਗ਼ਲਤੀ ਮੇਰੇ ਨਾਲ ਗਏ ਜੀਜਾ ਜੀ ਨੇ ਨੋਟ ਕੀਤੀ ਤੇ ਗ੍ਰੰਥੀ ਸਿੰਘ ਨੂੰ ਕਿਹਾ। ਇਸ 'ਤੇ ਉਸ ਨੇ ਮਾਫੀ ਮੰਗੀ ਕਿ ਮੇਰੇ ਕੋਲੋਂ ਗਲਤੀ ਹੋ ਗਈ ਹੈ। ਅੱਗੇ ਤੋਂ ਧਿਆਨ ਰੱਖਾਂਗਾ।

ਗ਼ਲਤੀ ਕਿੰਨੀ ਵਾਰ ਹੋਈ ਹੋਵੇਗੀ (ਤੇ ਹੋਵੇ) ਇਹ ਤਾਂ ਉਹ ਗ੍ਰੰਥੀ ਸਿੰਘ ਹੀ ਜਾਣਦਾ ਹੋਵੇਗਾ ਜਾਂ ਜਾਣੇਗਾ ਪਰ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀਆਂ ਗ਼ਲਤੀਆਂ ਨੂੰ ਪਕੜ ਕੇ ਉਨ੍ਹਾਂ ਦੇ ਸਾਹਮਣੇ ਰੱਖੇਗਾ ਕੌਣ? ਜਿਥੇ ਗ਼ਲਤੀ ਫੜੀ ਗਈ ਉਥੇ ਮਾਫ਼ੀ ਮੰਗ ਲਈ, ਜਿਥੇ ਨਾ ਫੜੀ ਗਈ ਉਥੇ 'ਕੌਣ ਸੁਣਦਾ ਹੈ', ਕਹਿ ਛੱਡਿਆ। ਕੀ ਫ਼ਰਕ ਪੈਂਦਾ ਹੈ? ਪੰਜਾਬੀ ਦੀ ਪ੍ਰਸਿੱਧ ਕਹਾਵਤ ਹੈ ਕਿ "ਪੰਡਤਾਂ ਦਾ ਕੰਮ ਤਾਂ ਫੇਰੇ ਦਿਵਾਉਣਾ ਹੈ, ਭਾਵੇਂ ਜਾਂਦਿਆਂ ਰੰਡੀ ਹੋ ਜਾਵੇ?" (ਗੁਸਤਾਖ਼ੀ ਮਾਫ਼ ਇਹ ਗੱਲ ਸਾਰਿਆਂ 'ਤੇ ਹੀ ਢੁੱਕਦੀ ਹੈ)। ਸਵੇਰ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਤੇ ਸ਼ਾਮ ਨੂੰ ਸੁੱਖ-ਆਸਨ ਕਰ ਦੇਣਾ, ਕਿਸੇ ਵੇਲੇ ਮਾੜੀ ਮੋਟੀ ਅਰਦਾਸ ਕਰ ਛੱਡਣੀ ਤੇ ਗੁਰੂ ਕਾ ਲੰਗਰ ਛਕ ਲੈਣਾ ਹੀ ਜਦੋਂ ਕਰਮ ਬਣ ਜਾਵੇ ਤਾਂ ਬਾਕੀ ਗੱਲਾਂ ਵੱਲ ਧਿਆਨ ਦੇਣ ਦੀ ਕੀ ਲੋੜ ਰਹਿ ਜਾਂਦੀ ਹੈ? ਇਹ ਸੋਚਣਾ ਬਣਦਾ ਹੈ।

*—ਗੁਰਪ੍ਰੀਤ ਸਿੰਘ, ਜੈਪੁਰ*

## ਸ਼ਹੀਦਾਂ ਦੀਆਂ ਸਮਾਧਾਂ

ਸਾਡੇ ਇਲਾਕੇ ਵਿਚ ਲੋਕਾਂ ਨੇ ਘਰਾਂ ਵਿਚ, ਖੇਤਾਂ ਵਿਚ ਤੇ ਕੋਠੀਆਂ ਵਿਚ ਅਤੇ ਇਥੋਂ ਤੱਕ ਕਿ ਗੁਰਦੁਆਰਿਆਂ ਵਿਚ 'ਸ਼ਹੀਦਾਂ ਦੇ ਅਸਥਾਨ' (ਸਮਾਧਾਂ) ਬਣਾਏ ਹੋਏ ਹਨ। ਇਨ੍ਹਾਂ 'ਤੇ ਲੋਕ ਸਾਲ ਵਿਚ ਇਕ ਜਾਂ ਦੋ ਵਾਰ ਅਖੰਡ ਪਾਠ ਕਰਾਉਂਦੇ ਹਨ, ਜਿਥੇ ਸੰਗਤਾਂ ਮੱਥਾ ਟੇਕਦੀਆਂ ਹਨ। ਗੁਰਦੁਆਰਿਆਂ ਵਿਚ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਸ਼ਹੀਦਾਂ ਦੀ ਜਗ੍ਹਾ 'ਤੇ ਮੱਥਾ ਟੇਕਿਆ ਜਾਂਦਾ ਹੈ। ਇਹ ਰੁਝਾਨ ਬਹੁਤ ਭੈੜਾ ਲਗਦਾ ਹੈ। ਖ਼ਾਸ ਕਰਕੇ ਛੋਟੇ-ਛੋਟੇ ਬੱਚਿਆਂ ਨੂੰ ਇਹ ਸਿਖਿਆ ਮਿਲਦੀ ਹੈ ਕਿ ਇਸ ਜਗ੍ਹਾ 'ਤੇ ਮੱਥਾ ਟੇਕਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੇ ਮਨ ਵਿਚ ਇਹ ਡਰ ਬਿਠਾ ਦਿੱਤਾ ਜਾਂਦਾ ਹੈ ਕਿ ਇਹ ਅਸਥਾਨ ਬਹੁਤ 'ਸਖ਼ਤ' ਹਨ; ਜੇ ਮੱਥਾ ਨਾ ਟੇਕਿਆ ਤਾਂ ਕੋਈ ਨੁਕਸਾਨ ਜ਼ਰੂਰ ਹੋਵੇਗਾ ਅਤੇ ਮੱਥਾ ਟੇਕਣ ਨਾਲ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਜੇਕਰ ਇਸ ਰੁਝਾਨ ਨੂੰ ਰੋਕਿਆ ਨਾ ਗਿਆ ਤਾਂ ਇਹ ਵਹਿਮ ਪੀੜ੍ਹੀ-ਦਰ-ਪੀੜ੍ਹੀ ਚੱਲੇਗਾ, ਜਿਵੇਂ ਕਿ ਪਹਿਲਾਂ ਤੋਂ ਚਲਦਾ ਆ ਰਿਹਾ ਹੈ। ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਨੇ ਕਿਰਪਾਨਾਂ ਪਾਈਆਂ ਹੋਈਆਂ ਹਨ, ਉਹ ਵੀ ਸਮਾਧਾਂ ਉੱਤੇ ਮੱਥਾ ਟੇਕਦੇ ਹਨ। ਤੁਸੀਂ ਕੋਈ ਕਿਤਾਬ ਛਪਵਾਓ ਜਾਂ 'ਸਿੱਖ ਫੁਲਵਾੜੀ' ਵਿਚ ਇਸ ਬਾਰੇ ਕੋਈ ਲੇਖ ਛਾਪਿਆ ਕਰੋ ਤਾਂਕਿ ਕੁਝ ਫ਼ਰਕ ਪਵੇ।

ਦੇਖਿਆ ਗਿਆ ਹੈ ਕਿ 70% ਲੋਕ, ਜਿਨ੍ਹਾਂ ਵਿਚ ਪੜ੍ਹੇ-ਲਿਖੇ ਤੇ ਅੰਮ੍ਰਿਤਧਾਰੀ ਵੀ ਹੁੰਦੇ ਹਨ, ਮੱਥਾ ਟੇਕਣ ਦੇ ਮਗਰੋਂ ਅਗਰਬੱਤੀ ਜਲਾਉਣ ਨੂੰ ਭੱਜਦੇ ਹਨ। ਪਾਠੀ ਸਿੰਘਾਂ ਲਈ ਬੈਠਣਾ ਵੀ ਔਖਾ ਹੋ ਜਾਂਦਾ ਹੈ। ਇਹ ਸ਼ਹੀਦ ਕੋਈ ਕੌਮੀ ਸ਼ਹੀਦ ਨਹੀਂ ਹੁੰਦੇ ਸਗੋਂ ਲੋਕਾਂ ਦੇ ਵੱਡੇ-ਵਡੇਰੇ (ਪੂਰਵਜ) ਹੁੰਦੇ ਹਨ ਜਾਂ ਸਾਧਾਂ ਦੇ 'ਵੱਡੇ ਸਾਧ'।

*—ਇਕ ਪਾਠਕ, ਬੜਿੰਗ, ਜਲੰਧਰ ਕੈਂਟ*

## ਮੈਂ ਪੰਜਾਬੀ ਕਿਉਂ ਤੇ ਕਿਵੇਂ ਸਿੱਖੀ?

ਮੈਂ ਇਕ ਪੰਜਾਬੀ ਹਾਂ, ਉਮਰ 59 ਸਾਲ ਹੈ। ਸ਼ੁਰੂ ਤੋਂ ਹੀ ਨਾਗਪੁਰ ਵਿਚ ਪਲਿਆ ਤੇ ਵੱਡਾ ਹੋਇਆ। ਜਿਵੇਂ ਮੇਰੇ ਨਾਲ ਦੇ ਜਾਂ ਛੋਟਿਆਂ ਨੂੰ ਪੰਜਾਬੀ ਬੋਲਣੀ ਨਹੀਂ ਆਉਂਦੀ, ਮੈਨੂੰ ਵੀ ਨਹੀਂ ਆਉਂਦੀ ਸੀ। ਹੌਲੀ-ਹੌਲੀ ਮੈਨੂੰ ਪਤਾ ਲੱਗਾ ਕਿ ਸਾਰੇ ਲੋਕ ਆਪਸ ਵਿਚ ਆਪਣੀ-ਆਪਣੀ ਮਾਂ-ਬੋਲੀ ਵਿਚ ਹੀ ਗੱਲ ਕਰਦੇ ਹਨ, ਸਿਵਾ ਪੰਜਾਬੀਆਂ ਦੇ ਜੋ ਹਿੰਦੀ ਜਾਂ ਅੰਗਰੇਜ਼ੀ ਨੂੰ ਅਪਣਾਂਦੇ ਹਨ। ਮੇਰੀ ਭਰਜਾਈ ਮਰਾਠੀ ਹੈ। ਉਹ ਵੀ ਪੰਜਾਬੀ ਛੱਡ ਕੇ ਮਰਾਠੀ ਹੀ ਬੋਲਦੀ ਹੈ। ਮੈਂ ਇਹ ਵੀ ਮਹਿਸੂਸ ਕੀਤਾ ਕਿ ਸਾਰਾ ਦੇਸ਼ ਕੀ ਸਾਰੀ ਦੁਨੀਆਂ ਪੰਜਾਬੀਅਤ ਨੂੰ ਅਪਣਾ ਰਹੀ ਹੈ—ਪਹਿਰਾਵਾ, ਖਾਣਾ, ਗਾਣੇ ਆਦਿ। ਫਿਰ ਪੰਜਾਬੀ ਹੀ ਕਿਉਂ ਪੰਜਾਬੀ ਜਾਂ ਪੰਜਾਬੀਅਤ ਨੂੰ ਨਹੀਂ ਅਪਣਾ ਰਹੇ? ਫ਼ਿਲਮਾਂ ਤੇ ਸਭ ਪਾਰਟੀਆਂ ਵਿਚ ਪੰਜਾਬੀ ਗਾਣੇ ਵੱਜਦੇ ਹਨ। ਕੋਈ ਸਿੰਧੀ, ਮਰਾਠੀ ਜਾਂ ਤਾਮਿਲ ਗਾਣਾ ਕਿਉਂ ਨਹੀਂ? ਹੋਰ ਤਾਂ ਹੋਰ ਸਾਰੇ ਪ੍ਰਾਂਤਾਂ ਦੇ ਲੋਕਾਂ ਦੀ ਕਿਸੇ ਨਾ ਕਿਸੇ ਤਰ੍ਹਾਂ ਨਿੰਦਾ ਹੁੰਦੀ ਮੈਂ ਦੇਖੀ ਹੈ, ਪਰ ਪੰਜਾਬੀਆਂ ਦੀ ਨਿੰਦਾ ਕਰਦੇ ਹੋਏ ਕਿਸੇ ਨੂੰ ਨਹੀਂ ਸੁਣਿਆ।

ਪੰਜਾਬੀਆਂ ਅਤੇ ਪੰਜਾਬੀਅਤ ਦਾ ਮਾਣ ਸਾਰੇ ਕਰਦੇ ਹਨ। ਲੇਕਿਨ ਪੰਜਾਬੀ ਇਹ ਸਭ ਕੁਝ ਭੁੱਲਦੇ ਜਾ ਰਹੇ ਹਨ। ਇਹ ਬੜੇ ਦੁੱਖ ਦੀ ਗੱਲ ਹੈ। ਇਹ ਸਾਰੀਆਂ ਗੱਲਾਂ ਮੇਰੇ ਦਿਲ ਵਿਚ ਸਨ। ਮੈਂ ਤੈਅ ਕਰ ਲਿਆ ਕਿ ਮੈਂ ਪੰਜਾਬੀ ਸਿੱਖਣੀ ਹੈ ਪਰ ਮੈਨੂੰ ਸਿਖਾਂਦਾ ਕੌਣ? ਪਤਾ ਕਰਨ 'ਤੇ ਮੈਨੂੰ ਸ੍ਰੀਮਤੀ ਬਲਵੰਤ ਕੌਰ ਨਾਂ ਦੀ ਇਕ ਚੰਗੀ ਅਧਿਆਪਕਾ ਮਿਲ ਹੀ ਗਈ। ਉਨ੍ਹਾਂ ਤੋਂ ਮੈਂ ਆਪਣੀਆਂ ਮੁਸ਼ਕਲਾਂ ਬਾਰੇ ਪੁੱਛਦਾ। ਪਹਿਲਾਂ ਤਾਂ ਮੈਂ ਸਿਰਫ਼ ਪੰਜਾਬੀ ਬੋਲਣਾ ਹੀ ਸਿੱਖਣਾ ਚਾਹੁੰਦਾ ਸੀ ਪਰ ਉਨ੍ਹਾਂ ਨੇ ਮੈਨੂੰ ਪੜ੍ਹਨ ਲਈ ਵੀ ਉਤਸ਼ਾਹ ਦਿੱਤਾ। ਮੈਨੂੰ ਵੀ ਲੱਗਿਆ ਕਿ ਪੜ੍ਹਨ ਨਾਲ ਮੇਰੀ ਭਾਸ਼ਾ ਹੋਰ ਵੀ ਸੁਧਰ ਸਕਦੀ ਹੈ। ਸੋ ਮੈਂ ਪੰਜਾਬੀ ਪੜ੍ਹਨੀ ਵੀ ਸ਼ੁਰੂ ਕੀਤੀ। ਗੁਰਦੁਆਰੇ 'ਚੋਂ ਮਾਸਟਰ ਤਰਲੋਚਨ ਸਿੰਘ ਜੀ ਦੀ ਇਕ ਸੌਖੀ ਕਿਤਾਬ ਮਿਲ ਗਈ ਜਿਸ ਨਾਲ ਮੈਂ ਸ਼ੁਰੂਆਤ ਕੀਤੀ। ਹੁਣ ਮੈਂ ਘਰ ਵਿਚ ਪੰਜਾਬੀ ਬੋਲਦਾ ਹਾਂ ਅਤੇ ਆਪਣੇ ਸਮੇਂ ਅਨੁਸਾਰ ਪੰਜਾਬੀ ਪੁਸਤਕਾਂ ਵੀ

*(ਬਾਕੀ ਸਫ਼ਾ 8 'ਤੇ)*

# ਸਵਾਲ-ਜਵਾਬ

**ਸਵਾਲ : ਹੇਠ ਲਿਖੀਆਂ ਤੁਕਾਂ ਦੇ ਅਰਥ-ਭਾਵ ਸਪੱਸ਼ਟ ਕਰੋ।**

**ਮਿਟੀ ਮੁਸਲਮਾਨ ਕੀ**
**ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ**
**ਜਲਦੀ ਕਰੇ ਪੁਕਾਰ॥**
**ਜਲਿ ਜਲਿ ਰੋਵੈ ਬਪੁੜੀ**
**ਝੜਿ ਝੜਿ ਪਵਹਿ ਅੰਗਿਆਰ॥**
**ਨਾਨਕ ਜਿਨਿ ਕਰਤੈ ਕਾਰਣੁ ਕੀਆ**
**ਸੋ ਜਾਣੈ ਕਰਤਾਰੁ॥**

*(ਮ: ੧, ਆਸਾ ਕੀ ਵਾਰ, ੪੬੬)*

*—ਸੁਖਚੈਨ ਸਿੰਘ, ਪਿੰਡ ਖਿੱਪਾਂ ਵਾਲੀ, ਫਿਰੋਜ਼ਪੁਰ*

**ਜਵਾਬ** : ਗੁਰੂ ਨਾਨਕ ਦੇਵ ਜੀ ਇਸ ਸਲੋਕ ਵਿਚ ਫੁਰਮਾਨ ਕਰਦੇ ਹਨ ਕਿ ਮਰ ਚੁੱਕੇ ਮੁਸਲਮਾਨ ਦੀ ਕਬਰ ਦੀ ਮਿੱਟੀ ਵੀ ਕਈ ਵਾਰ ਘੁਮਿਆਰ ਦੇ ਵੱਸ ਪੈ ਜਾਂਦੀ ਹੈ ਕਿਉਂਕਿ ਚੀਕਣੀ ਹੋਣ ਕਾਰਨ ਘੁਮਿਆਰ ਉਸ ਦੇ ਭਾਂਡੇ ਤੇ ਇੱਟਾਂ ਬਣਾਉਂਦਾ ਹੈ। ਇਸ ਤਰ੍ਹਾਂ ਮੁਸਲਮਾਨ ਦੀ ਮਿੱਟੀ ਵੀ ਸੜ ਜਾਂਦੀ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਮਿਰਤਕ ਸਰੀਰ ਨੂੰ ਮਿੱਟੀ ਵਿਚ ਦੱਬਣਾ ਸ਼ੁਭ ਕੰਮ ਹੈ ਤੇ ਸਾੜਨਾ ਗ਼ਲਤ ਹੈ। ਰੱਬ ਸਾਰੇ ਮੁਸਲਮਾਨਾਂ ਨੂੰ ਕਿਆਮਤ ਦੇ ਦਿਨ ਉਠਾ ਕੇ ਲੇਖਾ ਕਰੇਗਾ ਤੇ ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਦੀ ਗਵਾਹੀ ਭਰਨਗੇ। ਘੁਮਿਆਰ ਦੀ ਆਵੀ ਵਿਚ ਜਾਣੋ ਇਹ ਮਿੱਟੀ ਕੂਕਦੀ ਹੈ ਤੇ ਸੜ ਕੇ ਰੋਂਦੀ ਹੈ, ਜਦੋਂ ਅੰਗਿਆਰੇ ਝੜ-ਝੜ ਪੈਂਦੇ ਹਨ।

ਗੁਰੂ ਨਾਨਕ ਦੇਵ ਜੀ ਸਲੋਕ ਦੀਆਂ ਅੰਤਲੀਆਂ ਤੁਕਾਂ ਵਿਚ ਉਪਦੇਸ਼ ਕਰਦੇ ਹਨ ਕਿ ਜਿਸ ਕਰਤਾਰ ਨੇ ਸੰਸਾਰ ਦੀ ਮਾਇਆ ਰਚੀ ਹੈ ਉਹ ਜੀਵ ਦੇ ਸਾਰੇ ਚੰਗੇ-ਮੰਦੇ ਕੰਮਾਂ ਨੂੰ ਜਾਣਦਾ ਹੈ ਅਤੇ ਉਨ੍ਹਾਂ ਕਰਮਾਂ ਅਨੁਸਾਰ ਹੀ ਜੀਵਾਂ ਨੂੰ ਫਲ ਭੋਗਣਾ ਪੈਂਦਾ ਹੈ।

**ਭਾਵ** : ਸਰੀਰ ਨੂੰ ਸਾੜਨ ਜਾਂ ਦੱਬਣ ਆਦਿ ਨਾਲ ਜੀਵਾਤਮਾ ਉੱਤੇ ਕੋਈ ਅਸਰ ਨਹੀਂ ਪੈਂਦਾ। ਜੀਵਨ ਵਿਚ ਕੀਤੇ ਹੋਏ ਚੰਗੇ ਜਾਂ ਮੰਦੇ ਕੰਮ ਦਾ ਫ਼ਲ ਮਨੁੱਖ ਨੂੰ ਆਪ ਹੀ ਭੋਗਣਾ ਪੈਂਦਾ ਹੈ।

**ਸਵਾਲ : ਹੇਠਾਂ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਦੇ ਅਰਥ ਸਮਝਾਉ—**

**ਏਕਾ ਮਾਈ ਜੁਗਤਿ ਵਿਆਈ**
**ਤਿਨਿ ਚੇਲੇ ਪਰਵਾਣੁ॥**
**ਇਕੁ ਸੰਸਾਰੀ ਇਕੁ ਭੰਡਾਰੀ**
**ਇਕੁ ਲਾਏ ਦੀਬਾਣੁ॥** *(ਜਪੁ)*

*—ਸੁਖਚੈਨ ਸਿੰਘ, ਖਿੱਪਾਂ ਵਾਲੀ, ਫਿਰੋਜ਼ਪੁਰ*

**ਜਵਾਬ : ਪਦ ਅਰਥ : ਏਕਾ**—ਇਕੱਲੀ। **ਮਾਈ**—ਮਾਇਆ। **ਜੁਗਤਿ**—ਜੁਗਤੀ ਨਾਲ। **ਵਿਆਈ**—ਪ੍ਰਸੂਤ ਹੋਈ। **ਪਰਵਾਣੁ**—ਪਰਤੱਖ। **ਸੰਸਾਰੀ**—ਘਰ ਬਾਰੀ। **ਭੰਡਾਰੀ**—ਭੰਡਾਰੇ ਦਾ ਮਾਲਕ। **ਦੀਬਾਣੁ**—ਕਚਹਿਰੀ।

**ਅਰਥ** : ਹਿੰਦੂ ਮੱਤ ਵਿਚ ਪ੍ਰਚੱਲਤ ਹੈ ਕਿ ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ 'ਤੇ ਤਿੰਨ ਪੁੱਤਰ ਜੰਮ ਪਏ। ਉਨ੍ਹਾਂ ਵਿਚੋਂ ਇਕ (ਬ੍ਰਹਮਾ) ਘਰਬਾਰੀ ਬਣ ਗਿਆ, ਭਾਵ ਜੀਵਾਂ ਨੂੰ ਪੈਦਾ ਕਰਨ ਲੱਗ ਪਿਆ; ਇਕ (ਵਿਸ਼ਨੂੰ) ਭੰਡਾਰੇ ਦਾ ਮਾਲਕ ਬਣ ਗਿਆ ਭਾਵ ਜੀਵਾਂ ਨੂੰ ਰਿਜ਼ਕ ਦੇਣ ਦਾ ਕੰਮ ਕਰਨ ਲੱਗਾ ਅਤੇ ਇਕ (ਸ਼ਿਵ) ਕਚਹਿਰੀ ਲਾਉਂਦਾ ਹੈ, ਭਾਵ ਜੀਵਾਂ ਨੂੰ ਸੰਘਾਰਦਾ ਹੈ।

**ਸਵਾਲ : ਅਖੰਡ ਪਾਠ ਸਮੇਂ ਨਾਲੋ-ਨਾਲ ਇਕ ਪਾਸੇ 'ਜਪੁ ਜੀ' ਸਾਹਿਬ ਦਾ ਪਾਠ ਮੂੰਹ ਵਿਚ ਕੀਤਾ ਜਾਂਦਾ ਹੈ। ਕੀ ਇਹ ਗੁਰਮਤਿ ਹੈ?**

*—ਮਨਪ੍ਰੀਤ ਕੌਰ, ਬਦੇਸ਼ ਕਲਾਂ, ਫਤਹਿਗੜ੍ਹ ਸਾਹਿਬ*

**ਜਵਾਬ** : ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚ 'ਅਖੰਡ ਪਾਠ' ਸਿਰਲੇਖ ਹੇਠ ਲਿਖਿਆ ਹੋਇਆ ਹੈ :

(ੲ) ਅਖੰਡ ਪਾਠ ਜਾਂ ਕਿਸੇ ਹੋਰ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣ ਨਾਲ **ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।**

ਅਜਿਹੀ ਮਨਮੱਤ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ ਸਗੋਂ ਗੁਰਬਾਣੀ ਦੀ ਨਿਰਾਦਰੀ ਹੁੰਦੀ ਹੈ। ਗੁਰਬਾਣੀ ਦੇ ਪਾਠ ਤੋਂ ਅਸਲ ਭਾਵ ਗੁਰਬਾਣੀ ਨੂੰ ਸੁਰਤ ਜੋੜ ਕੇ ਸਰਵਣ ਕਰਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਮਿਲ ਸਕੇ। ਬ੍ਰਾਹਮਣੀ ਮੱਤ ਦੇ ਕਰਮ-ਕਾਂਡ ਰਲਾ ਕੇ ਕੀਤੇ ਜਾਂਦੇ ਪਾਠਾਂ ਨਾਲ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ।

**ਸਵਾਲ : ਹੇਠ ਲਿਖੇ ਸਲੋਕ ਦੇ ਕੀ ਅਰਥ ਹਨ ਅਤੇ ਇਹ ਕਿਹੜੇ ਗੁਰੂ ਜੀ ਵਲੋਂ ਉਚਾਰਨ ਕੀਤਾ ਹੋਇਆ ਹੈ?**

**ਬਲੁ ਹੋਆ ਬੰਧਨ ਛੁਟੇ**
**ਸਭੁ ਕਿਛੁ ਹੋਤੁ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ**
**ਤੁਮ ਹੀ ਹੋਤ ਸਹਾਇ॥ ੫੪॥** *(੧੪੨੯)*

*—ਮਨਪ੍ਰੀਤ ਕੌਰ, ਬਦੇਸ਼ ਕਲਾਂ, ਫਤਹਿਗੜ੍ਹ ਸਾਹਿਬ*

**ਜਵਾਬ** : ਇਹ ਸਲੋਕ ਗੁਰੂ ਤੇਗ ਬਹਾਦਰ ਜੀ ਵਲੋਂ ਉਚਾਰਨ ਕੀਤਾ ਹੋਇਆ ਹੈ। ਅਰਥ ਇਸ ਤਰ੍ਹਾਂ ਹਨ :

ਹੇ ਭਾਈ! (ਜਦੋਂ ਮਨੁੱਖ ਪ੍ਰਭੂ ਦੇ ਦਰ 'ਤੇ ਡਿੱਗਦਾ ਹੈ, ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਕ) ਬਲ ਪੈਦਾ ਹੋ ਜਾਂਦਾ ਹੈ (ਮਾਇਆ ਦੇ ਮੋਹ ਦੇ) ਬੰਧਨ ਟੁੱਟ ਜਾਂਦੇ ਹਨ (ਮੋਹ ਦਾ ਟਾਕਰਾ ਕਰਨ ਲਈ) ਹਰੇਕ ਹੀਲਾ ਸਫ਼ਲ ਹੋ ਸਕਦਾ ਹੈ। ਸੋ, ਹੇ ਨਾਨਕ! (ਆਖ—ਹੇ ਪ੍ਰਭੂ!) ਸਭ ਕੁਝ ਤੇਰੇ ਹੱਥ ਵਿਚ ਹੈ (ਤੇਰੀ ਪੈਦਾ ਕੀਤੀ ਮਾਇਆ ਵੀ ਤੇਰੇ ਅਧੀਨ ਹੈ, ਇਸ ਤੋਂ ਬਚਣ ਲਈ) ਤੂੰ ਹੀ ਮਦਦਗਾਰ ਹੋ ਸਕਦਾ ਹੈਂ। ੫੪।

**ਸਵਾਲ : 'ਦੁਸ਼ਟ ਦਮਨ' ਤੋਂ ਕੀ ਭਾਵ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਦਾ ਕੀ ਸੰਬੰਧ ਹੈ?**

*—ਪਰਵੀਨ ਸਿੰਘ, ਬਟਾਲਾ*

**ਜਵਾਬ** : 'ਦੁਸਟ' ਤੋਂ ਭਾਵ ਹੈ ਖੋਟਾ, ਪਾਮਰ, ਅੱਤਿਆਚਾਰੀ। 'ਦਮਨ' ਤੋਂ ਭਾਵ ਕੁਚਲਣ ਵਾਲਾ, ਖੋਟਿਆਂ ਨੂੰ ਮਾਰਨ ਵਾਲਾ। ਗੁਰੂ ਗੋਬਿੰਦ ਸਿੰਘ ਜੀ ਨੂੰ ਅੱਤਿਆਚਾਰੀਆਂ ਨੂੰ ਸੋਧਣ ਕਾਰਨ ਹੀ ਦੁਸ਼ਟ-ਦਮਨ ਕਿਹਾ ਜਾਣ ਲੱਗ ਪਿਆ ਹੈ।

**ਸਵਾਲ : ਅੱਲਾ ਯਾਰ ਖ਼ਾਂ ਜੋਗੀ ਕੌਣ ਸੀ, ਵਿਸਥਾਰ ਨਾਲ ਦੱਸੋ।**

*—ਨਿਸ਼ਾਨ ਸਿੰਘ, 47-ਏ, ਚੰਡੀਗੜ੍ਹ*

**ਜਵਾਬ** : ਅੱਲਾ ਯਾਰ ਖ਼ਾਂ ਜੋਗੀ ਇਕ ਪ੍ਰਸਿੱਧ ਲੇਖਕ ਤੇ ਕਵੀ ਸੀ। ਉਨ੍ਹਾਂ ਦਾ ਪੂਰਾ ਨਾਮ ਹਕੀਮ ਅੱਲਾ ਯਾਰ ਖ਼ਾਨ ਰਹਿਮਾਨ ਸੀ। ਇਨ੍ਹਾਂ ਦਾ ਜਨਮ 1870 ਈ: ਦੇ ਨੇੜੇ ਹੋਇਆ ਮੰਨਿਆ ਜਾਂਦਾ ਹੈ। ਅਨਾਰਕਲੀ, ਲਾਹੌਰ ਦੇ ਰਹਿਣ ਵਾਲੇ ਜੋਗੀ ਜੀ ਲੰਮੇ ਕੱਦ ਦੇ ਇਰਾਨੀ ਪੀਰ ਵਰਗੇ ਅਤੇ ਹਿੰਦੀ, ਉਰਦੂ ਤੇ ਫਾਰਸੀ ਦੇ ਉੱਘੇ ਵਿਦਵਾਨ ਸਨ। ਉਹ ਕਵੀ ਦਰਬਾਰਾਂ ਵਿਚ ਚਮਕੌਰ ਸਾਹਿਬ, ਨਨਕਾਣਾ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੇ ਜੋੜ-ਮੇਲਿਆਂ ਵਿਚ ਹਿੱਸਾ ਲੈ ਕੇ ਪੰਜਾਬੀਆਂ ਵਿਚ ਸਿਦਕ,

ਸ਼ਰਧਾ ਤੇ ਕੁਰਬਾਨੀ ਦਾ ਜਜ਼ਬਾ ਪੈਦਾ ਕਰਦੇ ਸਨ। ਉਹ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਮਿਸ਼ਰਤ ਜ਼ੁਬਾਨ ਵਿਚ ਪੜ੍ਹਦੇ ਸਮੇਂ ਰੌਂਗਟੇ ਖੜ੍ਹੇ ਕਰ ਦਿੰਦੇ ਸਨ। ਇਸ ਲਈ ਸਿੱਖ ਸੰਗਤਾਂ ਉਨ੍ਹਾਂ ਦੀ ਬਹੁਤ ਪ੍ਰਸ਼ੰਸਾ ਕਰਦੀਆਂ ਸਨ।

ਉਨ੍ਹਾਂ ਨੇ 1913 ਵਿਚ 'ਸ਼ਹੀਦਾਨਿ-ਵਫ਼ਾ' ਪੁਸਤਕ ਵਿਚ ਅਨੰਦਪੁਰ ਸਾਹਿਬ ਦੇ ਯੁੱਧਾਂ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਭਾਵਪੂਰਤ ਸ਼ਬਦਾਂ ਵਿਚ ਲਿਖਿਆ ਹੈ। 'ਗੰਜਿ ਸ਼ਹੀਦਾਂ' ਪੁਸਤਕ ਸੰਨ 1915 ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਚਮਕੌਰ ਸਾਹਿਬ ਦੀ ਜੰਗ ਦਾ ਜ਼ਿਕਰ ਕੀਤਾ ਗਿਆ ਹੈ। ਜੋਗੀ ਜੀ ਚਮਕੌਰ ਸਾਹਿਬ ਦੀ ਧਰਤੀ ਨੂੰ ਪਵਿੱਤਰ ਮੰਨਦੇ ਹੋਏ ਲਿਖਦੇ ਹਨ :

**ਬੱਸ, ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ।**
**ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।**

**ਸਵਾਲ : 'ਸਹਿਜ ਪਾਠ' ਦੀ ਪੂਰਨ ਮਰਯਾਦਾ ਕੀ ਹੈ ?**

*—ਨਿਸ਼ਾਨ ਸਿੰਘ, ਚੰਡੀਗੜ੍ਹ*

**ਜਵਾਬ** : ਸਹਿਜ ਪਾਠ ਦੀ ਅਰੰਭਤਾ ਤੇ ਸਮਾਪਤੀ ਅਖੰਡ ਪਾਠ ਵਾਂਗ ਹੀ ਕਰਨੀ ਹੈ ਜਿਸਦਾ ਵਿਸ਼ੇਸ਼ ਉਲੇਖ ਸਿੱਖ ਰਹਿਤ ਮਰਯਾਦਾ ਵਿਚ ਕੀਤਾ ਗਿਆ ਹੈ।

**ਅਰੰਭ** : ਪਾਠ ਦੇ ਅਰੰਭ ਸਮੇਂ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਪ੍ਰਸ਼ਾਦ ਲਿਆ ਕੇ ਰੱਖਿਆ ਜਾਵੇ। ਅਨੰਦ ਸਾਹਿਬ ਦੀਆਂ ਛੇ ਪਉੜੀਆਂ (ਪਹਿਲੀਆਂ ਪੰਜ ਤੇ ਅੰਤਮ ਪਉੜੀ) ਦਾ ਪਾਠ ਕੀਤਾ ਜਾਵੇ। ਇਸ ਦੇ ਮਗਰੋਂ ਅਰਦਾਸ ਕਰਕੇ 'ਹੁਕਮ' ਲਿਆ ਜਾਵੇ ਅਤੇ ਪ੍ਰਸ਼ਾਦ ਵਰਤਾਇਆ ਜਾਵੇ।

**ਭੋਗ** : ਪਾਠ ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ, ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਇਸ ਦੇ ਉਪਰੰਤ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ, ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

ਸਹਿਜ ਪਾਠ (ਸਧਾਰਨ ਪਾਠ) ਦੇ ਦੌਰਾਨ ਸ਼ਾਮ/ਰਾਤ ਨੂੰ ਪਾਠ ਕਰਨ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕੀਤਾ ਜਾਵੇ ਅਤੇ ਅਗਲੇ ਦਿਨ ਅੰਮ੍ਰਿਤ ਵੇਲੇ 'ਪ੍ਰਕਾਸ਼' ਕੀਤਾ ਜਾਵੇ। ਪਾਠ ਦੀ ਸੰਪੂਰਨਤਾ ਤੱਕ ਹਰ ਰੋਜ਼ ਇਸੇ ਤਰ੍ਹਾਂ ਹੀ ਕਰਨਾ ਚਾਹੀਦਾ ਹੈ।

**ਸਵਾਲ : ਜਠੇਰੇ ਗੋਤ, ਜੋ ਕਈ ਸਿੱਖ ਵੀ ਮੰਨਦੇ ਹਨ, ਕੀ ਗੁਰਮਤਿ ਅਨੁਸਾਰ ਠੀਕ ਹੈ ?**

*—ਨਿਸ਼ਾਨ ਸਿੰਘ, ਚੰਡੀਗੜ੍ਹ*

**ਜਵਾਬ** : ਸਿੱਖ ਧਰਮ ਵਿਚ ਕਿਸੇ ਜਾਤ-ਗੋਤ ਲਈ ਕੋਈ ਥਾਂ ਨਹੀਂ ਹੈ। ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਦਾ ਗੁਰਮਤਿ ਵਿਰੋਧ ਕਰਦੀ ਹੈ। ਸਿੱਖ ਧਰਮ ਵਿਚ ਮੜ੍ਹੀਆਂ, ਕਬਰਾਂ ਆਦਿ ਦੀ ਪੂਜਾ ਵੀ ਵਿਵਰਜਿਤ ਹੈ। ਕੇਵਲ ਇਕ ਅਕਾਲਪੁਰਖ ਦੀ ਪੂਜਾ ਦਾ ਵਿਧਾਨ ਹੈ। ਮਰ ਗਏ ਵੱਡੇ-ਵਡੇਰਿਆਂ ਦੇ ਨਾਂ ਉੱਤੇ ਮਟੀਆਂ/ਕਬਰਾਂ ਬਣਾ ਕੇ ਪੂਜਾ ਕਰਨੀ ਨਿਰੋਲ ਮਨਮਤਿ ਹੈ। ਗੁਰਬਾਣੀ ਨੂੰ ਪੜ੍ਹ-ਵਿਚਾਰ ਕੇ ਸੇਧ ਲਈ ਜਾਵੇ।

ਮਰ ਗਿਆਂ ਦੀਆਂ ਕਬਰਾਂ ਬਣਾਉਣ ਤੇ ਉਨ੍ਹਾਂ ਦੀ ਪੂਜਾ ਕਰਨ ਨੂੰ ਕੂੜ-ਕ੍ਰਿਆ (ਝੂਠੀ ਰਸਮ) ਆਖਿਆ ਹੈ :

**ਕੋਊ ਬੁਤਾਨ ਕੋ ਪੂਜਤ ਹੈ ਪਸੁ,**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ-ਕ੍ਰਿਆ ਉਰਝਿਓ ਸਭ ਹੀ ਜਗ,**
**ਸ੍ਰੀ ਭਗਵਾਨ ਕੋ, ਭੇਦੁ ਨ ਪਾਇਓ॥**

*(ਤ੍ਵ ਪ੍ਰਸਾਦਿ॥ ਸਵੱਯੇ, ਪਾਤਸ਼ਾਹੀ ੧੦)*

## ਪਾਠਕ ਲਿਖਦੇ ਹਨ........(ਸਫ਼ਾ 6 ਦੀ ਬਾਕੀ)

ਪੜ੍ਹਦਾ ਹਾਂ। ਇਸ ਨਾਲ ਇਤਨਾ ਫਾਇਦਾ ਜ਼ਰੂਰ ਹੋਇਆ ਹੈ ਕਿ ਮੈਨੂੰ ਇਕ ਪੰਜਾਬੀ ਹੋਣ ਦਾ ਅਹਿਸਾਸ ਹੈ ਅਤੇ ਮਾਣ ਵੀ। ਆਪਣੇ ਲੋਕਾਂ ਵਿਚ ਮੇਰੀ ਜ਼ਿਆਦਾ ਇੱਜ਼ਤ ਹੈ ਅਤੇ ਮੇਰੇ ਬੱਚੇ ਵੀ ਪੰਜਾਬੀ ਸਮਝਣ ਲੱਗ ਪਏ ਹਨ।

*—ਅਰਵਿੰਦਰ ਸੋਨੀ, F-1. ਸਾਈ ਲਲਿਤਾ, ਅਪਾਰਟਮੈਂਟ, ਐਸ. ਕੇ. ਗੁਪਤਾ ਮਾਰਗ, ਨਵੀਂ ਕਾਲੋਨੀ, ਨਾਗਪੁਰ*

### ਭੇਖੀਆਂ ਤੋਂ ਸੁਚੇਤ ਹੋਵੋ !

ਪਿਛਲੇ ਕੁਝ ਸਮੇਂ ਤੋਂ ਸਿੱਖ ਕੌਮ ਦੇ ਸਿਧਾਂਤਾਂ ਤੇ ਗੁਰਮਤਿ ਵਿਚਾਰਾਂ ਨੂੰ ਜਿਥੇ ਪੰਥ ਦੇ ਬਾਹਰੀ ਦੁਸ਼ਮਣਾਂ ਨੇ ਢਾਅ ਲਾਈ ਹੈ ਉਥੇ ਸੰਤ ਅਖਵਾਉਣ ਵਾਲੇ ਭੇਖ-ਧਾਰੀਆਂ ਨੇ ਵੀ ਕੋਈ ਕਸਰ ਨਹੀਂ ਛੱਡੀ। ਅੱਜ ਆਪੂੰ ਬਣੇ ਸੰਤ ਆਪਣੇ ਡੇਰੇ ਅਤੇ ਚੌਧਰ ਨੂੰ ਵਧਾਉਣ ਲਈ ਗੁਰਮਤਿ ਨਾਲ ਖਿਲਵਾੜ ਕਰ ਰਹੇ ਹਨ। ਕੌਮ ਵਿਚ ਏਕਤਾ ਕਾਇਮ ਕਰਨ ਦੀ ਥਾਂ ਇਹਨਾਂ ਨੇ ਸਿੱਖਾਂ ਨੂੰ ਸੰਪਰਦਾਵਾਂ ਵਿਚ ਵੰਡ ਦਿੱਤਾ ਹੈ। ਇਹਨਾਂ ਨੇ ਹਰ ਕਾਰਜ ਲਈ ਆਪਣੀ ਅਲੱਗ-ਅਲੱਗ ਮਰਯਾਦਾ ਬਣਾਈ ਹੋਈ ਹੈ। ਇਹ ਮੱਸਿਆ, ਪੂਰਨਮਾਸ਼ੀ ਅਤੇ ਸੰਗਰਾਂਦਾਂ ਵੇਲੇ ਆਪਣੇ ਡੇਰਿਆਂ 'ਤੇ ਇਕੱਠ ਕਰਦੇ ਹਨ, ਜਿਨ੍ਹਾਂ ਦਾ ਗੁਰਮਤਿ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ ਹੈ।

ਜੇਕਰ ਇਹਨਾਂ ਸੰਤਾਂ ਦਾ ਖੁਦ ਦਾ ਜੀਵਨ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਥੋੜ੍ਹਾ ਜਿਹਾ ਵਾਜਾ ਵਜਾਉਣਾ ਸਿੱਖ ਕੇ, ਕੁਝ ਇਤਿਹਾਸ-ਮਿਥਿਹਾਸ ਦੀ ਜਾਣਕਾਰੀ ਇਕੱਠੀ ਕਰਕੇ ਤੇ ਥੋੜ੍ਹੀ ਜਿਹੀ ਗੁਰਬਾਣੀ ਕੰਠ ਕਰ ਕੇ ਆਪਣੇ ਆਪ ਨੂੰ 'ਸੰਤ' ਅਖਵਾਉਣ ਲੱਗ ਜਾਂਦੇ ਹਨ। ਪਰ ਭੋਲੀ-ਭਾਲੀ ਸੰਗਤ ਇਹਨਾਂ ਦੀਆਂ ਗੋਲ ਦਸਤਾਰਾਂ, ਚੋਲਿਆਂ ਅਤੇ ਡੇਰੇ ਦੇ ਇਕੱਠ ਨੂੰ ਵੇਖ ਕੇ ਹੀ ਉਨ੍ਹਾਂ ਮਗਰ ਲੱਗ ਜਾਂਦੀ ਹੈ। ਇਹ ਸੰਤ ਆਪਣੇ ਦੀਵਾਨਾਂ ਵਿਚ ਭਾਵੁਕ ਕਰਨ ਵਾਲੀਆਂ ਸਾਖੀਆਂ ਸੁਣਾਉਂਦੇ ਹਨ ਤਾਂ ਕਿ ਸੰਗਤ ਭਾਵੁਕ ਹੋ ਕੇ ਇਹਨਾਂ ਨੂੰ ਹੀ ਬ੍ਰਹਮਗਿਆਨੀ ਸਮਝੇ। ਪਰ ਇਹ ਅਖੌਤੀ ਸੰਤ ਸਟੇਜਾਂ 'ਤੇ ਗੁਰਮਤਿ ਦੀਆਂ ਬਹੁਤ ਘੱਟ ਗੱਲਾਂ ਕਰਦੇ ਹਨ ਤਾਂ ਕਿ ਸੰਗਤ ਨੂੰ ਸੋਝੀ ਨਾ ਆ ਜਾਵੇ।

ਵੱਡੇ ਦੁੱਖ ਦੀ ਗੱਲ ਇਹ ਹੈ ਕਿ ਕੋਈ ਵੀ ਸੱਚਾ ਸਿੱਖ ਇਹਨਾਂ ਦੀ ਅਸਲੀਅਤ ਨਹੀਂ ਦੱਸ ਸਕਦਾ ਕਿਉਂਕਿ ਆਮ ਸੰਗਤ ਇਹਨਾਂ ਦੁਆਰਾ ਫੈਲਾਏ ਭਰਮ-ਜਾਲ ਕਾਰਨ ਭੇਖ ਅਤੇ ਮਨਮੱਤ ਨੂੰ ਹੀ ਗੁਰਮਤਿ ਸਮਝਣ ਲੱਗ ਪਈ ਹੈ।

ਫਾਜ਼ਿਲਕਾ ਸਰਕਲ ਦੇ ਵੀਰਾਂ ਨੇ ਮੈਨੂੰ ਪੜ੍ਹਨ ਲਈ ਕੁਝ ਮੈਗ਼ਜ਼ੀਨ ਅਤੇ ਕੁਝ ਲਿਟਰੇਚਰ ਸੰਗਤਾਂ ਨੂੰ ਵੰਡਣ ਲਈ ਦਿੱਤਾ। ਉਹਨਾਂ ਵਿਚੋਂ ਜਦ ਮੈਂ ਜਨਵਰੀ 2000 ਦਾ ਮੈਗ਼ਜ਼ੀਨ ਪੜ੍ਹਿਆ ਤਾਂ ਸ: ਕੇਹਰ ਸਿੰਘ ਚੰਡੀਗੜ੍ਹ ਵਾਲਿਆਂ ਦਾ ਲੇਖ **"ਐਸੇ ਸੰਤ ਨ ਮੋਕਉ ਭਾਵਹਿ"** ਪੜ੍ਹ ਕੇ ਲੱਗਿਆ ਕਿ ਇਸ ਨੂੰ ਫੋਟੋ-ਸਟੇਟ ਕਰਵਾ ਕੇ ਸੰਗਤ ਵਿਚ ਵੰਡਿਆ ਜਾਵੇ ਪਰ ਕੁਝ ਦਿਨਾਂ ਬਾਅਦ ਇਹੀ ਲੇਖ ਟ੍ਰੈਕਟ ਦੇ ਰੂਪ ਵਿਚ ਪ੍ਰਾਪਤ ਹੋ ਗਿਆ। ਮੈਂ ਕਾਲਜ ਦੇ ਹੈੱਡ-ਆਫ਼ਿਸ ਤੋਂ 200 ਕਾਪੀਆਂ ਮੰਗਵਾ ਲਈਆਂ।

ਮੇਰੀ ਸਭ ਪਾਠਕਾਂ ਨੂੰ ਬੇਨਤੀ ਹੈ ਕਿ ਕੌਮ ਨੂੰ ਭੇਖਧਾਰੀਆਂ ਤੋਂ ਬਚਾਉਣ ਲਈ ਇਸ ਟ੍ਰੈਕਟ (ਐਸੇ ਸੰਤ ਨ ਮੋਕਉ ਭਾਵਹਿ) ਦੀਆਂ ਘੱਟੋ-ਘੱਟ 200 ਕਾਪੀਆਂ ਕਾਲਜ ਦੇ ਹੈੱਡ ਆਫ਼ਿਸ (ਲੁਧਿਆਣਾ) ਤੋਂ ਮੰਗਵਾ ਕੇ ਸੰਗਤਾਂ ਵਿਚ ਵੰਡਣ ਦੀ ਕਿਰਪਾਲਤਾ ਕਰਨ।

*—ਕੁਲਦੀਪ ਸਿੰਘ, ਘੱਟਿਆਂ ਵਾਲੀ ਜੱਟਾਂ, ਜ਼ਿਲ੍ਹਾ ਫਿਰੋਜ਼ਪੁਰ*

# ਸਿੱਖ ਪੰਥ ਦੀ ਅਜੋਕੀ ਦਸ਼ਾ-2

✍ ਕਿਰਪਾਲ ਸਿੰਘ 'ਚੰਦਨ', ਲੁਧਿਆਣਾ

(ਲੜੀ ਜੋੜਨ ਲਈ 'ਅਪ੍ਰੈਲ-2009' ਦਾ ਅੰਕ ਵੇਖੋ)

**ਦੁਰ-ਦਸ਼ਾ ਦੇ ਕਾਰਣ** : ਅੱਜ ਸਾਰਾ ਸੰਸਾਰ ਤਾਂ ਸਿੱਖੀ ਨੂੰ ਅਪਣਾਉਣਾ ਚਾਹੁੰਦਾ ਹੈ, ਪਰ ਪੰਜਾਬ ਦੇ ਨੌਜੁਆਨ ਇਸ ਤੋਂ ਦੂਰ ਜਾ ਰਹੇ ਹਨ। ਇਹ ਬਹੁਤ ਹੈਰਾਨ ਕਰਨ ਵਾਲੀ ਤੇ ਦੁਖਦਾਈ ਦਸ਼ਾ ਹੈ। ਸੋਚ-ਵਿਚਾਰ ਕਰੀਏ ਤਾਂ ਇਸ ਲਈ ਹੇਠ ਲਿਖੇ ਕਾਰਨ ਜ਼ਿੰਮੇਵਾਰ ਨਜ਼ਰ ਆਉਂਦੇ ਹਨ :

(ੳ) ਸਭ ਤੋਂ ਵੱਡੀ ਤਾਂ **ਜਾਣਕਾਰੀ ਦੀ ਘਾਟ** ਹੈ। ਪੰਜਾਬ, ਜਿਥੇ ਕਿ ਸਿੱਖੀ ਦਾ ਸੂਰਜ ਉਦੈ ਹੋਇਆ ਸੀ, ਵਿਚ ਪਿੰਡ-ਪਿੰਡ ਤੱਕ ਗੁਰਬਾਣੀ ਦੇ ਸਿਧਾਂਤਾਂ ਦਾ ਪ੍ਰਚਾਰ ਨਹੀਂ ਹੋ ਸਕਿਆ। ਜੇ ਕਿਤੇ ਗੁਰਬਾਣੀ ਦੀ ਗੱਲ ਹੋਈ ਹੈ ਤਾਂ ਉਹ ਅਨਮਤਾਂ ਦੇ ਪਰਛਾਵੇਂ ਹੇਠ ਹੋਈ ਹੈ—ਪੌਰਾਣਿਕ ਰੰਗਣ ਵਿਚ ਹੋਈ ਹੈ। ਗੁਰਬਾਣੀ ਦੇ ਗੋਹੜ ਅਰਥਾਂ ਨੂੰ ਸਮਝਾਉਣ ਦੀ ਥਾਂ 'ਤੇ ਚਮਤਕਾਰਾਂ, ਕਰਾਮਾਤਾਂ ਅਤੇ ਮਨ-ਘੜਤ ਸਾਖੀਆਂ ਦਾ ਸਹਾਰਾ ਲੈ ਕੇ ਵਿਆਖਿਆ ਕੀਤੀ ਗਈ ਹੈ। ਇਸੇ ਤਰ੍ਹਾਂ ਮਹਾਨ ਅਤੇ ਗੌਰਵਸ਼ਾਲੀ ਇਤਿਹਾਸਕ ਵਿਰਸੇ ਅਤੇ ਲਾਸਾਨੀ ਸਿੱਖ-ਸਭਿਆਚਾਰ ਦਾ ਪ੍ਰਚਾਰ ਨਹੀਂ ਹੋਇਆ। ਮੌਜੂਦਾ ਸਮੇਂ ਵਿਚ ਸਿੱਖ ਧਰਮ ਦੀ ਪ੍ਰਸੰਗਿਕਤਾ ਅਥਵਾ ਲੋੜ ਨੂੰ ਸਮਝਾਇਆ ਨਹੀਂ ਜਾ ਸਕਿਆ।

(ਅ) ਗੁਰਬਾਣੀ ਵਿਚ ਪ੍ਰਗਟਾਏ ਗੁਣਾਂ ਵਾਲੀਆਂ ਸ਼ਖਸੀਅਤਾਂ ਬਹੁਤ ਘੱਟ ਹਨ। ਸਗੋਂ ਜਿਹੜੇ ਲੋਕ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਗ਼ਲਤ ਪ੍ਰਚਾਰ ਦੇ ਆਸਰੇ ਆਪਣਾ ਦਬਦਬਾ ਕਾਇਮ ਕਰ ਚੁੱਕੇ ਹਨ। ਉਹ ਗੁਰਬਾਣੀ ਦੇ ਮਿਆਰਾਂ 'ਤੇ ਖਰੇ ਨਹੀਂ ਉਤਰਦੇ, ਸਗੋਂ ਗ਼ਲਤ-ਪ੍ਰਭਾਵ ਦੇਣ ਵਾਲੇ ਹਨ। ਇੰਝ ਨੌਜੁਆਨਾਂ ਲਈ ਕੋਈ ਰੋਲ-ਮਾਡਲ ਨਹੀਂ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਧਰਮ ਦੀ ਸੁੱਕੀ ਜਾਣਕਾਰੀ ਨਾਲੋਂ ਰੋਲ ਮਾਡਲ ਵਧੇਰੇ ਅਸਰ ਪਾਉਂਦੇ ਹਨ।

(ੲ) ਪਿਛਲੀ ਪੀੜ੍ਹੀ ਦੇ ਸਿੱਖ ਵੀ, ਜੋ ਮਾਤਾ-ਪਿਤਾ ਹਨ, ਧਰਮ ਦੀ ਜਾਣਕਾਰੀ ਤੋਂ ਕੋਰੇ ਹਨ ਅਤੇ ਉਨ੍ਹਾਂ ਦੇ ਮਨ ਅੰਦਰ ਧਰਮ ਲਈ ਪਿਆਰ ਨਹੀਂ ਹੈ। ਕਈ ਤਾਂ ਧਰਮ ਨੂੰ ਗ਼ੈਰ-ਜ਼ਰੂਰੀ ਚੀਜ਼ ਸਮਝਦੇ ਹਨ ਅਤੇ ਆਪਣੇ ਬੱਚਿਆਂ ਨੂੰ ਧਰਮੀ ਜੀਵਨ ਵਾਲੇ ਬਣਾਉਣਾ ਹੀ ਨਹੀਂ ਚਾਹੁੰਦੇ। ਕਈ ਤਾਂ ਆਪ ਬੱਚਿਆਂ ਦੇ ਕੇਸ ਕਤਲ ਕਰਾਉਂਦੇ ਹਨ।

(ਸ) ਸਕੂਲਾਂ-ਕਾਲਜਾਂ ਵਿਚ ਧਾਰਮਿਕ ਪੜ੍ਹਾਈ ਦਾ ਪ੍ਰਬੰਧ ਨਹੀਂ ਹੈ। ਜੇ ਕੁਝ ਕਥਿਤ ਖ਼ਾਲਸਾ ਸਕੂਲਾਂ/ਕਾਲਜਾਂ ਜਾਂ ਗੁਰੂ ਸਾਹਿਬਾਨ ਦੇ ਨਾਮ 'ਤੇ ਖੁੱਲ੍ਹੇ ਹੋਏ ਵਿਦਿਅਕ ਅਦਾਰਿਆਂ ਵਿਚ ਧਾਰਮਿਕ ਪੜ੍ਹਾਈ ਦਾ ਪ੍ਰਬੰਧ ਹੈ, ਤਾਂ ਧਾਰਮਿਕ ਜੀਵਨ ਵਾਲੇ ਤੇ ਪੰਥਕ ਦਰਦ ਵਾਲੇ ਅਧਿਆਪਕ ਨਹੀਂ ਹਨ। ਆਮ ਤੌਰ 'ਤੇ 'ਪ੍ਰਾਰਥਨਾ' ਸਮੇਂ ਕੋਈ ਸ਼ਬਦ ਗਵਾ ਕੇ ਜਾਂ ਪੰਜ-ਸੱਤ ਮਿੰਟ ਦਾ 'ਧਾਰਮਿਕ-ਲੈਕਚਰ' ਦਿਵਾ ਕੇ ਬੁੱਤਾ ਸਾਰ ਲਿਆ ਜਾਂਦਾ ਹੈ। ਪ੍ਰਬੰਧਕ ਵੀ (ਕੁਝ ਕੁ ਨੂੰ ਛੱਡ ਕੇ) ਇਸ ਪਾਸੇ ਵੱਲ ਧਿਆਨ ਨਹੀਂ ਦਿੰਦੇ। ਉਹ ਆਪ ਵੀ ਕੇਵਲ ਵਿਖਾਵੇ ਲਈ ਹੀ ਧਰਮੀ ਹੁੰਦੇ ਹਨ।

(ਹ) ਗੁਰਦੁਆਰੇ ਸਿੱਖੀ ਪ੍ਰਚਾਰ ਦੇ ਸੋਮੇ ਹਨ, ਪਰ ਅੱਜਕੱਲ੍ਹ ਇਨ੍ਹਾਂ ਵਿਚ ਨੌਜੁਆਨ ਪੀੜ੍ਹੀ ਲਈ ਕੋਈ ਪ੍ਰੋਗਰਾਮ ਨਹੀਂ ਹੁੰਦਾ। ਆਮ ਗੁਰਦੁਆਰਿਆਂ ਵਿਚ ਕੇਵਲ ਕੀਰਤਨ ਹੀ ਹੁੰਦਾ ਹੈ, ਜਿਸ ਦੀ ਨੌਜੁਆਨਾਂ ਨੂੰ ਕੋਈ ਸਮਝ ਨਹੀਂ ਆਉਂਦੀ। ਸ਼ਹਿਰਾਂ ਦੇ ਚੋਣਵੇਂ ਗੁਰਦੁਆਰਿਆਂ ਨੂੰ ਛੱਡ ਕੇ ਬਾਕੀਆਂ ਵਿਚ ਗੁਰਬਾਣੀ ਦੀ ਆਧੁਨਿਕ ਮੁਹਾਵਰੇ ਵਿਚ ਵਿਆਖਿਆ, ਸਿੱਖ ਇਤਿਹਾਸ, ਸਿੱਖ-ਸਭਿਆਚਾਰ ਦੀ ਜਾਣਕਾਰੀ ਦਾ ਕੋਈ ਪ੍ਰਬੰਧ ਨਹੀਂ ਹੈ।

ਬੱਚਿਆਂ ਦੇ ਮਨਾਂ ਵਿਚ ਧਰਮ ਲਈ ਪਿਆਰ, ਉਤਸ਼ਾਹ ਤੇ ਚੇਤਨਾ ਪੈਦਾ ਕਰਨ ਲਈ ਕੋਈ ਉਪਰਾਲਾ ਨਹੀਂ ਹੋ ਰਿਹਾ। ਧਾਰਮਿਕ ਕਲਾਸਾਂ, ਖੇਡਾਂ (ਮਾਰਸ਼ਲ ਆਰਟਸ), ਧਾਰਮਿਕ ਮੁਕਾਬਲੇ ਜਾਂ ਬੱਚਿਆਂ ਲਈ ਵਿਸ਼ੇਸ਼ ਸਮਾਗਮ ਆਦਿ ਸ਼ਾਇਦ ਹੀ ਕਿਸੇ ਗੁਰਦੁਆਰੇ ਵਿਚ ਹੁੰਦੇ ਹੋਣ।

ਗੁਰਦੁਆਰਿਆਂ ਵਿਚ ਐਸਾ ਕੋਈ ਪ੍ਰਬੰਧ ਨਹੀਂ ਹੈ ਜਿਸ ਨਾਲ ਇਲਾਕੇ ਦੇ ਲੋਕਾਂ ਦੀਆਂ ਲੋੜਾਂ, ਦੁੱਖ-ਤਕਲੀਫ਼ਾਂ, ਸਮੱਸਿਆਵਾਂ ਦਾ ਪਤਾ ਲਾਇਆ ਜਾ ਸਕੇ ਅਤੇ ਲੋੜਵੰਦਾਂ ਦੀ ਸ਼ਨਾਖ਼ਤ ਤੇ ਸਹਾਇਤਾ ਹੋ ਸਕੇ। ਗੁਰਦੁਆਰਿਆਂ ਦੀਆਂ ਵੱਡੀਆਂ-ਵੱਡੀਆਂ ਤੇ ਸ਼ਾਨਦਾਰ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ, ਕੀਮਤੀ ਪੱਥਰ ਅਤੇ ਸੋਨਾ ਲਾਇਆ ਜਾ ਰਿਹਾ ਹੈ, ਭਾਵੇਂ ਕਿ ਸੰਗਤ ਨਾਮ-ਮਾਤਰ ਹੀ ਹੁੰਦੀ ਹੈ।

ਕਈ ਗੁਰਦੁਆਰਿਆਂ ਵਿਚ ਤਾਂ ਮਨਮਤਾਂ ਤੇ ਅਨਮਤਾਂ ਦਾ ਪ੍ਰਚਾਰ ਹੋ ਰਿਹਾ ਹੈ—ਥਾਲ ਵਿਚ ਦੀਵੇ ਜਗਾ ਕੇ, ਟੱਲ/ਘੰਟੀਆਂ ਤੇ ਸੰਖ ਵਜਾ ਕੇ, ਆਰਤੀਆਂ, ਜੋਤਾਂ ਜਗਾਣੀਆਂ, ਬੁੱਤ ਬਣਾਉਣੇ, ਤਸਵੀਰਾਂ ਲਗਾਣੀਆਂ, ਟਿੱਕੇ ਲਾਉਣੇ; ਸੰਗਰਾਂਦਾਂ, ਮੱਸਿਆ, ਪੁੰਨਿਆ ਮਨਾਉਣੀਆਂ, ਸੰਪਟ ਪਾਠ ਕਰਾਉਣੇ, ਸਹਿਜ ਪਾਠ/ਅਖੰਡ ਪਾਠ ਸਮੇਂ ਕੁੰਭ (ਪਾਣੀ ਦਾ ਘੜਾ), ਲਾਲ ਕੱਪੜਾ, ਨਾਰੀਅਲ ਰੱਖਣਾ ਅਤੇ ਵਿਸ਼ੇਸ਼ ਸਮੱਗਰੀ ਵਾਲਾ ਧੂਫ਼ ਧੁਖਾਉਣਾ, ਸ਼ਨਿਚਰਵਾਰ ਨੂੰ ਛੋਲਿਆਂ ਦਾ 'ਪ੍ਰਸ਼ਾਦ' ਵੰਡਣਾ ਆਦਿਕ ਅਨੇਕਾਂ ਗੁਰਮਤਿ ਵਿਰੋਧੀ-ਕਰਮ ਹੋ ਰਹੇ ਹਨ।

ਹਰ ਸਾਲ ਗੁਰਦੁਆਰੇ ਦੇ ਪ੍ਰਬੰਧ ਲਈ ਚੋਣਾਂ ਕਰਵਾਈਆਂ ਜਾਂਦੀਆਂ ਹਨ। ਦੋ-ਤਿੰਨ ਮਹੀਨੇ ਪਹਿਲਾਂ ਹੀ ਚੋਣਾਂ ਦੀਆਂ ਸਰਗਰਮੀਆਂ ਸ਼ੁਰੂ ਹੋ ਜਾਂਦੀਆਂ ਹਨ। ਮੈਂਬਰ ਗੰਢੇ ਜਾਂਦੇ ਹਨ, ਨਵੇਂ ਧੜੇ ਬਣਦੇ ਹਨ ਤੇ ਇਲਜ਼ਾਮਬਾਜ਼ੀ ਸ਼ੁਰੂ ਹੋ ਜਾਂਦੀ ਹੈ। ਸੋਧਣ ਅਤੇ ਚੁੱਕ-ਦੇਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਜਿਹੇ ਵਾਤਾਵਰਣ ਵਿਚ ਧਰਮ ਦੇ ਵਧਣ-ਫੁੱਲਣ ਦੀ ਆਸ ਲਾਈ ਹੀ ਨਹੀਂ ਜਾ ਸਕਦੀ।

**(ਕ) ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ** : ਅਖ਼ਬਾਰਾਂ, ਰਸਾਲੇ, ਪੁਸਤਕਾਂ, ਵੱਖ-ਵੱਖ ਟੀ.ਵੀ. ਚੈਨਲ, ਕੰਪਿਊਟਰ, ਵੀਡੀਓ ਅਤੇ ਸਿਨੇਮਾ ਆਦਿ ਵਧੇਰੇ ਕਰਕੇ ਸਿੱਖ ਧਰਮ ਵਿਰੁੱਧ ਭੁਗਤ ਰਹੇ ਹਨ। ਸਿੱਖ ਵਿਚਾਰਧਾਰਾ ਅਤੇ ਸਭਿਆਚਾਰ ਨੂੰ ਅਨਮਤਾਂ (ਖ਼ਾਸ ਕਰਕੇ ਬ੍ਰਾਹਮਣੀ) ਦੀ ਪੁੱਠ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਸਿੱਖ ਸਰੂਪ ਦਾ ਮਜ਼ਾਕ ਉਡਾਇਆ ਜਾਂਦਾ ਹੈ—ਹਾਸਾ ਠੱਠਾ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ, ਸਿੱਖਾਂ ਬਾਰੇ ਕਈ ਤਰ੍ਹਾਂ ਦੇ ਘਟੀਆ ਚੁਟਕਲੇ ਸੁਣਾਏ ਜਾਂਦੇ ਹਨ। ਸਿੱਖ ਕਿਰਦਾਰ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਸਿੱਖੀ/ਸਿੱਖਾਂ ਪ੍ਰਤੀ ਨਫ਼ਰਤ ਵਿਚ ਵਾਧਾ ਹੋਵੇ। ਗਲੈਮਰ ਅਤੇ ਨਕਲੀ ਸੁੰਦਰਤਾ ਦੀ ਚਕਾਚੌਂਧ ਨੇ ਪਤਿਤਪੁਣੇ ਵਿਚ ਵਾਧਾ ਕੀਤਾ ਹੈ।

ਸਿੱਖਾਂ ਵਲੋਂ ਆਪਣਾ ਚੈਨਲ ਅਰੰਭ ਨਹੀਂ ਕੀਤਾ ਗਿਆ। ਹੋਰਨਾਂ ਚੈਨਲਾਂ ਦੀ ਵੀ ਸੁਯੋਗ ਵਰਤੋਂ ਨਹੀਂ ਕੀਤੀ। ਗੁਰਬਾਣੀ ਦੀ ਤਰਕ ਆਧਾਰਿਤ ਵਿਆਖਿਆ, ਸਿੱਖ-ਫ਼ਲਸਫ਼ੇ ਦੀ ਆਧੁਨਿਕ ਢੰਗ ਨਾਲ ਪੇਸ਼ਕਾਰੀ ਅਤੇ ਸਿੱਖ

ਧਰਮ ਬਾਰੇ ਭਰਮ-ਭੁਲੇਖੇ ਦੂਰ ਕਰਨ ਦਾ ਕੋਈ ਯਤਨ ਨਹੀਂ ਹੋ ਰਿਹਾ। ਸਾਡੇ ਮੁਕਾਬਲੇ ਵਿਚ ਈਸਾਈ ਅਤੇ ਹਿੰਦੂ ਧਰਮ ਬਾਰੇ ਪੁਰਸ਼ ਅਤੇ ਮਹਿਲਾ ਪ੍ਰਚਾਰਕ ਅਤੇ ਸਾਧ-ਸੰਤ ਕਿੰਨੇ ਵਧੀਆ (ਵਿਗਿਆਨਕ ਅਤੇ ਰੁਚੀਪੂਰਨ) ਢੰਗ ਨਾਲ ਜਾਣਕਾਰੀ ਫੈਲਾ ਰਹੇ ਹਨ।

**(ਖ) ਡੇਰਾਵਾਦ**—ਪੰਜਾਬ ਦੇ ਸਭ ਵੱਡੇ-ਛੋਟੇ ਸ਼ਹਿਰਾਂ ਅਤੇ ਪਿੰਡਾਂ ਦੇ ਸਮੂਹਾਂ ਵਿਚ ਸਾਧ-ਬਾਬਿਆਂ ਦੇ ਡੇਰੇ ਚੱਲ ਰਹੇ ਹਨ। ਇਹ ਡੇਰੇ ਹੀ ਗੁਰਮਤਿ ਦੇ ਨਾਂ 'ਤੇ ਬਿਪਰਵਾਦ ਦਾ ਪ੍ਰਚਾਰ ਕਰ ਰਹੇ ਹਨ। ਵਿਸ਼ੇਸ਼ ਸਮੱਗਰੀ ਨਾਲ ਅਖੰਡ ਪਾਠ, ਸਹਿਜ ਪਾਠ ਤੇ ਸੰਪਟ ਪਾਠ ਰੱਖੇ ਜਾਂਦੇ ਹਨ; ਇਕੋ ਹੀ ਬਾਣੀ ਦੇ ਬਾਰ-ਬਾਰ ਲਗਾਤਾਰ (ਅਖੰਡ) ਪਾਠ ਕੀਤੇ ਜਾ ਰਹੇ ਹਨ; ਪਾਠ ਵੰਡੇ ਜਾ ਰਹੇ ਹਨ; ਦੁੱਖ-ਕਸ਼ਟ ਦੂਰ ਕਰਨ ਲਈ, ਮਨ ਚਾਹੇ ਫਲ ਪ੍ਰਾਪਤ ਕਰਨ ਲਈ ਅਤੇ ਅਖੌਤੀ ਭੂਤਾਂ-ਪ੍ਰੇਤਾਂ ਤੋਂ ਪਿੱਛਾ ਛੁਡਾਉਣ ਲਈ ਖਾਸ ਸ਼ਬਦਾਂ ਦਾ, ਨਿਸ਼ਚਿਤ ਗਿਣਤੀ ਵਿਚ ਜਾਪ ਕਰਨ ਦੇ ਢੰਗ-ਤਰੀਕੇ ਦੱਸੇ ਜਾਂਦੇ ਹਨ। ਇਨ੍ਹਾਂ ਡੇਰਿਆਂ ਵਿਚ ਬੁੱਤ-ਪੂਜਾ, ਤਸਵੀਰ ਪੂਜਾ ਅਤੇ ਲੁਕਵੇਂ ਢੰਗ ਨਾਲ ਦੇਹ-ਪੂਜਾ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਤੀਰਥ ਯਾਤਰਾ, ਵਰਤ ਰੱਖਣ, ਦਾਨ, ਜਪ-ਤਪ ਆਦਿ ਦੇ ਮਹਾਤਮ ਦੱਸੇ ਜਾਂਦੇ ਹਨ। ਗੁਰਬਾਣੀ ਦੇ ਨਾਲ ਸਾਧਾਰਨ ਤੁਕ-ਬੰਦੀ ਦਾ ਕੀਰਤਨ ਕੀਤਾ ਜਾਂਦਾ ਹੈ, ਜਿਸ ਨੂੰ 'ਕੱਚੀ ਬਾਣੀ' ਆਖਦੇ ਹਨ। ਬ੍ਰਾਹਮਣਵਾਦ ਨਾਲ ਸੰਬੰਧਿਤ ਸਾਰੇ ਹੀ ਕਰਮ-ਕਾਂਡ ਇਨ੍ਹਾਂ ਡੇਰਿਆਂ ਵਿਚ ਕੀਤੇ ਜਾਂਦੇ ਹਨ। ਇਹ ਡੇਰੇ ਕਰਮ-ਕਾਂਡਾਂ, ਪਖੰਡਾਂ, ਅੰਧ-ਵਿਸ਼ਵਾਸਾਂ ਅਤੇ ਭੇਖਾਂ ਦੇ ਪ੍ਰਚਾਰ ਤੋਂ ਸਿਵਾ ਹੋਰ ਕੁਝ ਨਹੀਂ ਕਰ ਰਹੇ। ਇਹ ਗੁਰਮਤਿ-ਗਿਆਨ ਦੀ ਥਾਂ 'ਤੇ ਅਗਿਆਨਤਾ ਦੇ ਪ੍ਰਸਾਰ ਦਾ ਪ੍ਰਮੁੱਖ ਸਾਧਨ ਹਨ।

**(ਗ) ਪ੍ਰਚਾਰਕ ਵਰਗ** : ਇਨ੍ਹਾਂ ਵਿਚ ਗ੍ਰੰਥੀ, ਰਾਗੀ, ਢਾਡੀ, ਕਥਾਕਾਰ ਅਤੇ ਵਿਆਖਿਆਕਾਰ ਆਉਂਦੇ ਹਨ। ਬਹੁਤ ਘੱਟ ਗੁਰਸਿੱਖ ਹਨ ਜੋ ਇਹ ਕਾਰਜ ਨਿਸ਼ਕਾਮ ਭਾਵਨਾ ਨਾਲ ਕਰ ਰਹੇ ਹਨ; ਬਹੁਤੇ ਤਾਂ ਰੋਜ਼ੀ-ਰੋਟੀ ਲਈ ਇਹ 'ਸੇਵਾਵਾਂ' ਨਿਭਾ ਰਹੇ ਹਨ। ਜੀਵਨ ਬਸਰ ਕਰਨ ਲਈ, ਜਾਂ ਇਉਂ ਕਹੀਏ ਕਿ ਕੁੱਲੀ, ਗੁੱਲੀ, ਜੁੱਲੀ ਦੇ ਪ੍ਰਬੰਧ ਲਈ ਮਾਇਆ (ਧਨ) ਦੀ ਲੋੜ ਤਾਂ ਪੈਂਦੀ ਹੈ। ਪਰ ਜੇ ਪ੍ਰਚਾਰਕ ਮਾਇਆ ਕਮਾਉਣਾ ਜੀਵਨ ਦਾ ਮਨੋਰਥ ਬਣਾ ਲੈਣ ਤਾਂ ਉਹ ਧਰਮ-ਪ੍ਰਚਾਰ ਵਿਚ ਸਹਾਈ ਨਹੀਂ ਹੋ ਸਕਦੇ। ਅਜਿਹੇ ਪ੍ਰਚਾਰਕ ਆਮ ਤੌਰ 'ਤੇ ਸਿਧਾਂਤਾਂ ਨਾਲ ਸਮਝੌਤਾ ਕਰ ਲੈਂਦੇ ਹਨ ਅਤੇ ਉਨ੍ਹਾਂ ਔਗੁਣਾਂ ਦੇ ਸ਼ਿਕਾਰ ਹੋ ਜਾਂਦੇ ਹਨ, ਜੋ ਆਮ ਲੋਕਾਂ ਵਿਚ ਹੁੰਦੇ ਹਨ। ਉਹ ਪ੍ਰੇਰਨਾ-ਸਰੋਤ ਬਣਨ ਦੀ ਥਾਂ 'ਤੇ ਕਈ ਵਾਰ ਧਰਮ ਦੇ ਅਪਮਾਨ ਦਾ ਕਾਰਨ ਬਣਦੇ ਹਨ। ਬਹੁਤਿਆਂ ਨੂੰ ਨਵੀਂ ਖੋਜ ਨਾਲ ਵਾਹ ਨਹੀਂ ਪਿਆ ਹੁੰਦਾ, ਨਾ ਹੀ ਪੜ੍ਹਨ ਦੀ ਰੁਚੀ ਹੁੰਦੀ ਹੈ (ਕਈਆਂ ਨੂੰ ਤਾਂ ਪੰਜਾਬੀ ਭਾਸ਼ਾ ਵੀ ਗੁਜ਼ਾਰੇ ਜੋਗੀ ਆਉਂਦੀ ਹੁੰਦੀ ਹੈ), ਉਹ ਪੁਰਾਣੀ ਰਟ ਹੀ ਲਾਈ ਰੱਖਦੇ ਹਨ। ਸਮਾਂ ਲੰਘਾਉਣ ਲਈ ਸੱਚੀਆਂ ਅਤੇ ਕਾਲਪਨਿਕ ਸਾਖੀਆਂ ਸੁਣਾਉਂਦੇ ਹਨ। ਇਸ ਲਈ ਪੜ੍ਹੀ-ਲਿਖੀ ਅਤੇ ਨਵੀਂ ਪੀੜ੍ਹੀ ਦੇ ਮਨ ਵਿਚ ਧਰਮ ਲਈ ਖਿੱਚ ਪੈਦਾ ਨਹੀਂ ਕਰ ਸਕਦੇ। ਕਈ ਤਾਂ ਪ੍ਰਬੰਧਕਾਂ ਦੀ ਜੀ-ਹਜ਼ੂਰੀ ਕਰਕੇ ਝੱਟ ਲੰਘਾਉਂਦੇ ਹਨ।

**(ਘ) ਬੇਰੁਜ਼ਗਾਰੀ** : ਅਨੇਕਾਂ ਸਿੱਖ ਨੌਜੁਆਨ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੇ ਯੁਗ ਵਿਚ ਉਹ ਯੋਗਤਾ ਹੋਣ ਦੇ ਬਾਵਜੂਦ ਵੀ ਯੋਗ ਨੌਕਰੀਆਂ ਹਾਸਲ ਨਹੀਂ ਕਰ ਸਕਦੇ। ਉਨ੍ਹਾਂ ਕੋਲ ਧਰਮ-ਕਰਮ ਦੀਆਂ ਗੱਲਾਂ ਸੋਚਣ ਦਾ ਸਮਾਂ ਹੀ ਨਹੀਂ ਹੈ। ਸਮੁੱਚੀ ਕੌਮ (ਖ਼ਾਲਸਾ ਪੰਥ) ਵਲੋਂ ਇਸ ਸਮੱਸਿਆ ਦੇ ਹੱਲ ਬਾਰੇ ਸੋਚਿਆ ਤੱਕ ਨਹੀਂ ਜਾ ਰਿਹਾ। ਜਿਹੜਾ ਪੈਸਾ ਗੁਰਦੁਆਰਿਆਂ ਦੀਆਂ ਇਮਾਰਤਾਂ 'ਤੇ ਮਾਰਬਲ ਜਾਂ ਸੋਨਾ ਲਾਉਣ ਲਈ ਲਾਇਆ ਜਾ ਰਿਹਾ ਹੈ ਅਤੇ ਕਈ ਹੋਰ ਫ਼ਜ਼ੂਲ ਕੰਮਾਂ 'ਤੇ ਖ਼ਰਚ ਕੀਤਾ ਜਾ ਰਿਹਾ ਹੈ, ਉਸ ਨੂੰ ਇਸ ਪਾਸੇ ਵਰਤਣ ਦੀ ਸੋਚ ਸਾਡੇ ਅੰਦਰ ਪੈਦਾ ਹੀ ਨਹੀਂ ਹੋਈ। ਗੁਰਦੁਆਰਿਆਂ ਦੇ ਪ੍ਰਬੰਧਕ, ਵੱਡੇ ਵਿਉਪਾਰੀ ਅਤੇ ਕਾਰਖਾਨੇਦਾਰ ਮਿਲ ਕੇ ਇਸ ਸਮੱਸਿਆ ਦਾ ਹੱਲ ਸਹਿਜੇ ਹੀ ਕਰ ਸਕਦੇ ਹਨ।

**(ਙ) ਅਨੇਕਾਂ ਸਿਆਸੀ ਪਾਰਟੀਆਂ** : ਛੋਟੇ ਜਿਹੇ ਸਿੱਖ ਪੰਥ ਵਿਚ ਕਈ ਸਿਆਸੀ ਪਾਰਟੀਆਂ ਹਨ; ਉਨ੍ਹਾਂ ਦੇ ਬਣਨ ਦਾ ਕਾਰਨ ਸਿਆਸੀ ਨੇਤਾਵਾਂ ਦੀ ਹਉਮੈ ਜਾਂ ਚੌਧਰ ਦੀ ਭਾਵਨਾ ਹੀ ਹੈ। ਪੰਜਾਬ ਜਾਂ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇਨ੍ਹਾਂ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ ਹੈ; ਜੇ ਕਾਗ਼ਜ਼ੀ ਪ੍ਰੋਗਰਾਮ ਹੈ ਤਾਂ ਉਸ 'ਤੇ ਅਮਲ ਨਹੀਂ ਕੀਤਾ ਜਾ ਸਕਦਾ। ਇਹ ਇਕ ਦੂਜੇ 'ਤੇ ਦੂਸ਼ਣ ਲਾ ਕੇ ਆਪਣੀ ਹੋਂਦ ਨੂੰ ਕਾਇਮ ਰੱਖ ਰਹੀਆਂ ਹਨ। ਦਸੰਬਰ 1920 ਵਿਚ ਸ੍ਰੀ ਅਕਾਲ ਤਖ਼ਤ 'ਤੇ ਇਕੱਠ ਬੁਲਾ ਕੇ, ਸ਼੍ਰੋਮਣੀ ਕਮੇਟੀ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਬਣਾਈ ਗਈ ਸਿਆਸੀ ਪਾਰਟੀ ਹੁਣ 'ਪੰਜਾਬੀ ਪਾਰਟੀ' ਬਣ ਗਈ ਹੈ ਪਰ ਵੋਟਾਂ ਅਜੇ ਵੀ ਪੰਥ ਦੇ ਨਾਮ 'ਤੇ ਮੰਗੀਆਂ ਜਾਂਦੀਆਂ ਹਨ, ਇਸ ਦੇ ਨਾਲ ਹੀ ਗ਼ੈਰ-ਸਿੱਖਾਂ ਨੂੰ ਖੁਸ਼ ਕਰਨ ਲਈ ਗੁਰਮਤਿ ਵਿਚ ਵਿਵਰਜਿਤ ਕਰਮ ਇਸ ਤੇ 'ਅੰਮ੍ਰਿਤਧਾਰੀ' ਨੇਤਾ ਕਰਦੇ ਹਨ; ਜਿਵੇਂ ਦੇਵਤਿਆਂ ਦੀਆਂ ਮੂਰਤਾਂ ਅੱਗੇ ਮੱਥਾ ਟੇਕਣਾ, ਹਵਨ ਤੇ ਯੱਗ ਕਰਵਾਉਣੇ, ਜਗਰਾਤਿਆਂ ਵਿਚ ਦੇਵੀ ਦੀ ਜੋਤਿ ਪ੍ਰਚੰਡ ਕਰਨੀ, ਅਨਮਤੀ ਪੁਸਤਕਾਂ ਦੇ ਪਾਠ ਕਰਵਾਉਣੇ ਆਦਿ। ਬਾਕੀ ਪਾਰਟੀਆਂ ਵੀ ਆਪਣਾ ਸਿੱਖ ਏਜੰਡਾ ਪੇਸ਼ ਨਹੀਂ ਕਰ ਸਕੀਆਂ ਤੇ ਨਾ ਹੀ ਲੋਕਾਂ (ਸਿੱਖਾਂ) ਨੂੰ ਨਾਲ ਲੈ ਸਕੀਆਂ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਅਤੇ ਹੁਣ ਦੇ ਲੀਡਰਾਂ ਦੀ ਕਮ-ਅਕਲੀ ਅਤੇ ਖ਼ੁਦਗ਼ਰਜ਼ੀ ਕਾਰਨ ਭਾਰਤ ਦੇ ਕਿਸੇ ਹਿੱਸੇ ਵਿਚ ਵੀ ਅਜਿਹਾ ਖਿੱਤਾ ਕਾਇਮ ਨਹੀਂ ਹੋ ਸਕਿਆ ਜਿਥੇ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਵਧ-ਫੁੱਲ ਸਕੇ ਅਤੇ ਸਿੱਖ ਗੌਰਵਮਈ ਜੀਵਨ ਜੀਅ ਸਕਣ। ਸਿੱਖ ਨੌਜੁਆਨ, ਨੇਤਾਵਾਂ ਦੇ ਗ਼ੈਰ-ਸਿੱਖ ਕਿਰਦਾਰ ਅਤੇ ਦੋਗਲੇਪਨ ਕਰਕੇ ਬਹੁਤ ਨਿਰਾਸ਼ ਹੋਏ ਹਨ ਅਤੇ ਵਿਚਾਰਧਾਰਾ ਅਤੇ ਸਰੂਪ ਪੱਖੋਂ ਸਿੱਖੀ ਤੋਂ ਦੂਰ ਗਏ ਹਨ।

**(ਚ) ਸਿਧਾਂਤਕ ਮਤ-ਭੇਦ** : ਸਿੱਖ-ਵਿਦਵਾਨ ਵੀ ਕੌਮ ਨੂੰ ਕੋਈ ਠੋਸ ਸੇਧ ਨਹੀਂ ਦੇ ਸਕੇ। ਕੋਈ ਐਸਾ ਅਦਾਰਾ ਕਾਇਮ ਨਹੀਂ ਹੋ ਸਕਿਆ ਜੋ ਸਿੱਖ ਪੰਥ ਨੂੰ ਅੰਦਰੂਨੀ ਅਤੇ ਬਾਹਰੀ ਖ਼ਤਰਿਆਂ ਤੋਂ ਆਗਾਹ ਕਰ ਸਕੇ, ਸਿੱਖਾਂ ਦਾ ਮਾਰਗ-ਦਰਸ਼ਨ ਕਰ ਸਕੇ। ਆਪਣੇ-ਆਪਣੇ ਤੌਰ 'ਤੇ ਮੁੱਦਿਆਂ 'ਤੇ ਵੱਖਰੇ-ਵੱਖਰੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ, ਜਿਸ ਨਾਲ ਵਿਚਾਰਧਾਰਕ ਏਕਤਾ ਨੂੰ ਸੱਟ ਵੱਜਦੀ ਹੈ। ਸਿੱਖ ਪੰਥ ਵਲੋਂ ਵੀ ਪੁਰਾਣੇ ਮਸਲਿਆਂ ਨੂੰ ਹੱਲ ਕਰਨ ਦਾ ਯਤਨ ਨਹੀਂ ਕੀਤਾ ਜਾ ਰਿਹਾ; ਸਗੋਂ ਫਤਵੇ ਜਾਰੀ ਕਰਵਾ ਕੇ ਖੋਜ ਨੂੰ ਰੋਕਿਆ ਜਾਂਦਾ ਹੈ। ਗੁਰੂ-ਕਾਲ ਵਿਚ ਅਤੇ ਉਸ ਦੇ ਮਗਰੋਂ ਕਦੇ ਵੀ, ਕਿਸੇ ਤਰ੍ਹਾਂ ਦੀ ਵੀ ਤਾਕਤ ਨਾਲ ਖੋਜ ਅਤੇ ਵਿਚਾਰਾਂ ਦੀ ਸੁਤੰਤਰਤਾ 'ਤੇ ਰੋਕ ਨਹੀਂ ਲਾਈ ਗਈ। ਇਹ ਕੰਮ ਮੁਗ਼ਲ-ਸਰਕਾਰਾਂ ਜ਼ਰੂਰ ਕਰਦੀਆਂ ਰਹੀਆਂ ਹਨ। ਆਪਣੇ ਅਤੇ ਹੋਰਨਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਖ਼ਾਤਰ ਤਾਂ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਜਾਨ ਤੱਕ ਕੁਰਬਾਨ ਕਰ ਦਿੱਤੀ ਸੀ।

ਗੁਰਬਾਣੀ ਵਿਚ ਬਿਬੇਕ-ਬੁੱਧੀ ਦੀ ਵਰਤੋਂ, ਅਕਲ (ਉੱਚੀ ਮਤਿ) ਦੀ ਵਰਤੋਂ ਅਤੇ ਖੋਜ ਦੀ ਬਿਰਤੀ ਧਾਰਨ ਕਰਨ ਬਾਰੇ ਇਸ ਤਰ੍ਹਾਂ ਸੇਧ ਦਿੱਤੀ ਗਈ ਹੈ :

**ਖੋਜੀ ਉਪਜੈ, ਬਾਦੀ ਬਿਨਸੈ**
**ਹਉ ਬਲਿ ਬਲਿ ਗੁਰ ਕਰਤਾਰਾ॥**

*(ਮਲਾਰ, ਮ: ੧, ੧੨੫੫)*

(**ਬਿਚਰਿ**—ਵਿਚਾਰ ਕੇ)

**ਅਕਲੀ ਸਾਹਿਬੁ ਸੇਵੀਐ**

**ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ**
**ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ**
**ਹੋਰਿ ਗਲਾਂ ਸੈਤਾਨੁ ॥**

*(ਸਲੋਕ, ਮ: ੧, ੧੨੪੫)*

(**ਕੀਚੈ ਦਾਨੁ**—ਅਕਲ/ਸਮਝ ਹੋਰਨਾਂ ਵਿਚ ਵੰਡੀਏ)।

**ਪਹਿਲਾ ਵਸਤੁ ਸਿਞਾਣਿ ਕੈ**
**ਤਾਂ ਕੀਚੈ ਵਾਪਾਰੁ ॥**

*(ਸਲੋਕ ਵਾਰਾਂ ਤੇ ਵਧੀਕ, ਮ: ੧, ੧੪੧੦)*

ਬੁੱਧੀ-ਹੀਣ ਅਤੇ ਅਗਿਆਨਤਾ 'ਤੇ ਮਾਣ ਕਰਨ ਵਾਲਿਆਂ ਬਾਰੇ ਸਤਿਗੁਰਾਂ ਦੇ ਬਚਨ ਹਨ :

**ਇਕਨਾ ਸੁਧਿ ਨ ਬੁਧਿ, ਨ ਅਕਲਿ ਸਰ**
**ਅਖਰ ਕਾ ਭੇਉ ਨ ਲਹੰਤਿ ॥**
**ਨਾਨਕ ਸੇ ਨਰ ਅਸਲਿ ਖਰ**
**ਜਿ ਬਿਨੁ ਗੁਣ ਗਰਬੁ ਕਰੰਤਿ ॥**

*(ਮ: ੧, ੧੨੪੬)*

(**ਸੁਧਿ**—ਸੂਝ। **ਬੁਧਿ**—ਅਕਲ। **ਸਰ**—ਸਾਰ, ਸਮਝ। **ਭੇਉ**—ਭੇਦ। **ਅਖਰ ਕਾ ਭੇਉ**—ਪੜ੍ਹਨ ਦੀ ਜਾਚ। **ਅਸਲਿ ਖਰ**—ਨਿਰੇ ਖੋਤੇ।)

ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜਿਥੇ ਖੋਜ ਦੀ ਖੁਲ੍ਹ ਹੋਣੀ ਚਾਹੀਦੀ ਹੈ, ਉਥੇ ਵਿਦਵਾਨਾਂ ਨੂੰ ਵੀ ਵਿਵਾਦ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ, ਨਾ ਕਿ ਨਵੇਂ ਵਿਵਾਦ ਖੜ੍ਹੇ ਕਰਨੇ।

**(ਛ) ਨਾਸਤਿਕਤਾ ਦਾ ਪ੍ਰਚਾਰ :** ਕਮਿਊਨਿਸਟ ਵਿਦਵਾਨ ਰੱਬ ਦੀ ਹੋਂਦ ਤੱਕ ਵਿਚ ਵਿਸ਼ਵਾਸ ਨਹੀਂ ਰੱਖਦੇ ਅਤੇ ਪੰਥਕ ਸੰਗਠਨ ਦੇ ਹਾਮੀ ਵੀ ਨਹੀਂ ਹਨ ਅਤੇ ਨਾ ਹੀ ਕਕਾਰ ਧਾਰਨ ਨੂੰ ਉਚਿਤ ਸਮਝਦੇ ਹਨ, ਉਹ ਤਰਕਸ਼ੀਲਤਾ ਦੇ ਨਾਮ ਹੇਠ ਨਾਸਤਿਕਤਾ ਦਾ ਪ੍ਰਚਾਰ ਕਰ ਰਹੇ ਹਨ। ਉਹ ਪੰਥਕ ਸੰਗਠਨਾਂ ਵਿਚ ਘੁਸੇ ਹੋਏ ਹਨ; ਕਾਫੀ ਲੰਮੇ ਸਮੇਂ ਤੋਂ ਸਕੂਲਾਂ-ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਅਤੇ ਖੋਜ-ਕਾਰਜਾਂ ਵਿਚ ਰੁਝੇ ਹੋਏ ਹਨ। ਇਹ ਗੁਰਬਾਣੀ ਦੀ ਗ਼ਲਤ ਵਿਆਖਿਆ ਕਰਕੇ ਸਿੱਖ ਫ਼ਲਸਫ਼ੇ ਨੂੰ ਗ਼ਲਤ ਰੰਗਣ ਵਿਚ ਪੇਸ਼ ਕਰਕੇ ਵਿਦਿਆਰਥੀਆਂ ਨੂੰ ਧਰਮ ਤੋਂ ਦੂਰ ਕਰ ਰਹੇ ਹਨ। ਇਹ ਇਥੋਂ ਤੱਕ ਵਧ ਗਏ ਹਨ ਕਿ ਆਪਣੇ ਆਪ ਨੂੰ (ਸਿਰ-ਮੂੰਹ ਮੁਨਾ ਕੇ ਵੀ) 'ਸ਼ਬਦ-ਗੁਰੂ' ਨੂੰ ਮੰਨਣ ਵਾਲੇ ਅਤੇ ਕਕਾਰ ਧਾਰਨ ਕਰਨ ਵਾਲਿਆਂ ਨੂੰ 'ਕਰਮ-ਕਾਂਡੀ' ਦੇ ਤੌਰ 'ਤੇ ਪ੍ਰਚਾਰ ਰਹੇ ਹਨ। ਇਹ ਕਿਉਂਕਿ ਕਰਮ-ਕਾਂਡਾਂ, ਭੇਖਾਂ, ਅੰਧ-ਵਿਸ਼ਵਾਸਾਂ ਦਾ ਖੰਡਨ ਕਰਦੇ ਹਨ, ਕਈ ਗੁਰਸਿੱਖਾਂ ਨੂੰ ਚੰਗੇ ਲਗਦੇ ਹਨ। ਪਰ ਅਛੋਪਲੇ ਜਿਹੇ ਰੱਬ ਦੀ ਹੋਂਦ ਨੂੰ ਨਕਾਰਦੇ ਰਹਿੰਦੇ ਹਨ, ਜੋ ਕਿ ਸਿੱਖ ਧਰਮ ਦਾ ਆਧਾਰ ਹੈ। ਇਨ੍ਹਾਂ ਤੋਂ ਪ੍ਰਭਾਵਿਤ ਕਈ 'ਸਿੱਖ-ਵਿਦਵਾਨ' ਆਤਮਾ ਦੀ ਨਿਰੰਤਰਤਾ ਅਤੇ ਆਵਾਗਵਨ ਦੇ ਸਿਧਾਂਤ ਨੂੰ ਰੱਦ ਕਰਨ ਲੱਗ ਪਏ ਹਨ। ਇਹ ਨੌਜੁਆਨਾਂ ਨੂੰ ਧਰਮ ਤੋਂ ਦੂਰ ਕਰਨ ਅਤੇ ਪਤਿਤਪੁਣੇ ਵਿਚ ਵਾਧੇ ਦਾ ਇਕ ਵੱਡਾ ਕਾਰਨ ਹਨ।

ਉਪਰੋਕਤ (ਅਤੇ ਹੋਰ) ਕਾਰਨਾਂ ਕਰਕੇ ਅਜਿਹਾ ਵਾਤਾਵਰਣ ਪੈਦਾ ਹੋ ਗਿਆ ਹੈ, ਜਿਸ ਨਾਲ ਸਿੱਖ ਕਰੈਕਟਰ ਦਾ ਦੀਵਾਲਾ ਨਿਕਲ ਗਿਆ ਹੈ, ਸਿੱਖ ਸਭਿਆਚਾਰ ਨੂੰ ਮਿੱਟੀ ਵਿਚ ਰੋਲਿਆ ਜਾ ਰਿਹਾ ਹੈ, ਨਵੀਂ ਪਨੀਰੀ ਵਿਚ ਸਿੱਖੀ ਸੋਚ ਤੇ ਭਾਵਨਾ (Spirit) ਖ਼ਤਮ ਹੋ ਗਈ ਹੈ। ਨਵੀਂ ਪਨੀਰੀ ਦੇ ਮਨ ਵਿਚ ਧਰਮ ਅਤੇ ਕਥਿਤ ਧਰਮੀਆਂ ਤੋਂ ਨਫ਼ਰਤ ਪੈਦਾ ਹੋ ਗਈ ਹੈ; ਉਹ ਸਿੱਖ ਧਰਮ ਨੂੰ ਬੀਤੇ ਸਮੇਂ ਦਾ ਧਰਮ ਸਮਝਣ ਲੱਗ ਪਈ ਹੈ।

**ਵਰਤਮਾਨ ਦਸ਼ਾ (ਸਮੱਸਿਆਵਾਂ) ਦਾ ਹੱਲ :** ਸਿੱਖ ਕੌਮ ਨੂੰ ਵਰਤਮਾਨ ਚਿੰਤਾਜਨਕ ਦਸ਼ਾ ਵਿਚੋਂ ਕੱਢਣ ਲਈ ਉਨ੍ਹਾਂ ਸਾਰੇ ਕਾਰਨਾਂ ਨੂੰ ਖ਼ਤਮ ਕਰਨਾ ਹੋਵੇਗਾ, ਜਿਨ੍ਹਾਂ ਕਰਕੇ ਅਜਿਹੀ ਦਸ਼ਾ ਪੈਦਾ ਹੋਈ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਹੇਠ ਲਿਖੇ ਯਤਨ ਕਾਰਗਰ ਸਿੱਧ ਹੋ ਸਕਦੇ ਹਨ :

**(ੳ) ਗੁਰਬਾਣੀ ਦੇ ਸੱਚ ਨੂੰ ਪ੍ਰਚਾਰਨਾ :** ਇਹ ਇਕ ਕੌੜੀ ਸਚਾਈ ਹੈ ਕਿ ਅਸੀਂ ਜਿੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਹਰੀ ਸਤਿਕਾਰ ਕਰਦੇ ਹਾਂ, ਉੱਨਾ ਗੁਰਬਾਣੀ ਵਿਚ ਦਰਜ ਗੁਰ-ਉਪਦੇਸ਼ਾਂ ਨੂੰ ਸਮਝਣ ਦਾ ਯਤਨ ਨਹੀਂ ਕਰਦੇ। ਅਸੀਂ ਗੁਰੂ ਪਾਤਸ਼ਾਹਾਂ ਦੇ ਇਨ੍ਹਾਂ ਬਚਨਾਂ ਨੂੰ ਭੁਲਦੇ ਜਾ ਰਹੇ ਹਾਂ :

**ਸੇਵਕ ਸਿਖ ਪੂਜਣ ਸਭਿ ਆਵਹਿ**
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**
**ਗਾਵਿਆ ਸੁਣਿਆ ਤਿਨ ਕਾ**
**ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ**
**ਸਤਿ ਸਤਿ ਕਰਿ ਮਾਨੀ ॥**

*(ਧਨਾਸਰੀ, ਮ: ੪, ੬੬੯)*

**ਸਤਿਗੁਰ ਨੋ ਸਭੁ ਕੋ ਵੇਖਦਾ**
**ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ**
**ਜਿਚਰੁ ਸਬਦਿ ਨ ਕਰੇ ਵੀਚਾਰੁ ॥**

*(ਸਲੋਕ, ਮ: ੩, ੫੯੪)*

**ਮੈ ਗੁਰਬਾਣੀ ਆਧਾਰੁ ਹੈ**
**ਗੁਰਬਾਣੀ ਲਾਗਿ ਰਹਾਉ ॥**

*(ਸੂਹੀ, ਮਹਲਾ ੪, ਅਸਟ. ੭੫੯)*

**ਗੁਰਿ ਕਹਿਆ ਸਾ ਕਾਰ ਕਮਾਵਹੁ ॥**
**ਗੁਰ ਕੀ ਕਰਣੀ ਕਾਹੇ ਧਾਵਹੁ ॥**

*(ਓਅੰਕਾਰ, ਮਹਲਾ ੧, ੯੩੩)*

[ਹੇ ਭਾਈ! ਉਹ ਕਾਰ (ਕੰਮ) ਕਰੋ ਜੋ ਸਤਿਗੁਰੂ ਨੇ ਦੱਸੀ ਹੈ, ਸਤਿਗੁਰੂ ਦੀ ਦੱਸੀ ਕਰਣੀ ਤੋਂ ਪਰੇ ਨਾ ਦੌੜੋ।]

ਅੱਜ ਅਸੀਂ ਗੁਰੂ ਜੀ ਅੱਗੇ ਮੱਥਾ ਤਾਂ ਟੇਕਦੇ ਹਾਂ, ਪਰ ਗੁਰੂ ਦੀ ਦੱਸੀ ਕਰਣੀ ਤੋਂ ਦੂਰ ਜਾ ਰਹੇ ਹਾਂ, ਗੁਰੂ ਦੇ ਉਪਦੇਸ਼ਾਂ ਦੀ ਕਮਾਈ ਨਹੀਂ ਕਰਦੇ। ਇਸੇ ਕਰਕੇ ਢਹਿੰਦੀ ਕਲਾ ਵੱਲ ਜਾ ਰਹੇ ਹਾਂ। ਸੋ, ਲੋੜ ਹੈ ਕਿ ਗੁਰਬਾਣੀ ਨਾਲ ਡੂੰਘੀ ਸਾਂਝ ਪਾਈਏ, ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਬਣਾਈਏ, ਤੇ ਗੁਰਬਾਣੀ ਦੇ ਸਿਧਾਂਤਾਂ ਦਾ, ਗੁਰਬਾਣੀ ਵਿਚ ਦੱਸੀ ਜੀਵਨ-ਜਾਚ ਦਾ ਪ੍ਰਚਾਰ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਫੁਰਮਾਇਆ ਸੀ ਕਿ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਜੋ ਗੁਰਬਾਣੀ ਰੂਪੀ ਭੋਜਨ ਪਰੋਸਿਆ ਗਿਆ ਹੈ, ਉਹ ਛਕ ਕੇ ਹੀ ਮਨੁੱਖ ਆਪਣਾ ਜੀਵਨ ਸਫਲ ਕਰ ਸਕਦਾ ਹੈ, ਅਤੇ ਉਸ ਭੋਜਨ ਨੂੰ ਤਿਆਗਿਆ ਨਹੀਂ ਜਾ ਸਕਦਾ :

**ਥਾਲ ਵਿਚਿ ਤਿੰਨਿ ਵਸਤੂ ਪਈਓ**
**ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ**
**ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ**
**ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ**
**ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ**
**ਸਭੁ ਨਾਨਕ ਬ੍ਰਹਮ ਪਸਾਰੋ ॥**

*(ਮੁੰਦਾਵਣੀ, ਮਹਲਾ ੫, ੧੪੨੯)*

**(ਅ) ਦੂਰ ਹੋਇਆਂ ਤੱਕ ਪਹੁੰਚ :** ਜਿਨ੍ਹਾਂ ਲੋਕਾਂ ਤੱਕ ਗੁਰੂ ਸਾਹਿਬ ਦਾ ਸੁਨੇਹਾ ਨਹੀਂ ਪਹੁੰਚਿਆ—ਚਾਹੇ ਉਹ ਵਿਦਿਆਰਥੀ ਹੋਣ ਜਾਂ ਦੂਰ-ਦੁਰਾਡੇ ਪਿੰਡਾਂ ਵਿਚ ਰਹਿਣ ਵਾਲੇ ਵੀਰ/ਭੈਣ, ਉਨ੍ਹਾਂ ਤੱਕ ਪਹੁੰਚ ਕਰਨੀ ਜ਼ਰੂਰੀ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਗੁਰਮਤਿ ਦਾ ਸੁਨੇਹਾ ਦੇਣ ਲਈ ਦੂਰ-ਦੂਰ ਤੱਕ, ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚ ਗਏ ਸਨ, ਉਵੇਂ ਹੀ ਲੋਕਾਂ ਨਾਲ ਨਿੱਜੀ ਸੰਪਰਕ ਪੈਦਾ ਕਰਨ ਦੀ ਲੋੜ ਹੈ। ਇਸ ਤਰ੍ਹਾਂ ਹੀ ਉਨ੍ਹਾਂ ਦੇ ਮਨ ਵਿਚ ਉਠ ਰਹੇ ਧਰਮ ਬਾਰੇ ਭਰਮ-ਭੁਲੇਖਿਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਗੁਰਮਤਿ ਦੀ ਸਾਰਥਕਤਾ ਅਤੇ ਪ੍ਰਸੰਗਿਕਤਾ ਨੂੰ ਸਮਝਾਇਆ ਜਾ ਸਕਦਾ ਹੈ। ਇਸ ਕੰਮ ਵਿਚ ਟੀ. ਵੀ. ਚੈਨਲ, ਕੰਪਿਊਟਰ, ਫ਼ਿਲਮਾਂ ਵੀ ਸਹਾਈ ਹੋ ਸਕਦੀਆਂ ਹਨ। ਪਰ

ਇਕ ਗੱਲ ਦਾ ਧਿਆਨ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ ਕਿ ਭਾਵੇਂ ਨਿੱਜੀ ਸੰਪਰਕ ਹੋਵੇ ਜਾਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ, ਧਰਮ ਦੀ ਗੱਲ ਕਰਨ ਵਾਲੇ ਲੋਕ ਪੂਰੀ ਤਰ੍ਹਾਂ ਸਿਖਿਅਤ ਹੋਣੇ ਚਾਹੀਦੇ ਹਨ; ਉਨ੍ਹਾਂ ਨੂੰ ਆਪਣੇ ਅਤੇ ਹੋਰਨਾਂ ਧਰਮਾਂ ਦਾ ਤੇ ਨਾਸਤਿਕ ਵਿਚਾਰਾਂ ਦਾ ਭਰਪੂਰ ਗਿਆਨ ਹੋਣਾ ਚਾਹੀਦਾ ਹੈ। ਕੇਵਲ ਗਿਆਨ ਹੀ ਨਹੀਂ ਹੋਣਾ ਚਾਹੀਦਾ ਸਗੋਂ ਗਿਆਨ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਵਿਚ ਮੁਹਾਰਤ ਵੀ ਹੋਣੀ ਚਾਹੀਦੀ ਹੈ।

**(ੲ) ਲੋਕ-ਭਲਾਈ ਦੇ ਕਾਰਜ** : ਸਾਰੇ ਧਰਮ ਲੋੜਵੰਦਾਂ ਦੀ ਭਲਾਈ ਅਤੇ ਸਮਾਜ ਦੇ ਸੱਚੇ ਸੇਵਕ ਬਣਨ ਦੀ ਪ੍ਰੇਰਨਾ ਦਿੰਦੇ ਹਨ। ਸਮਾਜ ਗਰੀਬੀ, ਅਨਪੜ੍ਹਤਾ, ਨਸ਼ੇ, ਭਰੂਣ-ਹੱਤਿਆਵਾਂ, ਭਿਆਨਕ ਬਿਮਾਰੀਆਂ, ਜਾਤ-ਪਾਤ ਤੇ ਊਚ-ਨੀਚ ਦੇ ਵਿਤਕਰਿਆਂ ਆਦਿ ਨਾਲ ਗ੍ਰਸਤ ਅਤੇ ਪੀੜਿਤ ਹੈ। ਇਕ ਸੱਚੇ ਧਰਮ ਪ੍ਰਚਾਰਕ ਜਾਂ ਧਰਮ-ਪ੍ਰਚਾਰਕ ਸੰਸਥਾਵਾਂ ਨੂੰ ਇਸ ਤਰ੍ਹਾਂ ਦੇ ਸਮਾਜਿਕ ਕੋਹੜਾਂ ਨੂੰ ਦੂਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਗੁਰੂ ਸਾਹਿਬਾਨ ਨੇ ਦਸਵੰਧ ਦੀ ਮਾਇਆ ਨਾਲ ਵਿਦਿਆਲੇ, ਦਵਾ-ਘਰ (ਹਸਪਤਾਲ) ਖੋਲ੍ਹੇ ਸਨ, ਕਾਲ-ਪੀੜਤ ਅਤੇ ਮਹਾਂਮਾਰੀਆਂ ਤੋਂ ਪੀੜਤ ਲੋਕਾਂ ਲਈ ਦਵਾਈਆਂ, ਕੱਪੜਿਆਂ, ਮਕਾਨਾਂ, ਪੀਣ ਲਈ ਸਵੱਛ ਪਾਣੀ, ਖੂਹ ਲਗਵਾਉਣ ਦਾ ਪ੍ਰਬੰਧ ਕੀਤਾ ਸੀ ਅਤੇ ਸੰਗਤਾਂ ਨੂੰ ਨਾਲ ਲੈ ਕੇ ਪੀੜਤਾਂ ਦੀ ਹੱਥੀਂ ਸੇਵਾ ਕੀਤੀ ਸੀ। ਇਥੋਂ ਤੱਕ ਕਿ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਛੋਟੇ-ਛੋਟੇ ਉਦਯੋਗ (ਕੰਮ-ਧੰਦੇ) ਖੋਲ੍ਹੇ ਅਤੇ ਬਾਜ਼ਾਰ ਬਣਵਾਏ ਸਨ। ਧਰਮ-ਪ੍ਰਚਾਰ ਦੇ ਨਾਲ ਲੋਕ-ਭਲਾਈ ਦੇ ਕਾਰਜ ਸੋਨੇ ਉਤੇ ਸੁਹਾਗੇ ਵਾਲਾ ਕੰਮ ਕਰਦੇ ਹਨ। ਜੇ ਪੰਥਕ ਪੱਧਰ ਦੀ ਕੇਂਦਰੀ ਸੰਸਥਾ ਜਾਂ ਹੋਰ ਪੰਥਕ ਸੰਸਥਾਵਾਂ ਆਰਥਿਕ ਪੱਖੋਂ ਸਮਰੱਥ ਗੁਰਸਿੱਖਾਂ ਦੇ ਸਹਿਯੋਗ ਨਾਲ ਇਸ ਪਾਸੇ ਵੱਲ ਯਤਨਸ਼ੀਲ ਹੋਣ ਤਾਂ ਬਹੁਤੇ ਚੰਗੇ ਸਿੱਟੇ ਨਿਕਲ ਸਕਦੇ ਹਨ। ਸਾਡੀ ਰਾਇ ਤਾਂ ਇਹ ਹੈ ਕਿ ਜੇ ਚਾਹੇ ਤਾਂ ਸਿੱਖ ਪੰਥ ਆਰਥਕ ਪੱਖੋਂ ਪੂਰੀ ਤਰ੍ਹਾਂ ਆਤਮ-ਨਿਰਭਰ ਹੋ ਸਕਦਾ ਹੈ।

**(ਸ) ਸਥਾਈ ਥਿੰਕ ਟੈਂਕ (ਚਿੰਤਕ/ਵਿਦਵਾਨ ਮੰਡਲੀ)** : ਜੀਵਨ ਦੇ ਹਰ ਖੇਤਰ ਵਿਚ ਵਿਗਿਆਨਕ ਤਰੱਕੀ ਦੇ ਨਾਲ, ਧਰਮ ਬਾਰੇ ਕਈ ਸਵਾਲ ਪੈਦਾ ਹੋ ਰਹੇ ਹਨ, ਕਈ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਹਨ ਅਤੇ ਬਹੁਤ ਸਾਰੇ ਭਰਮ-ਭੁਲੇਖੇ ਪਹਿਲਾਂ ਹੀ ਪਏ ਹੋਏ ਹਨ। ਗੁਰਬਾਣੀ ਵਿਆਖਿਆ, ਫ਼ਿਲਾਸਫ਼ੀ, ਇਤਿਹਾਸ ਅਤੇ ਸਿੱਖ-ਸਭਿਆਚਾਰ ਬਾਰੇ ਕਥਿਤ ਖੋਜੀ-ਵਿਦਵਾਨ ਨਿਤ ਨਵੇਂ ਵਿਵਾਦ ਪੈਦਾ ਕਰ ਰਹੇ ਹਨ। ਇਸ ਲਈ ਇਕ ਸਥਾਈ ਥਿੰਕ-ਟੈਂਕ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ, ਜੋ ਨਿੱਤ ਨਵੀਆਂ ਉਠ ਰਹੀਆਂ ਵੰਗਾਰਾਂ ਦਾ ਜਵਾਬ ਦੇਵੇ, ਸਿੱਖ ਧਰਮ ਦੀ ਪ੍ਰਸੰਗਿਕਤਾ ਦੀ ਵਿਆਖਿਆ ਕਰੇ ਅਤੇ ਨੌਜੁਆਨਾਂ ਦੇ ਸ਼ੰਕਿਆਂ ਦਾ ਸਮਾਧਾਨ ਕਰੇ। ਸਿੱਖ ਸਾਹਿਤ ਵਿਚ ਪਏ ਰਲੇ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਵੀ ਇਸੇ ਥਿੰਕ-ਟੈਂਕ ਦੀ ਹੋਣੀ ਚਾਹੀਦੀ ਹੈ। ਇਸ ਦੀ ਸਥਾਪਨਾ ਮੁਖੀ ਸਿੱਖ ਸੰਸਥਾਵਾਂ ਦੇ ਮਿਲਵੇਂ ਯਤਨਾਂ ਨਾਲ ਹੋ ਸਕਦੀ ਹੈ। ਸਿੱਖ ਸੰਸਥਾਵਾਂ ਨੂੰ ਇਸ ਦੇ ਫੈਸਲਿਆਂ ਨੂੰ ਘਰ-ਘਰ ਪਹੁੰਚਾਣਾ ਚਾਹੀਦਾ ਹੈ।

ਅਜਿਹੇ ਥਿੰਕ-ਟੈਂਕ ਦੀ ਸਥਾਪਤੀ ਕਰਨੀ ਕੋਈ ਆਸਾਨ ਕੰਮ ਨਹੀਂ ਹੈ, ਕਿਉਂਕਿ ਵਿਦਵਾਨਾਂ ਵਿਚ ਬਹੁਤ ਜ਼ਿਆਦਾ ਮਤ-ਭੇਦ ਹਨ, ਅਤੇ ਉਹ ਲੋੜ ਪੈਣ ’ਤੇ ਕਿਸੇ ਸਹਿਮਤੀ ’ਤੇ ਪੁੱਜਣ ਦੀ ਥਾਂ ’ਤੇ ਆਪਣੇ ਵਿਚਾਰਾਂ ਨੂੰ ਸਗੋਂ ਹੋਰ ਦ੍ਰਿੜ੍ਹਤਾ ਨਾਲ ਪੇਸ਼ ਕਰਦੇ ਹਨ ਪਰ ਅਜਿਹੇ ਅਦਾਰੇ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ ਹੈ। ਪੰਥ-ਪ੍ਰਸਤ ਵਿਦਵਾਨਾਂ ਨੂੰ ਇਸ ਸਮੱਸਿਆ ਦਾ ਖ਼ੁਦ ਹੀ ਕੋਈ ਹੱਲ ਲੱਭਣਾ ਚਾਹੀਦਾ ਹੈ।

**(ਹ) ਮਿਸ਼ਨਰੀ ਵਰਗ ਦੀ ਜ਼ਿੰਮੇਵਾਰੀ** : ਇਥੇ ‘ਮਿਸ਼ਨਰੀ ਵਰਗ’ ਤੋਂ ਸਾਡਾ ਭਾਵ ਉਨ੍ਹਾਂ ਪ੍ਰਬੁੱਧ ਪ੍ਰਚਾਰਕਾਂ ਤੋਂ ਹੈ, ਜਿਹੜੇ ਨਿਸ਼ਕਾਮ ਭਾਵਨਾ ਨਾਲ ਧਰਮ ਪ੍ਰਚਾਰ ਦੀ ਸੇਵਾ ਵਿਚ ਜੁਟੇ ਹੋਏ ਹਨ ਅਤੇ ਜਿਨ੍ਹਾਂ ਦਾ ਆਸ਼ਾ ਗੁਰੂ ਸਾਹਿਬਾਨ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ। ਇੰਝ ਵੀ ਕਹਿ ਸਕਦੇ ਹਾਂ ਕਿ ਜਿਨ੍ਹਾਂ ਦਾ ਜੀਵਨ-ਉਦੇਸ਼ ਗੁਰੂ ਸਾਹਿਬਾਨ ਦੁਆਰਾ ਜੀਵਨ ਦੇ ਹਰ ਪੱਖ ਵਿਚ ਲਿਆਂਦੇ ਇਨਕਲਾਬ ਦੇ ਪ੍ਰਭਾਵਾਂ ਨੂੰ ਕਾਇਮ ਰੱਖਣਾ ਹੈ। ਇਹ ਲੋਕ ਸਿੱਖ ਪੰਥ ਦੀ ਵਰਤਮਾਨ ਦਸ਼ਾ ਤੋਂ ਬਹੁਤ ਪ੍ਰੇਸ਼ਾਨ ਹਨ। ਇਹ ਤਾਂ ਸਿੱਖੀ ਦਾ ਡੰਕਾ ਚਹੁੰ ਕੁੰਟੀਂ ਵੱਜਦਾ ਵੇਖਣਾ ਚਾਹੁੰਦੇ ਹਨ; ਪਰ ਸਿੱਖੀ ਤਾਂ ਆਪਣੀ ਜਨਮ-ਭੂਮੀ, ਪੰਜਾਬ, ਵਿਚ ਹੀ ਸਿਸਕੀਆਂ ਲੈਂਦੀ ਪ੍ਰਤੀਤ ਹੋ ਰਹੀ ਹੈ।

ਕੌਮ ਦੀ ਵਰਤਮਾਨ ਦਸ਼ਾ ਮਿਸ਼ਨਰੀਆਂ ਲਈ ਬਹੁਤ ਵੱਡੀ ਵੰਗਾਰ ਹੈ, ਉਹੋ ਜਿਹੀ ਵੰਗਾਰ ਜੋ ਕਦੇ ਪ੍ਰੋ. ਗੁਰਮੁਖ ਸਿੰਘ ਜੀ ਅਤੇ ਗਿਆਨੀ ਦਿੱਤ ਸਿੰਘ ਜੀ ਨੂੰ ਪੇਸ਼ ਆਈ ਸੀ। ਉਨ੍ਹਾਂ ਨੇ ਆਪਣਿਆਂ ਅਤੇ ਗ਼ੈਰਾਂ ਦੇ ਵਿਰੋਧ ਦਾ ਟਾਕਰਾ ਕਰਦਿਆਂ ਹੋਇਆਂ, ਕੌਮ ਅੰਦਰ ਭਾਰੀ ਚੇਤਨਾ ਲਿਆਂਦੀ ਸੀ। ਅਨਮਤਾਂ, ਮਨਮਤਾਂ ਤੇ ਕੁਰੀਤੀਆਂ ਵਿਚ ਫਸੀ ਹੋਈ ਕੌਮ ਇਕ ਵਾਰ ਤਾਂ ਸਤਿਗੁਰਾਂ ਦੇ ਦਰਸਾਏ ਮਾਰਗ ਨੂੰ ਪਛਾਣਨ ਲੱਗ ਪਈ ਸੀ ਅਤੇ ਇਸ ’ਤੇ ਤੁਰ ਵੀ ਪਈ ਸੀ। ਉਹਨਾਂ ਦੁਆਰਾ ਲਿਆਂਦੀ ਚੇਤਨਾ ਹੀ ਗੁਰਦੁਆਰਾ ਲਹਿਰ ਦੇ ਚੱਲਣ ਦਾ ਕਾਰਨ ਬਣੀ ਸੀ, ਜਿਸ ਵਿਚੋਂ ਸਿੱਖਾਂ ਦੀ ਧਾਰਮਿਕ-ਸਿਆਸੀ ਪਾਰਟੀ ਅਕਾਲੀ ਦਲ ਦਾ ਜਨਮ ਹੋਇਆ ਸੀ।

ਅੱਜ ਵੀ ‘ਸਿੰਘ ਸਭਾ ਲਹਿਰ’ ਦੇ ਸੇਵਕਾਂ ਵਰਗੀ ਲਗਨ ਨਾਲ ਸੇਵਾ ਕਰਨ ਦੀ ਲੋੜ ਹੈ—ਆਪਣਾ ਸਭ ਕੁਝ ਧਰਮ-ਵਿਦਿਆ ਦੇ ਪਸਾਰੇ ਅਤੇ ਧਾਰਮਿਕ ਚੇਤਨਾ ਪੈਦਾ ਕਰਨ ਲਈ ਵਾਰਨ ਦੀ। ਹਉਮੈ ਅਤੇ ਖ਼ੁਦਗ਼ਰਜ਼ੀ ਤਿਆਗ ਕੇ, ਇਕ-ਦੂਜੇ ਦੀ ਆਲੋਚਨਾ ਨੂੰ ਇਕ ਪਾਸੇ ਰੱਖ ਕੇ, ਸਿੱਖੀ ਦੇ ਮੂਲ ਸਿਧਾਂਤਾਂ ਨਾਲ ਆਮ ਵਿਅਕਤੀ ਨੂੰ ਜੋੜਨ ਅਤੇ ਗੁਰਬਾਣੀ ਦਾ ਚਾਨਣ ਫੈਲਾਉਣ ਦੀ।

ਸਭ ਤੋਂ ਪਹਿਲਾਂ ਤਾਂ ਵੱਖ-ਵੱਖ ਮਿਸ਼ਨਰੀ ਸੰਸਥਾਵਾਂ ਨੂੰ ਆਪਸੀ ਤਾਲ-ਮੇਲ ਪੈਦਾ ਕਰਕੇ, ਨਿਸ਼ਚਿਤ ਸਮੇਂ ਲਈ ਪ੍ਰੋਗਰਾਮ ਬਣਾ ਕੇ, ਧਰਮ-ਪ੍ਰਚਾਰ ਦੇ ਕਾਰਜਾਂ ਵਿਚ ਜੁੱਟ ਜਾਣਾ ਚਾਹੀਦਾ ਹੈ। ਮੁੱਢਲੇ ਤੌਰ ’ਤੇ ਪੰਜ ਸਾਲਾਂ ਲਈ ਟੀਚੇ ਮਿੱਥੇ ਜਾ ਸਕਦੇ ਹਨ। ਘੱਟੋ-ਘੱਟ ਇਹ ਟੀਚਾ ਤਾਂ ਮਿੱਥਿਆ ਹੀ ਜਾ ਸਕਦਾ ਹੈ ਕਿ ਅਗਲੇ ਪੰਜ ਸਾਲਾਂ ਵਿਚ ਪੰਜਾਬ ਦੇ ਹਰੇਕ ਵਸਨੀਕ ਤੱਕ ਪਹੁੰਚ ਕਰਕੇ ਉਸ ਨੂੰ ਗੁਰਮਤਿ-ਮਾਰਗ ਦੀ ਜਾਣਕਾਰੀ ਦੇਣੀ ਹੈ ਅਤੇ ਧਰਮ-ਮਾਰਗ ’ਤੇ ਤੁਰਨ ਲਈ ਪ੍ਰੇਰਿਤ ਕਰਨਾ ਹੈ। ਆਪਣੇ ਇਸ ਟੀਚੇ ਦੀ ਸਮੇਂ-ਸਮੇਂ (ਜਿਵੇਂ ਹਰ ਸਾਲ ਮਗਰੋਂ) ਸਮੀਖਿਆ ਕਰਨੀ ਚਾਹੀਦੀ ਹੈ।

ਅਸੀਂ ਸਮੂਹ ਪੰਥ-ਦਰਦੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਭ ਤੋਂ ਪਹਿਲਾਂ ਮਿਲ-ਜੁਲ ਕੇ ਵਿਚਾਰਾਂ ਕਰਨ ਦਾ ਪ੍ਰਬੰਧ ਕਰਨ। ਫਿਰ ਸਾਰੀ ਵਿਉਂਤਬੰਦੀ ਕੀਤੀ ਜਾਵੇ।

ਅੱਜ ਦੇ ਹਾਲਾਤ ਮੰਗ ਕਰਦੇ ਹਨ ਕਿ ਅਸੀਂ (ਕੌਮ ਦਾ ਹਰੇਕ ਮੈਂਬਰ) ਅਵੇਸਲਾਪਨ ਤਿਆਗੀਏ, ਲੰਮੀ ਨੀਂਦ ਤੋਂ ਜਾਗੀਏ, ਆਪਣਾ ਕੌਮੀ ਫਰਜ਼ ਪਛਾਣੀਏ ਅਤੇ ਕੌਮ ਨੂੰ ਚੜ੍ਹਦੀ ਕਲਾ ਵਿਚ ਲਿਜਾਉਣ ਵਾਲੇ ਕਾਰਜਾਂ ਵਿਚ ਜੁੱਟ ਜਾਈਏ।...ਜੇ ਅਜੇ ਵੀ ਨਾ ਜਾਗੇ ਤਾਂ ਇਹ ਸਤਿਗੁਰਾਂ ਦੇ ਮਹਾਨ ਕਾਰਜਾਂ, ਤਿਆਗ, ਕੁਰਬਾਨੀ, ਸੰਘਰਸ਼, ਪ੍ਰਚਾਰਕ ਯਤਨਾਂ, ਸ਼ਹੀਦੀਆਂ ਅਤੇ ਸਮੂਹ ਗੁਰਸਿੱਖ ਵੀਰਾਂ-ਭੈਣਾਂ ਤੇ ਬੱਚੇ-ਬੱਚੀਆਂ ਦੁਆਰਾ ਸਹਾਰੇ ਦੁੱਖਾਂ-ਕਸ਼ਟਾਂ, ਕੀਤੇ ਸੰਘਰਸ਼ ਅਤੇ ਦਿੱਤੀਆਂ ਕੁਰਬਾਨੀਆਂ ਨਾਲ ਇਕ ਵੱਡਾ ਧ੍ਰੋਹ ਹੋਵੇਗਾ। ੦

# ਕਾਤਲਾਂ ਨੂੰ ਟਿਕਟਾਂ

*—ਬਰਜਿੰਦਰ ਸਿੰਘ ਹਮਦਰਦ*

ਕਾਂਗਰਸ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਆਗੂਆਂ ਨੂੰ ਲੋਕ ਸਭਾ ਦੀਆਂ ਚੋਣਾਂ ਲਈ ਟਿਕਟਾਂ ਦੇ ਕੇ ਇਕ ਵਾਰ ਫਿਰ ਇਕ ਵੱਡੇ ਵਿਵਾਦ ਨੂੰ ਹਵਾ ਹੀ ਨਹੀਂ ਦਿੱਤੀ, ਸਗੋਂ ਆਪਣੇ ਕੌਮੀ ਅਕਸ ਨੂੰ ਵੀ ਧੁੰਦਲਾ ਕੀਤਾ ਹੈ। 1984 ਦੇ ਕਤਲੇਆਮ ਵਿਚ ਹਜ਼ਾਰਾਂ ਹੀ ਸਿੱਖਾਂ ਨੂੰ ਸ਼ਰੇਆਮ ਕਤਲ ਕੀਤਾ ਗਿਆ। ਉਸ ਸਮੇਂ ਕੁਝ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਤੱਥਾਂ 'ਤੇ ਆਧਾਰਿਤ ਜੋ ਰਿਪੋਰਟਾਂ ਛਪਵਾਈਆਂ ਸਨ, ਉਨ੍ਹਾਂ ਵਿਚ ਕੁਝ ਹੋਰ ਕਾਂਗਰਸੀ ਆਗੂਆਂ ਦੇ ਨਾਲ-ਨਾਲ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦਾ ਨਾਂਅ ਵੀ ਦਰਜ ਹੈ, ਜਿਨ੍ਹਾਂ ਨੇ ਬੇਮੁਹਾਰੀਆਂ ਭੀੜਾਂ ਨੂੰ ਸਿੱਖਾਂ ਨੂੰ ਮਾਰਨ ਲਈ ਉਕਸਾਇਆ।

ਬਿਨਾਂ ਸ਼ੱਕ ਇਹ ਫਸਾਦ ਭਾਰਤ ਦੇ ਲੋਕਤੰਤਰੀ ਇਤਿਹਾਸ 'ਚ ਇਕ ਅਜਿਹਾ ਧੱਬਾ ਹੈ ਜੋ ਆਉਂਦੇ ਲੰਮੇ ਸਮੇਂ ਤੱਕ ਮਿਟਾਇਆ ਨਹੀਂ ਜਾ ਸਕੇਗਾ। ਕਾਂਗਰਸੀ ਆਗੂਆਂ ਦੀ ਮਿਲੀਭੁਗਤ ਨਾਲ ਦੇਸ਼ ਭਰ ਵਿਚ ਕੀਤੇ ਗਏ ਹਜ਼ਾਰਾਂ ਸਿੱਖਾਂ ਦੇ ਕਤਲਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਚੋਂ ਹਾਲੇ ਤੱਕ ਕਿਸੇ ਨੂੰ ਵੀ ਉਨ੍ਹਾਂ ਦੇ ਇਸ ਘਿਨਾਉਣੇ ਜੁਰਮ ਲਈ ਬਣਦੀ ਸਜ਼ਾ ਨਹੀਂ ਦਿੱਤੀ ਗਈ। ਇਸ ਦਾ ਵੱਡਾ ਕਾਰਨ ਇਹ ਰਿਹਾ ਕਿ ਕੇਂਦਰ ਵਿਚ ਸੱਤਾਧਾਰੀ ਰਹੀਆਂ ਕਾਂਗਰਸ ਦੀਆਂ ਹਕੂਮਤਾਂ ਨੇ ਇਨ੍ਹਾਂ ਤੱਥਾਂ ਨੂੰ ਪੂਰੀ ਤਰ੍ਹਾਂ ਛੁਪਾਉਣ ਦਾ ਯਤਨ ਕੀਤਾ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗੇ ਤਾਂ ਖੇਤ ਦਾ ਹਾਲ ਕੀ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ। ਸੱਜਣ ਕੁਮਾਰ ਤੇ ਟਾਈਟਲਰ ਦੇ ਨਾਂਅ ਇਕ ਜਾਂ ਦੋ ਛਪੀਆਂ ਰਿਪੋਰਟਾਂ ਵਿਚ ਨਹੀਂ ਆਏ, ਸਗੋਂ ਅਨੇਕਾਂ ਹੀ ਵਾਰ ਇਨ੍ਹਾਂ ਦੇ ਨਾਂਅ ਕਿਸੇ ਨਾ ਕਿਸੇ ਰੂਪ ਵਿਚ ਫਸਾਦਾਂ ਲਈ ਜ਼ਿੰਮੇਵਾਰ ਦੋਸ਼ੀਆਂ ਦੀ ਸੂਚੀ ਵਿਚ ਆ ਚੁੱਕੇ ਹਨ। ਚਸ਼ਮਦੀਦ ਗਵਾਹਾਂ ਨੇ ਇਨ੍ਹਾਂ ਦੋਵਾਂ ਨੂੰ ਵੱਡੇ ਦੋਸ਼ੀ ਮੰਨਿਆ ਹੈ। ਇਸੇ ਲਈ ਹੀ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਏ ਗਏ ਸਰਕਾਰੀ ਕਮਿਸ਼ਨਾਂ ਵਿਚ ਇਨ੍ਹਾਂ ਦੋਵਾਂ ਦਾ ਨਾਂਅ ਵਾਰ-ਵਾਰ ਬੋਲਦਾ ਹੈ। ਇਸ ਲਈ ਵਿਸਥਾਰਤ ਸਬੂਤ ਵੀ ਪੇਸ਼ ਕੀਤੇ ਜਾਂਦੇ ਰਹੇ ਹਨ। ਅਜਿਹੇ ਵਿਅਕਤੀਆਂ ਨੂੰ ਢੀਠਤਾਈ ਦੀ ਹੱਦ ਤੱਕ ਜਾ ਕੇ ਇਕ ਕੌਮੀ ਪਾਰਟੀ ਵਲੋਂ ਟਿਕਟਾਂ ਨਾਲ ਨਿਵਾਜਣਾ ਅਤੇ ਹੁਣ ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ. ਪੀ., ਜੋ ਆਪ ਜਲੰਧਰ ਲੋਕ ਸਭਾ ਹਲਕੇ ਤੋਂ ਆਪਣੀ ਪਾਰਟੀ ਦਾ ਲੋਕ ਸਭਾ ਲਈ ਉਮੀਦਵਾਰ ਹੈ, ਵਲੋਂ ਇਨ੍ਹਾਂ ਦੋਵਾਂ ਦੋਸ਼ੀ ਵਿਅਕਤੀਆਂ ਨੂੰ ਹਾਈ ਕਮਾਨ ਵਲੋਂ ਦਿੱਤੀਆਂ ਗਈਆਂ ਟਿਕਟਾਂ ਨੂੰ ਜਾਇਜ਼ ਠਹਿਰਾਉਣਾ ਇਸ ਗੱਲ ਦੀ ਗਵਾਹੀ ਹੈ ਕਿ ਕਾਂਗਰਸ ਨੂੰ ਸਿੱਖ ਭਾਵਨਾਵਾਂ ਦੀ ਕੋਈ ਕਦਰ ਨਹੀਂ ਹੈ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਸਿੱਖ ਇਕ ਘੱਟ-ਗਿਣਤੀ ਭਾਈਚਾਰਾ ਹੈ, ਜਿਸ ਦਾ ਭਾਰਤ ਵਰਗੇ ਵੱਡੇ ਮੁਲਕ ਵਿਚ ਵੋਟ ਦੀ ਰਾਜਨੀਤੀ 'ਤੇ ਬਹੁਤਾ ਅਸਰ ਨਹੀਂ ਪੈਂਦਾ। ਅਜੋਕੇ ਸਮੇਂ ਵਿਚ ਜਦੋਂ ਬਹੁਤੀਆਂ ਵੱਡੀਆਂ ਪਾਰਟੀਆਂ ਸਿਰਫ਼ ਵੋਟ-ਰਾਜਨੀਤੀ ਨੂੰ ਹੀ ਤਰਜੀਹ ਦੇ ਰਹੀਆਂ ਹਨ ਤਾਂ ਅੱਜ ਦੇ ਕਾਂਗਰਸੀ ਮਹਾਰਥੀਆਂ ਵਲੋਂ ਅਜਿਹਾ ਫ਼ੈਸਲਾ ਲੈਣਾ ਕੀ ਔਖਾ ਹੈ? ਪਰ ਕਾਂਗਰਸ ਦੇ ਨੀਤੀ-ਘਾੜਿਆਂ ਨੂੰ ਇਹ ਗੱਲ ਜ਼ਰੂਰ ਪਤਾ ਹੋਵੇਗੀ ਕਿ ਕਾਂਗਰਸ ਦਾ ਸੰਬੰਧ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗੀਆਂ ਸ਼ਖਸੀਅਤਾਂ ਨਾਲ ਵੀ ਰਿਹਾ ਹੈ, ਜਿਨ੍ਹਾਂ ਨੇ ਸਦਾ ਧਰਮ-ਨਿਰਪੱਖਤਾ ਦੀ ਗੱਲ ਕੀਤੀ। ਅਜਿਹੀ ਭਾਵਨਾ ਦਾ ਜ਼ਿਕਰ ਵਾਰ-ਵਾਰ ਭਾਰਤੀ ਸੰਵਿਧਾਨ ਵਿਚ ਵੀ ਕੀਤਾ ਗਿਆ ਹੈ। ਕਾਂਗਰਸੀ ਆਗੂਆਂ ਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਸਿੱਖ ਚਾਹੇ ਦੇਸ਼ ਵਿਚ ਘੱਟ ਗਿਣਤੀ ਵਿਚ ਹਨ, ਫਿਰ ਵੀ ਵੋਟਾਂ ਦੀ ਸਿਆਸਤ ਖੇਡਦੇ ਹੋਏ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿੱਖ ਭਾਈਚਾਰੇ ਦਾ ਇਤਿਹਾਸ ਬੇਹੱਦ ਮਾਣ-ਮੱਤਾ ਰਿਹਾ ਹੈ। ਇਸ ਦਾ ਜਨਮ ਹੀ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਕਰਨ ਲਈ ਹੋਇਆ ਸੀ। ਇਸੇ ਮਾਣ-ਮੱਤੇ ਇਤਿਹਾਸ 'ਤੇ ਪਹਿਰਾ ਦਿੰਦਿਆਂ ਸਿੱਖ ਸਮਾਜ ਨੇ ਪੂਰੀ ਸ਼ਿੱਦਤ ਨਾਲ ਦੇਸ਼ ਦੀ ਆਜ਼ਾਦੀ ਲਈ ਹੋਏ ਸੰਘਰਸ਼ ਵਿਚ ਆਪਣਾ ਵੱਡਾ ਹਿੱਸਾ ਪਾਇਆ ਸੀ। ਤੱਥ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ। ਸਭ ਤੋਂ ਵੱਧ ਫਾਂਸੀਆਂ 'ਤੇ ਸਿੱਖ ਚੜ੍ਹੇ। ਕਾਲੇ ਪਾਣੀਆਂ ਦੀਆਂ ਭਿਆਨਕ ਕੈਦਾਂ ਨੂੰ ਬਹੁਤੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਨੇ ਹੀ ਆਪਣੇ ਜਿਸਮ ਉੱਪਰ ਹੰਢਾਇਆ। ਅਕਾਲੀ ਮੋਰਚਿਆਂ ਦੀ ਸਫ਼ਲਤਾ ਸੰਬੰਧੀ ਮਹਾਤਮਾ ਗਾਂਧੀ ਨੇ ਵੀ ਕਿਹਾ ਸੀ ਕਿ ਆਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਗਈ ਹੈ। ਅਜਿਹੇ ਗੌਰਵਮਈ ਇਤਿਹਾਸ ਦੇ ਪਹਿਰੇਦਾਰ ਮਾਣ-ਮੱਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਇਸ ਕਦਰ ਅਣਦੇਖਿਆ ਕਰਨ ਦਾ ਅਤੇ ਰੋਲਣ ਦਾ ਕੰਮ ਕੋਈ ਨਾ-ਸ਼ੁਕਰੀ ਪਾਰਟੀ ਹੀ ਕਰ ਸਕਦੀ ਹੈ।

ਬਿਨਾਂ ਸ਼ੱਕ ਕਾਂਗਰਸ ਦੀ ਇਸ ਕਾਰਵਾਈ ਨੇ ਸਿੱਖ ਭਾਈਚਾਰੇ ਦੇ ਪਿੰਡੇ 'ਤੇ ਢਾਈ ਦਹਾਕੇ ਪਹਿਲਾਂ ਲੱਗੇ ਘਾਤਕ ਜ਼ਖ਼ਮਾਂ, ਜੋ ਹੁਣ ਨਾਸੂਰ ਬਣੇ ਨਜ਼ਰ ਆਉਂਦੇ ਹਨ 'ਤੇ ਮੁੜ ਲੂਣ ਛਿੜਕਿਆ ਹੈ। ਅੱਜ ਕਾਂਗਰਸੀ ਕਿਸ ਮੂੰਹ ਨਾਲ ਭਾਜਪਾ ਨੂੰ ਅਯੁੱਧਿਆ ਦੇ ਘਟਨਾਕ੍ਰਮ ਲਈ ਅਤੇ ਗੁਜਰਾਤ ਦੇ ਦੰਗਿਆਂ ਲਈ ਦੋਸ਼ੀ ਠਹਿਰਾਉਂਦੇ ਹਨ? ਅੱਜ ਕਿਸ ਤਰ੍ਹਾਂ ਇਸ ਦੇ ਲੀਡਰ ਧਰਮ ਅਤੇ ਦੇਸ਼ ਦੀਆਂ ਪਰੰਪਰਾਵਾਂ ਦੇ ਨਾਂਅ 'ਤੇ ਸੰਜੇ ਗਾਂਧੀ ਦੇ ਲੜਕੇ ਵਰੁਣ ਗਾਂਧੀ ਦੀ ਆਲੋਚਨਾ ਕਰ ਰਹੇ ਹਨ? ਕੀ ਇਸ ਤੋਂ ਵੱਡੀ ਦੋਗਲੀ ਨੀਤੀ ਕਿਸੇ ਜ਼ਿੰਮੇਵਾਰ ਕੌਮੀ ਅਤੇ ਆਪਣੇ-ਆਪ ਨੂੰ ਧਰਮ-ਨਿਰਪੱਖ ਅਖਵਾਉਂਦੀ ਪਾਰਟੀ ਦੀ ਹੋ ਸਕਦੀ ਹੈ? ਇਹ ਗੱਲ ਯਕੀਨੀ ਹੈ ਕਿ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਲਈ ਦੋਸ਼ੀ ਠਹਿਰਾਏ ਜਾ ਰਹੇ ਇਨ੍ਹਾਂ ਵਿਅਕਤੀਆਂ ਨੂੰ ਟਿਕਟਾਂ ਨਾਲ ਨਿਵਾਜ ਕੇ ਕਾਂਗਰਸੀ ਆਗੂਆਂ ਨੇ ਮੁੜ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਇਸ ਤਰ੍ਹਾਂ ਉਚੇੜਿਆ ਹੈ, ਜਿਸ ਦੀ ਪੀੜ ਆਉਂਦੇ ਲੰਮੇ ਸਮੇਂ ਤੱਕ ਬਣੀ ਰਹੇਗੀ। *(29-3-09, ਰੋਜ਼ਾਨਾ ਅਜੀਤ ਵਿਚੋਂ ਧੰਨਵਾਦ ਸਹਿਤ)*

---

**ਨੋਟ** : ਸਿੱਖ ਕੌਮ ਦੇ ਜ਼ਬਰਦਸਤ ਵਿਰੋਧ ਅਤੇ ਭਾਰੀ ਪ੍ਰਦਰਸ਼ਨ ਕਰਨ ਕਰਕੇ ਕਾਂਗਰਸ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦੀ ਟਿਕਟ ਕੈਂਸਲ ਕਰ ਦਿੱਤੀ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜੇਕਰ ਕੌਮ ਇਕਮੁਠ ਹੋਵੇ ਤਾਂ ਵੱਡੇ ਤੋਂ ਵੱਡੇ ਸਿੰਘਾਸਣ ਇਸ ਦੇ ਕਦਮਾਂ 'ਤੇ ਝੁਕ ਸਕਦੇ ਹਨ। ਲੋੜ ਤਾਂ ਕੇਵਲ ਸਿਧਾਂਤਕ ਸੋਚ 'ਤੇ ਪਹਿਰਾ ਦੇਣ ਦੀ ਹੈ ਤਾਂਕਿ ਸਾਡੀ ਨਿਆਰੀ ਹੋਂਦ ਅਤੇ ਸਰੂਪ ਕਾਇਮ ਰਹਿ ਸਕੇ। **—ਸੰਪਾਦਕ**

# ਸਿੱਖ ਰਾਜਨੀਤਿਕ ਸਰੋਕਾਰ ਅਤੇ ਸਿੱਖ ਇਸਤਰੀ ਦੀ ਭੂਮਿਕਾ

—ਸੰਦੀਪ ਕੌਰ (ਅੰਮ੍ਰਿਤਸਰ)*—

ਮੈਨੂੰ ਜਦੋਂ ਇਹ ਵਿਸ਼ਾ 'ਸਿੱਖ ਰਾਜਨੀਤਿਕ ਸਰੋਕਾਰ ਅਤੇ ਸਿੱਖ ਇਸਤਰੀ ਦੀ ਭੂਮਿਕਾ' ਦਿੱਤਾ ਗਿਆ ਤਾਂ ਮੇਰੇ ਮਨ ਵਿਚ ਗੁਰੂ ਨਾਨਕ ਸਾਹਿਬ ਦੀ ਤੁਕ ਘੁੰਮਣ ਲੱਗੀ :

**ਸੋ ਕਿਉ ਮੰਦਾ ਆਖੀਐ**
**ਜਿਤੁ ਜੰਮਹਿ ਰਾਜਾਨ॥**

ਸਾਡੇ ਸਤਿਗੁਰੂ ਨਿਰਣਾ ਦੇ ਰਹੇ ਹਨ ਕਿ ਵੱਡੇ-ਵੱਡੇ ਰਾਜਿਆਂ ਨੂੰ ਜਨਮ ਦੇਣ ਵਾਲੀ ਹਸਤੀ, ਇਕ ਔਰਤ ਹੀ ਹੈ, ਇਕ ਇਸਤਰੀ ਹੀ ਹੈ। ਗੁਰੂ ਨਾਨਕ ਸਾਹਿਬ ਦੇ ਇਹਨਾਂ ਮਹਾਨ ਵਿਚਾਰਾਂ ਦੇ ਮੱਦੇਨਜ਼ਰ, ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਇਕ ਵਿਸ਼ੇਸ਼ ਹੋਣੀ ਚਾਹੀਦੀ ਹੈ ਤੇ ਬਿਨਾਂ ਸ਼ੱਕ ਇਹ ਰਹੀ ਵੀ ਹੈ।

ਅਸੀਂ ਜੇਕਰ ਇਸ ਵਿਸ਼ੇ ਦੀ ਡੂੰਘਾਈ ਨਾਲ ਪੜਚੋਲ ਕਰੀਏ ਤਾਂ ਸਾਨੂੰ ਸ਼ੁਰੂਆਤ ਗੁਰੂ ਨਾਨਕ ਸਾਹਿਬ ਦੇ ਮਹਿਲ **ਮਾਤਾ ਸੁਲੱਖਣੀ ਜੀ** ਤੋਂ ਕਰਨੀ ਪਵੇਗੀ। ਬੇਸ਼ੱਕ ਗੁਰੂ ਨਾਨਕ ਸਾਹਿਬ ਕੋਈ ਰਾਜਸੀ ਨਿਸ਼ਾਨਾ ਲੈ ਕੇ ਨਾ ਤੁਰੇ ਹੋਣ, ਉਹਨਾਂ ਦਾ ਧਾਰਮਿਕ ਸਫ਼ਰ ਮਨੁੱਖਤਾ ਦੀ ਭਲਾਈ ਲਈ ਹੀ ਸੀ, ਫਿਰ ਵੀ ਸਾਨੂੰ ਇਹ ਮੰਨਣਾ ਪਵੇਗਾ ਕਿ ਉਹਨਾਂ ਦੇ ਹਰ ਇਕ ਕਦਮ ਨਾਲ ਰਾਜਨੀਤੀ ਪ੍ਰਭਾਵਿਤ ਹੁੰਦੀ ਰਹੀ ਹੈ, ਤਖ਼ਤ ਥਰਥਰਾਉਂਦੇ ਰਹੇ ਨੇ। ਤੇ ਗੁਰੂ ਨਾਨਕ ਸਾਹਿਬ ਦੇ ਧਰਮੀ ਸਫ਼ਰ ਨੇ ਰਾਜਨੀਤੀ ਨੂੰ ਜਿੱਥੇ-ਜਿੱਥੇ ਪ੍ਰਭਾਵਿਤ ਕੀਤਾ, ਰਾਜਨੀਤਿਕ ਗਲਿਆਰਿਆਂ ਅੰਦਰ ਇਕ 'ਤੀਸਰੇ ਮਜ਼੍ਹਬ' ਦੀ ਹੋਂਦ ਦਾ ਅਹਿਸਾਸ ਕਰਵਾਇਆ ਤਾਂ ਉਸ ਦੇ ਵਿਚ ਮਾਤਾ ਸੁਲੱਖਣੀ ਜੀ ਦਾ ਯੋਗਦਾਨ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਮਿਸਾਲ ਦੇ ਤੌਰ 'ਤੇ ਜਦੋਂ ਬਾਬਰ ਨੇ ਹਿੰਦੁਸਤਾਨ ਦੇ ਉੱਤੇ ਹਮਲਾ ਕੀਤਾ, ਕਹਿਰੀ ਕਤਲੇਆਮ ਮਚਾਈ ਤਾਂ ਉਸ ਵੇਲੇ ਐਮਨਾਬਾਦ 'ਚ ਮੌਜੂਦ ਗੁਰੂ ਨਾਨਕ ਹੀ ਸਨ, ਜਿਨ੍ਹਾਂ ਨੇ ਪੂਰੇ ਹਿੰਦੁਸਤਾਨ ਵਿਚੋਂ ਇਕੱਲਿਆਂ ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ। ਓਸ ਮੌਕੇ ਜਦੋਂ ਗੁਰੂ ਸਾਹਿਬ ਨੇ 'ਬਾਬਰ' ਨੂੰ 'ਜਾਬਰ' ਕਿਹਾ, ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿ ਕੇ ਉਸ ਦੀ ਆਤਮਾ ਨੂੰ ਝੰਜੋੜਿਆ ਤਾਂ ਇਹ ਇਕ ਅਜਿਹੀ ਅਲੋਕਾਰੀ ਘਟਨਾ ਸੀ, ਜਿਸ ਨੇ ਅਗਲੀ ਲਗਭਗ ਇਕ ਸਦੀ ਤੱਕ ਹਿੰਦੁਸਤਾਨ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨਾ ਸੀ। ਮੁਗ਼ਲ ਖ਼ਾਨਦਾਨ ਨੂੰ ਰਾਜ ਕਰਨ ਦੀ ਜਾਚ ਸਿਖਾਈ ਸੀ ਗੁਰੂ ਸਾਹਿਬ ਨੇ। ਤੇ ਇਹ ਤਾਂ ਹੀ ਸੰਭਵ ਹੋ ਸਕਿਆ ਸੀ, ਜੇਕਰ ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਇਕੱਲਿਆਂ ਛੱਡ ਕੇ ਮਨੁੱਖਤਾ ਦੀਆਂ ਪੀੜਾਂ ਹਰਦੇ ਹੋਏ ਵਿਚਰ ਰਹੇ ਸਨ, ਸਫ਼ਰ ਕਰ ਰਹੇ ਸਨ। ਤੇ ਉਨ੍ਹਾਂ ਦੇ ਇਸ ਪਰਉਪਕਾਰੀ ਸਫ਼ਰ ਦੇ ਪਿੱਛੇ ਮਾਤਾ ਸੁਲੱਖਣੀ ਜੀ ਦਾ ਬੜਾ ਨਿੱਗਰ ਯੋਗਦਾਨ ਸੀ, ਜਦੋਂ ਗੁਰੂ ਸਾਹਿਬ ਨੇ ਉਹਨਾਂ ਨੂੰ ਜਗਤ-ਜਲੰਦਾ ਠਾਰਨ ਲਈ ਇਸ ਸਫ਼ਰ ਦੀ ਲੋੜ ਬਾਰੇ ਦੱਸਿਆ ਸੀ ਤਾਂ ਫਿਰ ਮਾਤਾ ਸੁਲੱਖਣੀ ਜੀ ਨੇ ਦੁਨੀਆਂ ਦੇ ਦੁੱਖ ਮਿਟਾਉਣ ਲਈ ਆਪਣੇ ਪਤੀ ਦਾ ਲੰਮਾ ਵਿਛੋੜਾ ਹੱਸ ਕੇ ਸਹਾਰ ਲਿਆ ਸੀ, ਇਸ ਲਈ ਰਾਜਨੀਤਿਕ ਸਰੋਕਾਰਾਂ ਵਿਚ ਸਿੱਖ ਇਸਤਰੀ ਦੀ ਭੂਮਿਕਾ ਦਾ ਅਰੰਭ ਤਾਂ ਮਾਤਾ ਸੁਲੱਖਣੀ ਜੀ ਤੋਂ ਹੀ ਹੋ ਜਾਂਦਾ ਹੈ। ਉਸ ਤੋਂ ਬਾਅਦ ਇਹ ਭੂਮਿਕਾ ਕਦੇ ਵੀ ਕਿਸੇ ਵੀ ਮੋੜ 'ਤੇ ਧੁੰਦਲੀ ਨਹੀਂ ਪਈ।

ਜਦੋਂ ਮੁਗ਼ਲ ਹਕੂਮਤ ਰਾਜਨੀਤੀ ਦੇ ਆਦਰਸ਼ਾਂ ਤੋਂ ਲਾਂਭੇ ਜਾਣੀ ਸ਼ੁਰੂ ਹੋਈ, ਬਾਦਸ਼ਾਹ ਜਹਾਂਗੀਰ ਵੇਲੇ, ਤਾਂ ਉਦੋਂ ਉਸ ਦੀ ਸਿੱਖ ਲਹਿਰ ਦੇ ਨਾਲ ਟੱਕਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਪੰਜਵੇਂ ਜਾਮੇ ਵਿਚ ਤੱਤੀ ਤਵੀ 'ਤੇ ਬੈਠ ਕੇ ਸ਼ਹਾਦਤ ਦਿੰਦੇ ਹਨ। ਇਸ ਮਹਾਨ ਸ਼ਹੀਦੀ ਤੋਂ ਬਾਅਦ 'ਬਾਬੇਕਿਆਂ' ਤੇ 'ਬਾਬਰਕਿਆਂ' ਵਿਚ ਇਕ ਨਵੀਂ ਟੱਕਰ ਅਰੰਭ ਹੁੰਦੀ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਦੇ ਨੇ, ਸਿੱਖਾਂ ਨੂੰ ਸ਼ਸਤਰਧਾਰੀ ਕਰ ਕੇ ਫ਼ੌਜੀ ਸਿਖਲਾਈ ਦਿੰਦੇ ਨੇ, ਦਿੱਲੀ ਤਖ਼ਤ ਦੇ ਨਕਲੀਪਣ ਨੂੰ ਜ਼ਾਹਰ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕਰ ਕੇ ਮੁਗ਼ਲ ਰਾਜਨੀਤੀ ਨੂੰ ਚੁਣੌਤੀ ਦਿੰਦੇ ਨੇ, ਤੇ ਇਸ ਸਾਰੇ ਵਰਤਾਰੇ ਵਿਚ ਅਸੀਂ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਮਹਿਲ **ਮਾਤਾ ਗੰਗਾ ਜੀ** ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੁਗੋ-ਜੁਗ ਅਟੱਲ ਸੱਚੀ ਪਾਤਸ਼ਾਹੀ ਦੀ ਛਤਰ-ਛਾਇਆ ਹੇਠ ਸਿੱਖ ਰਾਜਨੀਤੀ ਦੀ ਇਹ ਨਵੀਂ ਨੁਹਾਰ ਪ੍ਰਗਟ ਹੋਈ, ਜਿਸ ਵਿਚ ਮਾਤਾ ਗੰਗਾ ਜੀ ਦਾ ਉੱਘਾ ਯੋਗਦਾਨ ਸੀ, ਤੇ ਸਿੱਖ ਸਫ਼ਰ ਵਿਚ ਆਇਆ ਇਹ ਨਵਾਂ ਮੋੜ ਮੁਗ਼ਲ ਹਕੂਮਤ ਨੂੰ 'ਸਿੱਖ ਮਜ਼੍ਹਬ' ਦੇ ਨਾਲ-ਨਾਲ 'ਸਿੱਖ ਰਾਜਨੀਤੀ' ਦੀ ਹੋਂਦ ਨੂੰ ਵੀ ਪ੍ਰਵਾਨ ਕਰਨ ਲਈ ਮਜਬੂਰ ਕਰ ਲਿਆ।

ਮਾਤਾ ਗੰਗਾ ਜੀ ਵਰਗੀ ਹੀ ਪੁਜ਼ੀਸ਼ਨ ਅਸੀਂ ਅਗਾਂਹ **ਮਾਤਾ ਗੁਜਰੀ ਜੀ** ਦੀ ਵੀ ਵੇਖਦੇ ਹਾਂ। ਪਰ ਮਾਤਾ ਗੁਜਰੀ ਜੀ ਦੀ ਵੀ ਘਾਲਣਾ ਹਿੰਦੁਸਤਾਨ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਹਿਤ ਇਸ ਤੋਂ ਵੀ ਵਧੇਰੇ ਯੋਗਦਾਨ ਪਾਉਂਦੀ ਹੈ; ਉਸ ਯੋਗਦਾਨ ਦੇ ਨਕਸ਼ ਅਸੀਂ ਨਿੱਕੇ-ਨਿੱਕੇ ਪੋਤਿਆਂ ਸਮੇਤ ਗ੍ਰਿਫ਼ਤਾਰ ਹੋਣ ਪਿਛੋਂ ਮਾਤਾ ਗੁਜਰੀ ਜੀ ਦੀ ਮਹਾਨ ਰਹਿਨੁਮਾਈ 'ਚੋਂ ਵੇਖ ਸਕਦੇ ਹਾਂ। ਮਾਤਾ ਗੁਜਰੀ ਉਹਨਾਂ ਨਿੱਕੇ-ਨਿੱਕੇ ਸਾਹਿਬਜ਼ਾਦਿਆਂ ਨੂੰ ਮੁਗ਼ਲ ਹਕੂਮਤ ਨੂੰ ਸਲਾਮ ਕਰਨ ਦੀ ਬਜਾਏ, ਭਿਆਨਕ ਡਰਾਵਿਆਂ ਤੇ ਲਲਚਾਉਂਦੇ ਲਾਲਚਾਂ ਦੀਆਂ ਰੁਕਾਵਟਾਂ ਪਾਰ ਕਰ ਕੇ ਸ਼ਹਾਦਤ ਦੀ ਸਿਖਰ ਤੱਕ ਲੈ ਕੇ ਜਾਂਦੀ ਹੈ ਤੇ ਇਹ ਇਤਿਹਾਸਕਾਰਾਂ ਨੇ ਨਿਰਣਾ ਕੀਤਾ ਐ ਕਿ **ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸਿਖ਼ਰ ਵਾਲੀ ਘਟਨਾ ਹੀ ਇਕ ਐਸੀ ਘਟਨਾ ਸੀ, ਜਿਸ ਨੇ ਮੁਗ਼ਲ ਹਕੂਮਤ ਦੀ ਜੜ੍ਹ ਪੁੱਟੀ ਤੇ ਸਿੰਘਾਂ ਦੀ ਸਲਤਨਤ ਦਾ ਪੌਂਦਾ ਲਾਇਆ। ਇਸ ਲਈ ਮੁਗ਼ਲ ਹਕੂਮਤ ਦੀ ਹਿੱਕ 'ਤੇ ਖ਼ਾਲਸਾ ਹਕੂਮਤ ਦਾ ਝੰਡਾ ਗੱਡੇ ਜਾਣ ਦਾ ਸਿਹਰਾ ਮਾਤਾ ਗੁਜਰੀ ਦੇ ਸਿਰ ਬੱਝਦਾ ਹੈ।**

ਹੁਣ ਅਸੀਂ ਦਸਵੇਂ ਪਾਤਸ਼ਾਹ ਦੇ ਮਹਿਲ **ਮਾਤਾ ਸੁੰਦਰੀ ਜੀ** ਦੀ ਭੂਮਿਕਾ ਨੂੰ ਵੇਖੀਏ। ਇਹ ਹਕੀਕਤ ਹੈ ਕਿ ਮਾਤਾ ਸੁੰਦਰੀ ਜੀ ਦਸਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਵੀ ਸਿੱਖ ਰਾਜਨੀਤੀ ਨੂੰ ਸੇਧ ਪ੍ਰਦਾਨ ਕਰਦੇ ਰਹੇ। ਭਾਵੇਂ ਕਿ ਕਈ ਗੁੰਮਰਾਹ ਲੇਖਕਾਂ ਨੇ ਮਾਤਾ ਸੁੰਦਰੀ ਜੀ ਉੱਤੇ ਮੁਗ਼ਲ ਹਕੂਮਤ ਦੀ ਮਦਦ ਕਰਨ ਦੇ ਇਲਜ਼ਾਮ ਤੱਕ ਲਾ ਦਿੱਤੇ ਨੇ, ਪਰ ਜੇਕਰ ਅਜਿਹਾ ਹੁੰਦਾ ਤਾਂ ਫਿਰ ਸ਼ਾਇਦ

---

*ਭਾਈ ਧਰਮ ਸਿੰਘ ਖਾਲਸਾ ਟਰੱਸਟ,
ਪਿੰਡ ਤੇ ਡਾਕ: ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ
ਮੋਬਾ: 98558-03391

ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ 'ਚ ਸਿੱਖ ਰਾਜਨੀਤੀ ਹਿੰਦੁਸਤਾਨ ਦੇ ਇਕ ਵੱਡੇ ਹਿੱਸੇ 'ਤੇ ਏਨੀ ਛੇਤੀ ਅਸਰ-ਅੰਦਾਜ਼ ਨਾ ਹੁੰਦੀ, ਜਿੰਨੀ ਛੇਤੀ ਉਹ ਹੋਈ, ਕਿਉਂਕਿ ਉਦੋਂ ਤਾਂ ਅਜੇ ਸਿੱਖ ਮਾਨਸਿਕਤਾ ਨੇ ਗੁਰੂ ਪਰਿਵਾਰ ਤੋਂ ਜੁਦਾ ਹੋ ਕੇ ਤੁਰਨ ਦਾ ਭਾਣਾ ਵੀ ਪੂਰੀ ਤਰ੍ਹਾਂ ਨਹੀਂ ਸੀ ਮੰਨਿਆ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਵੀ ਮਾਤਾ ਸੁੰਦਰੀ ਜੀ ਸਿੱਖ ਰਾਜਨੀਤੀ 'ਤੇ ਅਸਰ ਕਰਨਯੋਗ ਪ੍ਰਭਾਵ ਵਰਤਾਂਦੇ ਰਹੇ ਹਨ। ਇਹ ਤੱਥ ਇਤਿਹਾਸ ਦਾ ਅੰਗ ਹੈ ਕਿ ਸਿੱਖ ਕੌਮ ਦਾ ਵੱਡਾ ਜਰਨੈਲ ਸ: ਜੱਸਾ ਸਿੰਘ ਆਹਲੂਵਾਲੀਆ, ਜਿਸ ਨੇ ਸਿੱਖ ਰਾਜਨੀਤੀ ਨੂੰ ਦਿੱਲੀ ਦੇ ਲਾਲ ਕਿਲ੍ਹੇ 'ਤੇ ਹਾਕਮ ਰਾਜਨੀਤੀ ਵਜੋਂ ਸਥਾਪਿਤ ਤੇ ਜਾਰੀ ਕਰ ਕੇ ਵਿਖਾਇਆ, ਉਸ ਜਰਨੈਲ ਨੂੰ ਬਚਪਨ ਵਿਚ ਸਿੱਖੀ ਦੇ ਸੰਸਕਾਰ ਮਾਤਾ ਸੁੰਦਰੀ ਜੀ ਨੇ ਹੀ ਪ੍ਰਦਾਨ ਕੀਤੇ ਸਨ ਤੇ ਫਿਰ ਅਗਲੀ ਘਾੜਤ ਲਈ ਉਸ ਵੇਲੇ ਗੁਰੀਲਾ ਯੁੱਧ ਦੀ ਅਗਵਾਈ ਕਰ ਰਹੇ ਸਰਦਾਰ ਨਵਾਬ ਕਪੂਰ ਸਿੰਘ ਜੀ ਦੇ ਕੋਲ ਭੇਜ ਦਿੱਤਾ ਸੀ।

ਇਤਿਹਾਸ ਦੇ ਇਸ ਦੌਰ ਤੋਂ ਬਾਅਦ ਸਿੱਖ ਮਿਸਲਾਂ ਦਾ ਸਮਾਂ ਆਉਂਦਾ ਹੈ, ਜਦੋਂ ਸਿੱਖ ਹਿੰਦੁਸਤਾਨ ਦੇ ਇਕ ਵੱਡੇ ਹਿੱਸੇ 'ਤੇ ਕਾਬਜ਼ ਤਾਂ ਹੋ ਗਏ, ਪਰ ਇਥੇ ਆ ਕੇ ਉਹਨਾਂ ਦੀ ਆਪਸ ਵਿਚ ਹੀ ਤਲਵਾਰ ਖੜਕਣ ਲੱਗ ਪਈ। ਉਸ ਵੇਲੇ ਸਿੱਖ ਮਿਸਲਾਂ ਜੇ ਆਪੋ ਵਿਚ ਲੜਨ ਦੀ ਬਜਾਏ ਇਕ ਹੋ ਕੇ ਅੱਗੇ ਵਧਦੀਆਂ ਤਾਂ ਇਕ ਪਾਸਿਉਂ ਕਾਬਲ ਤੇ ਦੂਜੇ ਪਾਸਿਉਂ ਕੰਨਿਆ ਕੁਮਾਰੀ ਤੱਕ ਸਿੱਖਾਂ ਦਾ ਰਾਹ ਰੋਕਣ ਵਾਲੀ ਕੋਈ ਵੱਡੀ ਤਾਕਤ ਨਹੀਂ ਸੀ, ਪਰ ਉਹ ਸਮਾਂ ਸਿੱਖਾਂ ਨੇ ਆਪੋ ਵਿਚ ਹੀ ਲੜਦਿਆਂ ਗੁਆ ਲਿਆ। ਫਿਰ ਇਤਿਹਾਸ ਦੱਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਕ ਸਫਲ ਰਾਜਨੀਤਿਕ ਵਾਂਗ ਇਕ-ਇਕ ਕਰ ਕੇ ਸਾਰੀਆਂ ਮਿਸਲਾਂ ਨੂੰ ਆਪਣੇ ਨਾਲ ਮਿਲਾਇਆ ਤੇ ਸਿੱਖ ਰਾਜਨੀਤਿਕ ਤਾਕਤ ਜਥੇਬੰਦ ਹੋਈ; ਪਰ ਮਹਾਰਾਜਾ ਰਣਜੀਤ ਸਿੰਘ ਦੀ ਇਸ ਸਫਲਤਾ ਪਿੱਛੇ ਉਸ ਦੀ ਸੱਸ ਰਾਣੀ **ਸਦਾ ਕੌਰ** ਦੀ ਵਿਸ਼ੇਸ਼ ਭੂਮਿਕਾ ਸੀ, ਜਿਸ ਨੂੰ ਉੱਘੇ ਇਤਿਹਾਸਕਾਰ ਕਬੂਲ ਕਰਦੇ ਨੇ। ਇਸ ਲਈ ਕਾਬਲ-ਕੰਧਾਰ ਦੀ ਧਰਤੀ ਤੱਕ ਅੱਜ ਵੀ ਜਿਹੜੇ ਸੁਚੱਜੀ ਤੇ ਇਨਸਾਫ਼ਪਸੰਦ ਸਿੱਖ ਰਾਜਨੀਤੀ ਦੇ ਨਿਸ਼ਾਨ ਮਿਲਦੇ ਨੇ ਤਾਂ ਇਹਦੇ ਵਿਚ ਵੀ ਸਿੱਖ ਇਸਤਰੀ ਦੀ ਬਹੁਤ ਵੱਡੀ ਭੂਮਿਕਾ ਹੈ।

ਇਤਿਹਾਸ ਅੰਦਰ ਸਿੱਖ ਰਾਜ ਦੀ ਸਲਾਮਤੀ ਲਈ ਜਿਵੇਂ ਅਸੀਂ ਪਟਿਆਲਾ ਰਾਜ ਘਰਾਣੇ ਦੀ ਧੀ **ਸਾਹਿਬ ਕੌਰ** ਨੂੰ ਆਪਣੇ ਭਰਾ ਤੋਂ ਵੱਧ ਜ਼ਿੰਮੇਵਾਰ ਵੇਖਦੇ ਹਾਂ, ਉਸੇ ਹੀ ਤਰ੍ਹਾਂ **ਮਹਾਰਾਣੀ ਜਿੰਦਾਂ** ਦੀ ਭੂਮਿਕਾ ਬਹੁਤ ਵਧੇਰੇ ਜ਼ਿੰਮੇਵਾਰ ਹੈ। ਸਿੱਖਾਂ ਦੇ ਰਾਜ ਨੂੰ ਛਲ-ਕਪਟ ਨਾਲ ਹਥਿਆ ਲੈਣ ਪਿਛੋਂ ਜੇ ਅੰਗਰੇਜ਼ਾਂ ਨੂੰ ਕਿਸੇ ਤੋਂ ਡਰ ਲਗਦਾ ਰਿਹਾ ਸੀ ਤਾਂ ਉਹ ਮਹਾਰਾਣੀ ਜਿੰਦਾਂ ਤੋਂ ਹੀ ਲਗਦਾ ਰਿਹਾ ਸੀ। ਇਸੇ ਲਈ ਮਹਾਰਾਣੀ ਜਿੰਦਾਂ ਨੂੰ ਕੈਦ ਕੀਤਾ ਗਿਆ, ਉਸ ਦੇ ਬੱਚੇ ਦਲੀਪ ਸਿੰਘ ਨੂੰ ਉਸ ਤੋਂ ਅਲੱਗ ਕੀਤਾ ਗਿਆ ਤੇ ਸਿੱਖਾਂ ਵਿਚ ਮਹਾਰਾਣੀ ਨੂੰ ਬਦਨਾਮ ਕਰਨ ਲਈ ਕਈ ਕਿਸਮ ਦਾ ਝੂਠਾ ਪ੍ਰਾਪੇਗੰਡਾ ਕੀਤਾ ਗਿਆ। ਮਹਾਰਾਣੀ ਜਿੰਦਾਂ ਅੰਗਰੇਜ਼ਾਂ ਦੀ ਕੈਦ 'ਚੋਂ ਫ਼ਰਾਰ ਹੋ ਕੇ ਨਿਪਾਲ ਪਹੁੰਚ ਗਈ, ਪਰ ਅੰਗਰੇਜ਼ਾਂ ਨੇ ਉਦੋਂ ਤੱਕ ਉਸ ਨੂੰ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਨਾ ਮਿਲਣ ਦਿੱਤਾ, ਜਦ ਤੱਕ ਉਹ ਅੱਖਾਂ ਤੋਂ ਅੰਨ੍ਹੀ ਨਾ ਹੋ ਗਈ ਪਰ ਇਤਿਹਾਸਕਾਰਾਂ ਦਾ ਨਿਰਣਾ ਹੈ ਕਿ **ਇਸ ਹਾਲਤ ਵਿਚ ਵੀ ਜਦੋਂ ਮਹਾਰਾਣੀ ਜਿੰਦਾਂ ਦਲੀਪ ਸਿੰਘ ਨੂੰ ਮਿਲੀ ਤਾਂ ਉਸ ਨੇ ਦਲੀਪ ਸਿੰਘ ਦੇ ਦਿਲ ਅੰਦਰ ਖੁੱਸਿਆ ਹੋਇਆ ਸਿੱਖ ਰਾਜ ਦੁਬਾਰਾ ਹਾਸਲ ਕਰਨ ਦੀ ਚਿਣਗ ਜਗਾ ਦਿੱਤੀ ਤੇ ਮਹਾਰਾਜਾ ਦਲੀਪ ਸਿੰਘ ਨੂੰ ਵਾਪਿਸ ਸਿੱਖ ਧਰਮ ਵਿਚ ਵੀ ਮੋੜ ਲਿਆਂਦਾ।** ਇਥੇ ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਉਸ ਸਿਖਰ 'ਤੇ ਪਹੁੰਚਦੀ ਹੈ, ਜਿਥੇ ਸਮਕਾਲੀ ਰਾਜਨੀਤੀ 'ਚ ਸ਼ਾਇਦ ਕੋਈ ਇਸਤਰੀ ਇਸ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕੀ।

ਪਰ ਅਸੀਂ ਵੇਖਦੇ ਹਾਂ ਕਿ ਇਤਿਹਾਸ ਦੇ ਇਸ ਦੌਰ ਤੋਂ ਬਾਅਦ ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਸੀਮਿਤ ਹੋਣੀ ਸ਼ੁਰੂ ਹੋ ਗਈ। ਦਰਅਸਲ ਇਹ ਉਹ ਸਮਾਂ ਸੀ, ਜਦੋਂ ਸਿੱਖ ਸਮਾਜ ਉੱਤੇ ਬਿਪਰ ਸੰਸਕਾਰ ਭਾਰੂ ਹੋਣੇ ਸ਼ੁਰੂ ਹੋ ਗਏ, ਜਿਨ੍ਹਾਂ ਅਨੁਸਾਰ ਇਸਤਰੀ ਨੂੰ 'ਪੈਰ ਦੀ ਜੁੱਤੀ' ਸਮਝਿਆ ਜਾਂਦਾ ਸੀ। ਇਸ ਦੌਰ ਵਿਚ ਸਿੱਖ ਇਸਤਰੀ ਦੀ ਭੂਮਿਕਾ ਨੂੰ ਘਰ ਦੀ ਚਾਰਦੀਵਾਰੀ ਦੇ ਅੰਦਰ ਤੱਕ ਸੀਮਿਤ ਕਰਨ ਵਿਚ ਬਿਪਰ ਸੰਸਕਾਰ ਕਾਫੀ ਹੱਦ ਤੱਕ ਸਫ਼ਲ ਹੋਏ। ਜਦੋਂ ਤੱਕ ਕੁਝ ਜਾਗ੍ਰਿਤੀ ਆਈ, ਉਦੋਂ ਤੱਕ ਰਾਜਨੀਤੀ ਦੇ ਅੰਦਰ ਹੀ ਇਕ ਐਸਾ ਗੰਧਲਾਪਣ ਆ ਗਿਆ ਕਿ ਇਸਤਰੀ ਨੇ ਇਸ ਰਾਜਨੀਤਿਕ ਗੰਧਲੇਪਣ ਤੋਂ ਕਿਨਾਰੇ ਰਹਿਣਾ ਹੀ ਠੀਕ ਸਮਝ ਲਿਆ ਜਾਪਦਾ ਹੈ। ਅੱਜ ਸਿੱਖ ਇਸਤਰੀ ਯੋਗਤਾ ਹੁੰਦੇ ਹੋਏ ਵੀ ਆਪਣਾ ਦਾਮਨ ਦਾਗਦਾਰ ਹੋਣ ਦੇ ਡਰੋਂ ਰਾਜਨੀਤੀ ਵਿਚ ਅਸਰਦਾਰ ਭੂਮਿਕਾ ਨਿਭਾਉਣ ਤੋਂ ਝਿਜਕ ਰਹੀ ਹੈ, ਪਰ ਮੇਰਾ ਵਿਸ਼ਵਾਸ ਐ ਕਿ ਜੇਕਰ ਸਿੱਖ ਇਸਤਰੀ ਅੱਜ ਵੀ ਸਿੱਖ ਰਾਜਨੀਤੀ ਵਿਚ ਅਸਰਦਾਰ ਭੂਮਿਕਾ ਨਿਭਾਉਣ ਲਈ ਕਮਰਕੱਸਾ ਕਰ ਲਵੇ ਤਾਂ ਉਹ ਮੌਜੂਦਾ ਰਾਜਨੀਤੀ ਨੂੰ ਗੰਧਲੇ ਮਾਹੌਲ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਰਵਾਉਣ ਲਈ ਇਕ ਅਸਰਦਾਰ ਭੂਮਿਕਾ ਨਿਭਾ ਸਕਦੀ ਹੈ ਤੇ ਸਾਨੂੰ ਸਾਰਿਆਂ ਨੂੰ ਭਵਿੱਖ ਦੀ ਸਿੱਖ ਇਸਤਰੀ ਨੂੰ ਇਹ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਉਣ ਲਈ ਹੁਣ ਤੋਂ ਹੀ ਯਤਨਸ਼ੀਲ ਹੋ ਜਾਣਾ ਚਾਹੀਦਾ ਹੈ।


## ਧੰਨਵਾਦ

- S. Joginder Singh, Chaura Bazar Wale, Ghumar Mandi, Ludhiana. ਨੇ ਰਵਨੀਤ ਕੌਰ ਦੀ ਯਾਦ ਵਿਚ 2500/- ਰੁ: ਕਾਲਜ ਨੂੰ ਸਹਾਇਤਾ ਦਿੱਤੀ।
- Dharam Parchar Committee, Salzburg, Austria ਨੇ ਪ੍ਰਚਾਰ ਸਹਾਇਤਾ ਲਈ 8710 ਰੁਪਏ ਦਿੱਤੇ ਹਨ। ਧੰਨਵਾਦ।
- ਜ਼ੋਨ ਹੁਸ਼ਿਆਰਪੁਰ ਦੇ ਵੀਰ ਲਾਲ (Lal) ਸਿੰਘ ਜੀ ਵਲੋਂ ਆਪਣੀ ਬੇਟੀ ਹਰਮਿੰਦਰ ਕੌਰ ਜੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਸਿੱਖ ਮਿਸ਼ਨਰੀ ਕਾਲਜ ਸਰਕਲ ਪੁਰ ਹੀਰਾਂ ਨੂੰ 1100/- ਰੁਪਏ ਪ੍ਰੇਮ ਭੇਟਾ ਕੀਤੇ ਗਏ।
- ਸ: ਦਿਲਪ੍ਰੀਤ ਸਿੰਘ ਨੇ ਕਰਨਾਲ ਤੋਂ 25000/- ਰੁਪਏ ਕਾਲਜ ਦੀ ਸਹਾਇਤਾ ਕੀਤੀ। ਬਹੁਤ ਧੰਨਵਾਦ।
- ਸ: ਅਵਰਿੰਦਰਪਾਲ ਸਿੰਘ U.S.A. S/o ਸ: ਅਵਤਾਰ ਸਿੰਘ, 87, 88 ਸਤਿਕਰਤਾਰ ਨਗਰ, ਜਲੰਧਰ ਵਲੋਂ ਧਰਮ ਪ੍ਰਚਾਰ ਲਈ 31000 ਰੁਪਏ ਭੇਜੇ ਹਨ। ਅਦਾਰਾ ਸਿੱਖ ਮਿਸ਼ਨਰੀ ਕਾਲਜ ਵਲੋਂ ਸਾਰੇ ਪਰਿਵਾਰ ਦਾ ਧੰਨਵਾਦ ਹੈ।
- ਸ: ਗੁਰਪ੍ਰੀਤ ਸਿੰਘ, ਮਾਡਲ ਟਾਊਨ, ਜਲੰਧਰ ਵਲੋਂ ਧਰਮ ਪ੍ਰਚਾਰ ਲਈ 30,000 ਰੁਪਏ ਭੇਜੇ ਗਏ ਹਨ।

# ਸ੍ਰੀ ਅਕਾਲ ਤਖ਼ਤ, ਧਰਮ ਦੇ ਕੇਂਦਰ ਦੇ ਰੂਪ ਵਿਚ ਕਿਵੇਂ ਉਭਰੇ?

ਗਿਆਨੀ ਗੁਰਦਿੱਤ ਸਿੰਘ (ਚੰਡੀਗੜ੍ਹ)

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਮੁੱਖ ਧਾਮ ਹੈ। ਇਸ ਧਾਮ ਨੇ ਸਿੱਖੀ ਲਹਿਰ ਨੂੰ ਕੇਂਦਰਤ ਕਰਕੇ, ਵੱਡੇ-ਵੱਡੇ ਫੈਸਲਿਆਂ ਉੱਤੇ ਅਮਲ ਦੀ ਸਿਧੀ ਖ਼ਾਲਸਾ ਜੀ ਨੂੰ ਕਈ ਵਾਰ ਬਖ਼ਸ਼ੀ ਹੈ। ਏਸ ਧਾਮ ਨਾਲ ਸਿੱਖਾਂ ਦੀਆਂ ਅਜਿਹੀਆਂ ਰਵਾਇਤਾਂ ਸੰਬੰਧਤ ਹਨ, ਜਿਨ੍ਹਾਂ ਨੂੰ ਇਕੱਤਰ ਕੀਤਿਆਂ ਸਿੱਖ ਇਤਿਹਾਸ ਦੀਆਂ ਇਕ ਤੋਂ ਵੱਧ ਦੂਜੀ ਸ਼ਾਨਦਾਰ ਤੇ ਰੌਚਕ ਝਾਕੀ ਅੱਖਾਂ ਅੱਗੇ ਆ ਜਾਂਦੀ ਹੈ। ਸ੍ਰੀ ਅਕਾਲ ਤਖ਼ਤ ਦਾ ਲੰਮੇ ਸਮੇਂ ਦਾ ਆਪਣਾ ਵਿਲੱਖਣ ਇਤਿਹਾਸ ਹੈ। ਅਕਾਲ ਤਖ਼ਤ ਦੀ ਪ੍ਰੇਰਨਾ ਠੰਢਾ ਹੋਇਆ ਖ਼ੂਨ ਗਰਮਾਉਂਦੀ ਹੀ ਰਹੀ ਹੈ, ਦ੍ਰਿੜ੍ਹਤਾ ਨਾਲ ਪਰਉਪਕਾਰ ਹਿਤ ਜਾਨ ਵਾਰ ਦੇਣ ਦੀ ਸਿਖਿਆ ਏਥੇ ਦ੍ਰਿੜ੍ਹ ਕਰਾਈ ਜਾਂਦੀ ਰਹੀ ਹੈ।

**ਧਰਮ ਚਲਾਵਨ ਸੰਤ ਉਭਾਰਨ,**
**ਦੁਸ਼ਟ ਸਭਨ ਕੋ ਮੂਲ ਉਪਾਰਨ॥**

ਇਨ੍ਹਾਂ ਸਤਰਾਂ ਵਿਚ ਪ੍ਰਗਟਾਏ ਵਿਚਾਰਾਂ ਨੂੰ ਸਾਰੇ ਸਮਿਆਂ ਲਈ ਜੋ ਜੁਗਤਾਂ ਲੋੜੀਂਦੀਆਂ ਸਨ, ਕਾਫੀ ਚਿਰ ਜਮਾਨਾ ਪੂਰਾ ਕੀਤਾ ਜਾਂਦਾ ਰਿਹਾ ਹੈ। ਏਥੋਂ ਦੀਆਂ ਬੀਤੇ ਸਮੇਂ ਦੀਆਂ ਗਾਥਾਂ, ਵਿਚਾਰੇ ਗਏ ਮਸਲੇ ਤੇ ਫੈਸਲੇ ਸ਼ਾਨਦਾਰ ਇਤਿਹਾਸ ਬਣ ਚੁੱਕੇ ਹਨ। ਦਲ ਖ਼ਾਲਸਾ ਦੇ ਸਮੇਂ ਸਿੱਖਾਂ ਦੇ ਜਥੇ ਭਾਵੇਂ ਕਿੰਨੇ ਹੀ ਬਣੇ, ਪਰ ਧਾਰਮਿਕ ਏਕਤਾ ਅਕਾਲ ਤਖ਼ਤ ਦੇ ਹਰਕਤ ਵਿਚ ਰਹਿਣ ਕਾਰਨ ਬਚੀ ਰਹੀ, ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਦਾ ਰਹੱਸ, ਗੁਰਮਤਿਆਂ ਰਾਹੀਂ ਅਕਾਲ ਤਖ਼ਤ ਤੋਂ ਕੀਤੇ ਫੈਸਲੇ ਸਨ। ਮੌਜੂਦਾ ਸਿੱਖ ਸਮਾਜ ਦੇ ਪਤਨ ਦੀ ਜ਼ਿੰਮੇਵਾਰੀ 'ਗੁਰਮਤਾ-ਹੀਣ' ਹੋ ਕੇ ਆਪ ਮਤੇ ਹੋ ਜਾਣ ਨਾਲ ਜੁੜੀ ਹੋਈ ਹੈ। ਜਮਹੂਰੀ ਤੇ ਬਹੁਮਤ ਦੇ ਸਿਸਟਮ ਦੇ ਪ੍ਰਭਾਵ ਜਾਂ ਦਾਬੇ ਹੇਠਾਂ ਸਾਡੇ ਤਖ਼ਤ ਸਾਹਿਬਾਨ ਆਪਣੇ ਕਰਤੱਵ ਤੋਂ ਵਾਂਝੇ ਕਰ ਦਿੱਤੇ ਗਏ ਹਨ। ਇਸੇ ਕਰਕੇ ਇਨ੍ਹਾਂ ਧਾਮਾਂ ਦੇ ਮੌਲਿਕ ਤੇ ਪ੍ਰੇਰਕ ਤੱਤ ਮਾੜੇ ਪੈਂਦੇ ਗਏ ਹਨ ਜਾਂ ਇੰਝ ਕਹੋ ਗੁਰਮਤਿ ਦੇ ਵਿਕਾਸਣ ਦੀ ਸ਼ਕਤੀ ਲੂਹੀ ਗਈ ਹੈ।

ਬੇਸ਼ੱਕ, ਪੰਥ ਲਈ ਅਣਸੁਖਾਵੀਆਂ ਕਰਤੂਤਾਂ ਤੇ ਹਾਨੀਕਾਰਕ ਭੁੱਲਾਂ ਕਾਰਨ, ਵੱਡੇ ਤੋਂ ਵੱਡੇ ਆਗੂਆਂ ਨੂੰ ਡੰਡਤ ਕਰਨ ਦੀ ਪਰੰਪਰਾ ਮੁੜ-ਮੁੜ ਉਭਰਦੀ ਰਹੀ ਹੈ। ਗੁਰਦੁਆਰਿਆਂ ਵਿਚ ਅੰਮ੍ਰਿਤ ਛਕਾਣ ਦੀ ਰਸਮ ਨਿਭਾਉਣ ਦਾ ਕਾਰਜ ਵੀ ਤਖ਼ਤ ਸਾਹਿਬਾਨ ਵਲੋਂ ਹੁੰਦਾ ਰਿਹਾ ਹੈ। ਸਿੱਖ ਮਹਾਰਾਜਿਆਂ ਤੇ ਲੀਡਰਾਂ ਦੀਆਂ ਗ਼ਲਤੀਆਂ ਤੇ ਭੁੱਲਾਂ ਦਾ ਪ੍ਰਾਸਚਿਤ ਇਥੇ ਹੁੰਦਾ ਰਿਹਾ ਹੈ, ਕਈ ਵਾਰ ਦੰਡ ਲਗਾ ਕੇ ਖ਼ਾਲਸਾ ਜਥੇਬੰਦੀ ਨੂੰ 'ਖ਼ਾਲਸਾ' ਰੱਖਣ ਦੇ ਉੱਦਮ ਕੀਤੇ ਜਾਂਦੇ ਰਹੇ ਹਨ। ਉਪਰੋਕਤ ਕਰਤੱਵ ਨਿਭਾਉਣ ਤੋਂ ਇਲਾਵਾ ਕਿਤਨੀਆਂ ਹੋਰ ਲੋੜਾਂ ਤੇ ਥੁੜਾਂ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਖ਼ਾਲਸਾ ਪੰਥ ਦੀਆਂ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ, ਉਨ੍ਹਾਂ ਵਲੋਂ ਇਸ ਮਹਾਨ ਸੰਸਥਾ ਦੀ ਅਥਾਹ ਸ਼ਕਤੀ, ਸਾਡੀ ਜਾਚੇ ਅਣਵਰਤੀ ਹੀ ਪਈ ਹੈ। ਉਸਦਾ ਇਕ ਕਾਰਨ ਸਿੱਖ ਸਮਾਜ ਦਾ ਸਮੁੱਚਾ ਉਲਾਰ ਵਕਤੀ ਰਾਜਨੀਤੀ ਨੂੰ ਹੀ ਸਭੋ ਕੁਝ ਸਮਝ ਕੇ ਬੇਲੋੜਾ ਮਹੱਤਵ ਦੇਣਾ ਹੈ ਅਤੇ ਸਾਡੇ ਵਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਲਖ਼ਸ਼ ਨਿਰਧਾਰਤ ਕੀਤੇ ਬਿਨਾਂ ਆਪਣੇ ਜੁੱਸੇ ਨੂੰ ਐਵੇਂ ਹੀ ਗਰਮਾਈ ਰੱਖਣ ਨੂੰ ਪੰਥਕ ਸੇਵਾ ਕਰਾਰ ਦੇਈ ਰੱਖਣਾ ਵੀ ਹੈ। ਘਿਓ ਜਿਹੀ ਚੀਜ਼ ਰੇਤੇ ਵਿਚ ਡੋਲ੍ਹੀ ਜਾਵੇ ਤਾਂ ਉਸਦਾ ਲਾਭ ਨਹੀਂ ਹੁੰਦਾ ਸਗੋਂ ਕੀਮਤੀ ਚੀਜ਼ ਜ਼ਾਇਆ ਹੋ ਜਾਂਦੀ ਹੈ।

ਸਿੱਖ ਸਮਾਜ ਵਿਚ ਸੇਧ ਰਹਿਤ ਅਤੇ ਚੇਤਨਤਾ ਦੀ ਘਾਟ ਕਾਰਨ ਇਹ ਹੋ ਰਿਹਾ ਹੈ, ਪ੍ਰਬੰਧਕੀ ਢਾਂਚੇ ਦਾ ਧਾਰਮਿਕ ਸੰਸਥਾ 'ਤੇ ਭਾਰੂ ਹੋ ਜਾਣ ਕਾਰਨ ਵੀ ਇਹ ਸਭ ਹੋਇਆ ਹੈ। ਗੁਰਮਤਿ ਬਾਰੇ ਉੱਚੀ ਭਾਂਤ ਦੀਆਂ ਸੋਚਾਂ ਵਾਲੇ ਵਿਅਕਤੀ ਨਾ ਪ੍ਰਬੰਧਕ ਚੁਣ ਸਕਦੇ ਹਨ ਨਾ ਝੱਲ ਸਕਦੇ ਨੇ। ਹੁਣ ਤੱਕ ਆਮ ਤੌਰ 'ਤੇ 'ਪਾਰਟੀ ਪ੍ਰਚਾਰ' ਦੇ ਖੇਤਰ ਵਿਚ ਅਜ਼ਮਾਏ ਹੋਏ ਧੜੇ ਦੇ ਪੱਕੇ ਪ੍ਰਚਾਰਕਾਂ ਨੂੰ ਹੀ 'ਜਥੇਦਾਰ' ਲਗਾਇਆ ਜਾਂਦਾ ਹੈ। ਵਿਚਾਰਵਾਨ ਵਿਅਕਤੀਆਂ ਲਈ ਇਸ ਪਦਵੀ 'ਤੇ ਨਿਯੁਕਤੀ ਹਾਲਾਂ ਤੱਕ ਸੋਚੀ ਨਹੀਂ ਗਈ ਤੇ ਮਾਹੌਲ ਹੀ ਕੁਝ ਇਸ ਤਰ੍ਹਾਂ ਦਾ ਰਿਹਾ ਹੈ। ਤਸੱਲੀ ਪ੍ਰਗਟ ਕੀਤੀ ਜਾਂਦੀ ਰਹੀ ਹੈ। ਜੋ ਕੁਝ ਹੋ ਰਿਹਾ ਹੈ ਅਕਾਲ ਤਖ਼ਤ ਇਸ ਤਰ੍ਹਾਂ ਹੋਰ ਕੀ ਕਰੇ? ਆਮ ਤੌਰ 'ਤੇ ਇਹੋ ਜਿਹੇ 'ਗ਼ੈਰ-ਜ਼ਿੰਮੇਵਾਰ' ਜਵਾਬ ਕਈ 'ਜ਼ਿੰਮੇਵਾਰ' ਸੱਜਣ ਦਿੰਦੇ ਹਨ। ਇਸ ਧਾਮ ਦੀ ਅਸਲ ਸ਼ਕਤੀ ਦੇ ਭੇਦ ਗੁਹਜ ਰਹਿਣ ਕਾਰਨ ਸ੍ਰੀ ਅਕਾਲ ਤਖ਼ਤ ਵਲੋਂ ਆਪਣੀ ਨਉ ਨਿੱਧੀ ਬਖ਼ਸ਼ ਭਰੀ ਸ਼ਕਤੀ ਦੀ ਕਿਵੇਂ ਤੇ ਕਿੰਨੀ ਵਰਤੋਂ ਕੀਤੀ ਜਾ ਸਕਦੀ ਸੀ? ਸਿੱਖ ਸਮਾਜ ਇਸ ਪੱਖੋਂ ਅਚੇਤ ਹੈ, ਜਿਵੇਂ ਇਹ ਸੋਚਣ ਵਿਚਾਰਨ ਵਾਲਾ ਗੰਭੀਰ ਤੇ ਲੋੜੀਂਦਾ ਮਸਲਾ ਹੀ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕਿਤਨਾ ਕੁ ਸ਼ਕਤੀਸ਼ਾਲੀ ਹੈ ਅਤੇ ਉਸਨੂੰ ਮੰਨਣ ਵਾਲੇ ਕਿਤਨੇ ਕੁ ਆਗਿਆਕਾਰ ਹਨ? ਇਸ ਦਾ ਪਤਾ ਕੁਝ ਗੱਲਾਂ ਤੋਂ ਲਗਦਾ ਹੈ :

ਸ੍ਰੀ ਅਕਾਲ ਤਖ਼ਤ ਉੱਤੇ ਬੈਠ ਕੇ ਸਿੱਖ ਵਿਦਵਾਨਾਂ, ਵਿਚਾਰਵਾਨਾਂ, ਪੰਥ ਸੇਵਕਾਂ ਨੇ ਕਈ ਬੈਠਕਾਂ ਵਿਚ ਵਿਚਾਰ ਕੇ ਇਕ ਰਹਿਤ ਮਰਯਾਦਾ ਬਣਾਈ। ਹੁਣ ਤੱਕ ਸਿੱਖਾਂ ਦੀ ਇਕੋ ਇਹੋ ਹੀ ਰਹਿਤ ਮਰਯਾਦਾ ਪੰਥਕ ਤੌਰ 'ਤੇ ਵਿਚਾਰ ਕੇ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਲੋਂ ਵੀ ਉਸ ਉੱਤੇ ਪ੍ਰਵਾਨਗੀ ਦੀ ਮੋਹਰ ਲਾਈ ਗਈ। ਜਿਸ ਸ਼੍ਰੋਮਣੀ ਕਮੇਟੀ ਨੂੰ 'ਸਿੱਖਾਂ ਦੀ ਪਾਰਲੀਮੈਂਟ' ਕਿਹਾ ਜਾਂਦਾ ਹੈ। ਇਹ ਰਹਿਤ ਮਰਯਾਦਾ ਸਿੱਖਾਂ ਦੀ ਏਸੇ ਪਾਰਲੀਮੈਂਟ (ਸ਼੍ਰੋਮਣੀ ਕਮੇਟੀ) ਦੀ ਪਾਸ ਕੀਤੀ ਹੋਈ ਹੈ ਪਰ ਇਸੇ ਸ਼੍ਰੋਮਣੀ ਕਮੇਟੀ ਦੇ ਅਧੀਨ ਚੱਲ ਰਹੇ ਗੁਰਧਾਮਾਂ ਵਿਚ ਇਹ ਲਾਗੂ ਨਹੀਂ ਕੀਤੀ ਜਾ ਸਕੀ, ਨਾ ਹੀ ਲਾਗੂ ਕਰਨ ਲਈ ਕੋਈ 'ਸੈੱਲ' (ਸੇਵਾ ਕਮੇਟੀ) ਬਣਾਉਣ ਦੀ ਲੋੜ ਸਮਝੀ ਗਈ ਹੈ। ਜਿਸ 'ਤੇ ਨਿਰੰਤਰ ਬਲ ਨਾਲ ਰਾਹ ਦੀਆਂ ਉਲਝਣਾਂ ਦੂਰ ਹੋਣ ਅਤੇ ਉੱਦਮ ਜਾਰੀ ਰਹੇ। ਕਿਸੇ ਹੋਰ ਪ੍ਰਕਾਰ ਦਾ ਆਹਰ-ਪਾਹਰ ਵੀ ਨਹੀਂ ਹੋ ਰਿਹਾ, ਨਾ ਹੀ ਏਸ ਗੱਲ ਲਈ ਯੋਗ ਸੇਵਕਾਂ ਵਲੋਂ ਕਿਸੇ ਤਰ੍ਹਾਂ ਦੀ ਪ੍ਰੇਰਨਾ ਤੇ 'ਸੇਧ' ਅਪਨਾਈ ਗਈ ਹੈ। ਇਥੋਂ ਤੱਕ ਕਿ ਇਸ ਗੱਲ ਦੀ ਚਰਚਾ ਵੀ ਕਿਸੇ ਪਾਸੇ ਨਹੀਂ ਜਿਵੇਂ ਇਹ ਕੰਮ ਬੇਲੋੜਾ ਹੋਵੇ।

ਪਿਛਲੇ ਦਿਨੀਂ, ਇਕ ਦੋ ਮਸਲਿਆਂ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਵਿਚਰ ਕੇ ਫੈਸਲੇ ਕਰਨ ਦੀ ਗੱਲ ਚੱਲੀ ਸੀ, ਪਰ ਉਨ੍ਹਾਂ ਗੱਲਾਂ ਨੂੰ ਲੋੜੀਂਦੇ ਧੀਰਜ ਅਤੇ ਠੀਕ ਢੰਗ ਨਾਲ ਬੈਠ ਕੇ ਵਿਚਾਰਿਆ ਵੀ ਨਾ ਗਿਆ। ਭੱਜ-ਦੌੜ ਕੇ ਹੀ ਕਾਹਲ ਅਤੇ ਬੌਖਲਾਹਟ ਗੰਭੀਰ ਮਸਲਿਆਂ ਉੱਤੇ ਜਦੋਂ ਭਾਰੂ ਹੋ ਜਾਵੇ ਤਾਂ ਭਵਿੱਖ ਨੂੰ ਪ੍ਰਭਾਵਤ ਕਰਨ ਵਾਲੇ ਦੂਰ-ਦਰਸ਼ੀ ਆਦਰਸ਼ਕ ਫੈਸਲੇ ਕਿਵੇਂ ਹੋ ਸਕਦੇ ਹਨ? ਧਾਰਮਿਕ ਸਲਾਹਕਾਰ ਕਮੇਟੀ ਇਸ ਵੇਲੇ ਤੱਕ ਨਿਯਮਤ ਨਹੀਂ ਬਣੀ (ਸ਼ਾਇਦ ਜਲਦੀ ਬਣ ਜਾਵੇ) ਜੋ ਅਜਿਹੇ ਮਸਲੇ ਵਿਚਾਰਨ ਲਈ ਮੁੱਢ ਤੋਂ ਜ਼ਰੂਰੀ ਮੰਨੀ ਜਾਂਦੀ ਰਹੀ ਹੈ। ਕੁਝ ਕੁ ਸੱਜਣਾਂ ਵਲੋਂ, ਜੋ ਇਸ ਵੇਲੇ ਪੰਥ ਦੇ ਅਗਰਗਾਮੀ ਸੰਗਠਨਾਂ ਦੇ ਮੁਖੀ ਮੰਨੇ ਜਾਂਦੇ ਹਨ। ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਦਾ ਬਾਰੰਬਾਰ

ਚਰਚਾ ਪਿਛਲੇ ਮਹੀਨਿਆਂ ਵਿਚ ਕੀਤਾ ਜਾਂਦਾ ਰਿਹਾ ਹੈ। ਕੀ ਗੁਰਮਤਿ ਦੇ 'ਵੱਡੇ ਅਲੰਬਰਦਾਰ' ਕਹੇ ਜਾਣ ਵਾਲੇ ਇਹ ਮਹਾਨ 'ਗੁਰਮੁਖ' ਸਨ ਜਾਂ ਉਨ੍ਹਾਂ ਦੇ ਜਥੇ ਜਾਂ ਸੰਗਠਨ ਸੱਚਮੁੱਚ ਹੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਜਾਂ ਰਹੁ-ਰੀਤ ਦੇ ਪਾਬੰਦ ਹਨ ਜਾਂ ਇਹ ਬਾਹਰ ਮੁਖੀ ਗੱਲਾਂ ਬਾਤਾਂ ਹਨ। ਜੇ ਖ਼ਿਮਾ ਕੀਤਾ ਜਾਵੇ ਇਹ ਗੁਰੂ ਕੇ ਖਾਸ ਪ੍ਰੇਮੀ ਤੇ ਵਿਸ਼ੇਸ਼ ਮਰਯਾਦਾ ਪ੍ਰਸ਼ੋਤਮ ਹੋਣ ਦੀ ਮਹਾਨ ਨਾਸਤਿਕਤਾ ਵਾਲੇ ਗੁਰੂ ਕੇ ਸਿੱਖ ਜੋ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਨਿਤ ਅਹਿਮੀਅਤ ਦ੍ਰਿੜ੍ਹਾ ਰਹੇ ਹਨ, ਉਨ੍ਹਾਂ ਨੇ ਅਕਾਲ ਤਖ਼ਤ ਦੀ ਸੰਪੂਰਨ ਮਰਯਾਦਾ ਤੇ ਰਹੁ-ਰੀਤ ਨੂੰ ਐਵੇਂ ਅੰਸ਼ ਮਾਤਰ ਹੀ ਪ੍ਰਵਾਨ ਕੀਤਾ ਹੈ। ਕਈ ਗੱਲਾਂ ਵਿਚ ਆਪਣੇ ਸੰਗਠਨਾਂ ਦੇ ਵੱਖੋ-ਵੱਖਰੇ ਰੱਖੇ ਹੋਏ ਹਨ। "ਸ੍ਰੀ ਅਕਾਲ ਤਖ਼ਤ ਦੀ ਜੈ ਜੈ ਕਾਰ" ਬੁਲਾਉਣ ਦਾ ਦਾਹਵਾ ਕਰਨ ਵਾਲੇ ਅਜਿਹੀ ਖਾਸ ਕਿਸਮ ਦੇ ਗੁਰਮੁਖ ਵੀ ਹਨ ਜੋ ਉਥੋਂ ਕੜਾਹ ਪ੍ਰਸ਼ਾਦ ਵੀ ਨਹੀਂ ਲੈਂਦੇ।

ਇਕ ਸੰਗਠਨ ਹੈ, ਜੋ ਅਕਾਲ ਤਖ਼ਤ ਦੀ ਰਹੁ-ਰੀਤ, ਰਹਿਤਾਂ ਕੁਰਹਿਤਾਂ ਨੂੰ ਠੀਕ ਨਹੀਂ ਮੰਨ ਰਿਹਾ। ਕੀ ਅਕਾਲ ਤਖ਼ਤ ਗ਼ਲਤ ਹੈ ਜਾਂ ਸਾਡੇ ਗੁਰਮੁਖ ਸਿੱਖਾਂ ਦੇ ਮਤ ਧਾਰਨ ਵਾਲੇ ਇਹ ਸੰਗਠਨ ? ਇਸ ਦਾ ਨਿਰਣੈ ਕੌਣ ਕਰੇ ?

ਅਕਾਲ ਤਖ਼ਤ ਸਾਹਿਬ ਦੇ ਜ਼ਿੰਮੇਵਾਰ ਕਿੰਨਾ ਚਿਰ ਇਸ ਜ਼ਿੰਮੇਵਾਰੀ ਤੋਂ ਬਚਦੇ ਰਹਿਣਗੇ, ਅਤੇ ਇਹ ਦੁਬਿਧਾ ਕਿੰਨਾ ਚਿਰ ਪੰਥ ਵਿਚ ਫੁੱਟ ਤੇ ਪਾੜੇ ਪਾਉਣ ਵਾਲੀਆਂ ਜ਼ਹਿਰ ਦੀਆਂ ਪੁੜੀਆਂ ਘੋਲਦੀ ਰਹੇਗੀ ? ਕਿਉਂ ਨਹੀਂ ਪੰਥਕ ਵਿਚਾਰਵਾਨ ਸੱਦ ਕੇ ਇਹ ਮਸਲੇ ਨਿਪਟਾਏ ਜਾਂਦੇ ? ਅਕਾਲ ਤਖ਼ਤ ਸਾਹਿਬ ਨੂੰ ਸਰਵਉੱਚ ਮੰਨਣ ਵਾਲਿਆਂ ਵਿਚ ਹੀ ਜਦੋਂ ਬੁਨਿਆਦੀ ਭੇਦ ਹਨ। ਆਪੋ ਆਪਣੀ ਮੱਤ ਉੱਤਮ ਸਮਝੀ ਜਾਂਦੀ ਹੈ, ਮਤਭੇਦ ਤੇ ਰਾਵਾਂ ਤੇ ਕਰੜੇ ਵਖਰੇਵੇਂ ਹਨ, ਫਿਰ ਇਸ ਦੀ ਮਹਾਨਤਾ ਦੀ ਪ੍ਰਮਾਣਿਕਤਾ ਦੀ ਗੱਲ ਕਿਹੜੇ ਮੂੰਹ ਨਾਲ ਕੀਤੀ ਜਾਂਦੀ ਹੈ ? ਇਹ ਗੱਲ ਸਿੱਖੀ ਦੀ ਆਪਣੀ ਹੈ ਤੇ ਸਾਡੀ ਅੰਦਰਲੀ ਕਮਜ਼ੋਰੀ ਹੈ ਕਿ ਸਾਡੇ ਵਿਚ ਆਪਣੇ ਵਿਚਾਰਾਂ ਨੂੰ ਸਿਖ਼ਰ ਦੀ ਮਾਨਤਾ ਦੇਣ ਕਰ ਕੇ ਅਸੀਂ ਕਲਪਨਾ ਤੇ ਮਨ ਦੀ ਮੱਤ ਨਾਲੋਂ ਦੂਜੀ ਕਿਸਮ ਦੀ ਗੱਲ ਮੰਨਣ ਸੁਣਨ ਦੀ ਜੁਅੱਰਤ ਹੀ ਨਹੀਂ ਰੱਖਦੇ। ਘਾਟ ਇਤਨੀ ਹੈ ਕਿ ਅਸੀਂ ਦੂਜੀ ਕਿਸਮ ਦੇ ਵਿਚਾਰਾਂ ਨੂੰ ਮਹੱਤਵ ਦੇ ਹੀ ਨਹੀਂ ਸਕਦੇ। ਕੀ ਕਿਸੇ ਸਭਿਆ ਜਾਤੀ ਜਾਂ ਕੌਮ ਦੀ ਇਹ ਦਸ਼ਾ ਫ਼ਖ਼ਰਯੋਗ ਹੈ ? ਪਾੜੇ ਦਾ ਸਿੱਟਾ ਸਾਹਮਣੇ ਹੈ। ਕਈ ਡੇਰਿਆਂ ਦੇ ਸੰਤਾਂ ਨੇ ਆਪੋ-ਆਪਣੇ ਨਿਤਨੇਮ ਛਾਪ ਲਏ ਹਨ। ਜਿਨ੍ਹਾਂ ਵਿਚ ਨਿਤਨੇਮ ਦੀਆਂ ਬਾਣੀਆਂ ਅਰਦਾਸ, ਰਹਰਾਸਿ ਆਪਣੀ ਕਿਸਮ ਦੀਆਂ ਜਾਂ ਆਪਣੇ ਡੇਰੇ ਦੀ ਮੁੱਖ ਸਮਝ ਕੇ ਪ੍ਰਚਾਰਨੀ ਅਤੇ ਛਾਪ ਛਾਪ ਕੇ ਵਿਸਥਾਰਨੀ ਵੀ ਅਰੰਭ ਕਰ ਦਿੱਤੀ ਹੈ। ਖ਼ਾਲਸਾ ਪੰਥ ਇਕ ਸਾਜਿਆ ਗਿਆ ਸੀ ਜਾਂ ਅਨੇਕ ਪੰਥੀ ? ਜੇ ਇਕ ਜੋ ਠੀਕ ਇਕੋ ਹੀ ਖ਼ਾਲਸਾ ਪੰਥ ਹੈ ਫਿਰ ਇਹ ਨਿੱਤ ਨਵੇਂ ਪੰਥ, ਗੁੱਟ ਕਿਉਂ ਉਠ ਰਹੇ ਹਨ ? ਕਿਉਂਕਿ ਮੁੱਖ ਧਾਮ ਦਾ ਅੰਕੁਸ਼ ਨਹੀਂ।

**"ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ ॥" ਕੀ ਗੁਰਵਾਕ ਨਹੀਂ ? ਕੀ ਇਹ ਗੁਰੂ ਦੀ ਸਿਖਿਆ ਦਾ ਉਪਦੇਸ਼ ਨਹੀਂ ? ਦੁਰਭਾਗ ਇਹ ਹੈ ਕਿ ਇਕ ਪੰਥ ਦੇ ਕਈ ਪੰਥ ਬਣ ਗਏ ਤੇ ਨਿੱਤ ਹੋਰ ਪੰਥ ਬਣ ਰਹੇ ਹਨ।** 'ਸੰਤ' ਤਾਂ ਕੋਈ ਉਤਨਾ ਚਿਰ ਆਪਣੇ ਆਪ ਨੂੰ ਪੇਠਦਾਰ ਹਸਤੀ ਮੰਨਦਾ ਹੀ ਨਹੀਂ ਜਿਤਨਾ ਚਿਰ ਆਪਣੀ ਢਾਈ ਪਾ ਦੀ ਖਿਚੜੀ ਕੁਝ ਵੱਖਰੀ ਗੰਧ ਜਾਂ ਮਨ ਦੀ ਮੱਤੜੀ ਦੀ ਦੁਰਗੰਧ ਪਾ ਕੇ ਪਕਾਉਣੀ ਨਾ ਆਰੰਭੇ। ਜੇ ਇਹ ਨਾ ਹੋਵੇ ਪਤਾ ਕਿਵੇਂ ਲੱਗੇ ਇਹ ਵੀ 'ਪੂਜਣ ਯੋਗ' ਇਕ ਸੰਤ ਮਹਾਂਪੁਰਖ ਪ੍ਰਗਟ ਹੋ ਗਏ ਹਨ। ਰਾਜਸੀ ਤੌਰ 'ਤੇ ਸਿੱਖਾਂ ਦੀਆਂ ਪਾਰਟੀਆਂ ਦਾ ਮਸਲਾ ਇਸ ਨਾਲੋਂ ਵੀ ਮਾੜਾ ਹੈ ਜੋ ਵਿਚਾਰੇ ਜਾ ਰਹੇ ਵਿਸ਼ੇ ਨਾਲ ਜੋੜਨਾ ਵੀ ਯੋਗ ਨਹੀਂ। ਪਾਰਟੀ ਦੇ ਰੂਪ ਵਿਚ ਇਕ ਪਾਰਟੀ ਵੀ ਸਿੱਖ ਸਮਾਜ ਉਤੇ ਭਾਰੂ ਹੋਵੇ ਤਦ ਵੀ ਉਹ ਪੰਥ ਨਹੀਂ ਕਹੀ ਜਾ ਸਕਦੀ। ਪੰਥ ਸਰਬੱਤ ਖ਼ਾਲਸਾ ਹੈ ਨਾ ਕਿ ਕੋਈ ਪਾਰਟੀ ਧੜਾ, ਜਾਂ ਦਲ ਸੰਗਠਨ ਇਕ ਜਾਂ ਬਹੁਤੇ ਹੋਣ। ਜਿਨ੍ਹਾਂ ਦੀ ਸੰਗਠਨ ਵਿਧੀ ਗੁਰਮਤੀ ਨਹੀਂ ਉਹ ਪੰਥਕ ਵੀ ਨਹੀਂ ਹੋ ਸਕਦੇ। ਸਿੱਖਾਂ ਦੀ ਪਾਰਟੀ ਜਾਂ ਪਾਰਟੀਆਂ ਹੋ ਸਕਦੀਆਂ ਹਨ ?

ਸੁਝਾਅ ਦੇਂਦੇ ਹਾਂ ਜਿੰਨ੍ਹਾਂ ਮਸਲਿਆਂ ਬਾਰੇ ਮੱਤਭੇਦ ਸਨ, ਦੂਰ ਕਰਨ ਲਈ ਵੱਡੀ ਪੱਧਰ 'ਤੇ ਗੁਰਸਿੱਖ ਜੱਜਾਂ ਦਾ ਕਮਿਸ਼ਨ ਬਣਾਇਆ ਜਾਵੇ। ਉਹ ਦੋਵੇਂ ਪੱਖ ਸੁਣ ਕੇ ਠੀਕ ਤੱਥਾਂ 'ਤੇ ਆਧਾਰਤ ਫੈਸਲੇ ਦੇ ਦੇਣ ਤਾਂ ਉਹ ਸਭਨਾਂ ਨੂੰ ਮੰਨ ਲੈਣੇ ਚਾਹੀਦੇ ਹਨ। ਲੋੜ ਪੈਣ 'ਤੇ ਅਕਾਲ ਤਖ਼ਤ ਦੀ ਮਰਯਾਦਾ ਵਿਚ ਵੀ ਸੋਧ ਕੀਤੀ ਜਾ ਸਕਦੀ ਹੈ ਕਿਉਂਕਿ ਇਹ ਰਹੁ-ਰੀਤ ਵੀ ਪੰਥ ਦੇ ਪ੍ਰਤੀਨਿਧਾਂ ਦੀ ਹੀ ਬਣਾਈ ਹੋਈ ਹੈ। ਰਹਿਤ ਮਰਯਾਦਾ ਕੋਈ ਰੱਬੀ ਬਾਣੀ ਨਹੀਂ **ਪੰਥ ਦੀ ਏਕਤਾ ਸਭ ਤੋਂ ਮੁਖ ਹੋਣੀ ਚਾਹੀਦੀ ਹੈ। ਜੇ ਰਹੁ-ਰੀਤ ਵਿਚ ਤੱਥਾਂ ਉੱਤੇ ਆਧਾਰਤ ਸੁਧਾਈ ਜ਼ਰੂਰੀ ਹੈ, ਉਹ ਕੀਤੀ ਜਾਵੇ, ਫੈਸਲਿਆਂ ਨੂੰ ਮੰਨਣ ਵਾਲਿਆਂ ਦੇ ਇਤਰਾਜ਼ ਮਨਘੜਤ ਹਨ, ਤਾਂ ਉਨ੍ਹਾਂ ਬਾਰੇ ਅਸਲੀਅਤ ਪ੍ਰਗਟ ਕੀਤੀ ਜਾਵੇ। ਮਨ ਦੀਆਂ ਮਤੜੀਆਂ ਤੋਂ ਰੋਕਿਆ ਜਾਵੇ।**

**ਤਖ਼ਤ ਸਾਹਿਬਾਨ ਤੇ ਗੁਰਮਤਿ ਵਿੱਦਿਆ :**

ਤਖ਼ਤ ਸਾਹਿਬਾਨ ਵਲੋਂ ਗੁਰਮਤਿ ਵਿੱਦਿਆ ਦੇ ਵਾਧੇ ਲਈ ਕੁਝ ਕਰਨ ਲਈ ਕਹਿਣਾ ਇੰਝ ਲਗਦਾ ਹੈ ਜਿਵੇਂ ਤਖ਼ਤਾਂ ਨਾਲ ਗੁਰਮਤਿ ਵਿੱਦਿਆ ਦੀ ਚਰਚਾ ਜੋੜਨ ਦੀ ਗੱਲ ਕਰਕੇ ਅਸੀਂ ਕੋਈ ਗ਼ਲਤੀ ਕਰਨ ਲੱਗੇ ਹਾਂ। ਹਾਲਾਂਕਿ ਮੁੱਖ ਮਨੋਰਥ ਇੰਨ੍ਹਾਂ ਧਾਮਾਂ ਦਾ ਇਹੋ ਹੈ ਬਲਕਿ ਸਭਨਾਂ ਗੁਰਧਾਮਾਂ ਲਈ ਇਹੋ ਮੁੱਖ ਪ੍ਰੋਗਰਾਮ ਚਾਹੀਦਾ ਹੈ। ਪੂਰਜਾ ਅਰਚਾ, ਜਿਵੇਂ ਧਰਮ ਮੰਦਰਾਂ ਦੀ ਹੁੰਦੀ ਹੈ, ਇਹ ਹਰਿਮੰਦਰ ਸਾਹਿਬ ਵਿਚ ਹੋ ਰਹੀ ਹੈ, ਹੋਰ ਗੁਰਧਾਮਾਂ ਵਿਚ ਹੋ ਰਹੀ ਹੈ, ਹੁੰਦੀ ਰਹਿਣੀ ਚਾਹੀਦੀ ਹੈ। ਖ਼ਾਲਸੇ ਦੇ ਧਰਮ ਮੰਦਰ ਸਰਬੱਤ ਲਈ ਖੁਲ੍ਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਜੇ ਤਖ਼ਤ ਸਾਹਿਬਾਨ ਸਿੱਖਾਂ ਲਈ ਸਮਾਜਕ, ਵਿਵਹਾਰਕ ਕਾਰਜਾਂ ਲਈ ਸੇਧ ਦੇਣ ਲਈ ਰਚੇ ਗਏ ਸਨ। ਇਹ ਸੇਧ ਤਦ ਹੀ ਸ਼ੁੱਧ ਤੇ ਠੀਕ ਰਹਿ ਸਕਦੀ ਹੈ ਜੇ ਗੁਰਮਤਿ ਦੇ ਚਾਨਣੇ ਵਿਚ, ਗੁਰਮਤਿ ਅਨੁਸਾਰ ਸਿੱਖੀ ਜੀਵਨ ਦੀ ਕਮਾਈ ਹੋਵੇ। ਗੁਰਮਤਿ ਕੀ ਹੈ ? ਇਹ ਮਸਲਾ ਬਹੁਤ ਵੱਡਾ ਤੇ ਸਿੱਖੀ ਦੀ ਉਪਰਲੀ ਸਿਖਰ ਤੱਕ ਅਪੜਨ ਦਾ ਹੈ।

ਪਿਛਲੀ ਸਦੀ ਵਿਚ ਉਦਾਸੀ ਤੇ ਨਿਰਮਲੇ ਸਾਧੂਆਂ ਨੇ, ਜਦੋਂ ਉਹ ਹੀ ਸਿੱਖੀ ਦੇ ਮੁੱਖ ਪ੍ਰਚਾਰਕ ਸਨ, ਪਹਿਲੀ ਮੇਹਰਬਾਨੀ ਗੁਰਮਤਿ ਦਾ ਪ੍ਰਚਾਰ ਕਰਦਿਆਂ ਇਹ ਕੀਤੀ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਉੱਨੀਵੇਂ ਪੁਰਾਣ ਦਾ ਦਰਜਾ ਦਿੰਦੇ ਸੀ। ਫਿਰ ਕੁਝ ਸੂਝ-ਬੂਝ ਵੱਧ ਹੋਈ ਤਾਂ, 'ਪੰਜਵਾਂ ਵੇਦ' ਆਖਣ ਲੱਗ ਪਏ। ਅੱਜਕੱਲ੍ਹ ਵਿਚਾਰਵਾਨ ਕਹੇ ਜਾਣ ਵਾਲੇ ਲੋਕੀਂ ਹੋਰਨਾਂ ਧਰਮਾਂ ਗ੍ਰੰਥਾਂ ਜਿਹੇ ਇਕ ਸਿੱਖਾਂ ਦਾ ਧਰਮ ਗ੍ਰੰਥ ਕਹਿ ਰਹੇ ਹਨ। ਵਧੀ ਹੋਈ ਸ਼ਰਧਾ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਵਤਿਆਂ ਵਾਂਗ ਪੂਜਣਾ ਹੀ 'ਧਰਮ' ਸਮਝ ਕੇ ਗਰਮੀਆਂ ਵਿਚ ਕੂਲਰ, ਠੰਢ ਵਿਚ ਹੀਟਰ ਲਵਾ ਕੇ ਆਪਣੇ ਅਮੀਰੀ ਸ਼ਰਧਾ ਭਾਵ ਦਾ ਸੁੰਦਰ ਮੁਜ਼ਾਹਰਾ ਕਰਦੇ ਹਨ। ਅਜਿਹੇ ਸੱਜਣਾਂ ਲਈ ਸਮਝਾਉਣਾ ਔਖਾ ਹੈ। ਸਾਡੇ ਗੁਰੂ ਦੀ ਗਿਆਨ 'ਜੋਤੀ' ਉੱਤੇ ਮੌਸਮਾਂ ਦਾ ਅਸਰ ਨਹੀਂ ਪੈਂਦਾ। **"ਨਾ ਇਹੁ ਬੂਢਾ, ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥"** ਇਸ ਗੁਰੂ ਨੂੰ 'ਉਸਨ ਤੇ ਸੀਤ' ਨਹੀਂ ਪੋਹ ਸਕਦੇ। ਕਿਉਂਕਿ ਉਨ੍ਹਾਂ ਸੱਜਣਾਂ ਦੀ ਬੀੜ ਦੇ ਸਰੂਪਾਂ ਨੂੰ ਗੁਰੂ ਮੰਨਣ ਤੱਕ ਹੀ ਸੋਚ ਉਭਰਦੀ ਹੈ। ਇਸੇ ਲਈ 'ਦੇਵ ਪੂਜਾ' ਦੀਆਂ ਰੀਸਾਂ ਕਰਨੀਆਂ ਹੀ ਧੰਨ ਸਮਝਦੇ ਹਨ।

ਗੁਰੂ ਸਾਹਿਬ ਕਹਿ ਗਏ ਹਨ : ਗੁਰੂ ਕੀ ਸੇਵਾ, ਗੁਰਸ਼ਬਦ ਨੂੰ ਸਮਝਣਾ, ਮੰਨਣਾ ਤੇ ਧਾਰਨਾ ਹੈ। ਗੁਰੂ ਕੀ ਮਤ ਦਾ ਵਾਸਤਵਿਕ ਰੂਪ

ਕੀ ਹੈ ? ਇਹ ਨਿਰਣਾ ਕਰਕੇ ਸਮਝਾਉਣ ਵਾਲੇ ਪ੍ਰਬੰਧਕ ਗਿਆਨੀ ਸਾਡੇ ਸਿੱਖੀ ਮੰਡਲ ਵਿਚ ਹੋਣ ਤਾਂ ਅਸੀਂ ਉਨ੍ਹਾਂ ਦੇ ਚਰਨ ਪਰਸ-ਪਰਸ ਕੇ ਨਾ ਰੱਜੀਏ।

ਪਰ ਸ਼ੋਕ ਹੈ ਅਸਾਂ ਨੂੰ ਆਪਣੀ ਸ਼ਰਧਾ ਡੋਲ੍ਹਣ ਲਈ ਕੋਈ ਥਾਂ ਨਹੀਂ ਦਿੱਸਦੀ। ਹਿੰਦੂ ਧਰਮ ਦੇ ਪੌਰਾਣਿਕ ਗੱਪ ਗਿਆਨ ਦੇ ਉਭਾਰੇ ਗੂੜ੍ਹ ਸਿਧਾਂਤਾਂ ਅਤੇ ਯੱਗ ਹੋਮ ਦੀਆਂ ਖ਼ੂਨੀ ਕੁਰਬਾਨੀਆਂ ਤੋਂ ਯਥਾਰਥ ਤੱਤ ਵਿਚਾਰ ਦੀ ਇਕ ਲੰਮੀ ਯਾਤਰਾ ਹੈ। ਮਹਾਤਮਾ ਬੁਧ ਜੀ ਨੇ ਅੰਗ-ਅੰਗ ਕਰਕੇ ਹਿੰਦੂ ਮੱਤ ਜਾਣਿਆ ਤੇ ਫਿਰ ਸਭ ਗੱਲਾਂ ਫੋਕਟ ਜਾਣ ਕੇ ਛੱਡ ਦਿੱਤੀਆਂ। ਲੋਕਾਂ ਨੂੰ ਛੱਡਣ ਲਈ ਤਰਕ ਅਤੇ ਗਿਆਨ ਦੀ ਕਸਵੱਟੀ ਉੱਤੇ ਪੂਰੇ ਉਤਰਨ ਵਾਲੇ ਯਥਾਰਥੀ ਗਿਆਨ ਨਾਲ ਪਰਖ ਕੇ ਨਖੇੜ ਕਰਨ ਦੀ ਸੂਝ ਦਿੱਤੀ। ਯਥਾਰਥ ਤੱਤਾਂ ਉਤੇ ਆਧਾਰਤ ਆਪਣੇ ਮੱਤ ਦੀ ਸਥਾਪਨਾ ਕੀਤੀ। ਉੱਚੇ ਸਿਧਾਂਤਾਂ ਤੇ ਮਨੁੱਖ ਦੀ ਬੁੱਧੀ ਨੂੰ ਤਸੱਲੀ ਦੇਣ ਵਾਲੇ ਆਦਰਸ਼ਾਂ ਦੀ ਆਤਮਕ ਸਿਧੀ ਦੀ ਪ੍ਰਾਪਤੀ ਕਰਨ ਉਪਰੰਤ ਉਨ੍ਹਾਂ ਦਾ ਮੱਤ ਸਾਰੇ ਏਸ਼ੀਆ ਵਿਚ ਛਾ ਗਿਆ। ਹੁਣ ਵੀ ਦੁਨੀਆਂ ਵਿਚ ਅਕਾਰ ਤੇ ਲਿਹਾਜ਼ ਨਾਲ ਦੂਜੇ ਦਰਜੇ ਦਾ ਧਰਮ ਹੈ। ਕੁਝ ਚਿਰ ਪਹਿਲਾਂ ਸਭ ਤੋਂ ਵੱਡੀ ਗਿਣਤੀ ਦਾ ਧਰਮ ਸੀ। ਸ਼ੰਕਰਚਾਰੀਆ ਨੇ ਬੁੱਧ ਮੱਤ ਨੂੰ ਹਿੰਦੂ ਮੱਤ ਲਈ ਹਾਨੀਕਾਰਕ ਸਮਝਿਆ ਪਰ ਉਸਨੇ ਬੁੱਧ ਜੀ ਦੇ ਗਿਆਨ ਮਾਰਗ ਨੂੰ ਯਥਾਰਥੀ ਮੰਨਿਆ ਤੇ ਬੁਧ ਮੱਤ ਦੇ ਤੱਤ ਵਿਚਾਰ ਆਪਣੇ ਵੇਦਾਂਤ ਵਿਚ ਸਮੋ ਲਏ, ਜਿਵੇਂ ਡਾ: ਰਾਧਾ ਕ੍ਰਿਸ਼ਨਨ ਜੀ ਦਾ ਕਥਨ ਹੈ :

"ਸ਼ੰਕਰਚਾਰੀਆ ਨੇ ਬੁਧ ਮੱਤ ਨੂੰ ਗਲੇ ਲਾ ਕੇ ਪ੍ਰਾਣ ਤਾਂ ਉਸ ਵਿਚੋਂ ਕੱਢ ਕੇ ਹਿੰਦੂ ਮੱਤ ਵਿਚ ਪਾ ਲਏ। ਫੋਕਟ ਹੱਡੀਆਂ ਪਰੇ ਸੁੱਟ ਦਿੱਤੀਆਂ। ਆਪਣੇ ਵੇਦਾਂਤ ਜਾਂ ਅਦਵੈਤ ਮੱਤ ਨੂੰ ਸੋਧ ਕੇ ਹਿੰਦੂ ਧਰਮ ਨੂੰ ਨਵਾਂ ਬੁਧੀ ਬਲ ਦਿੱਤਾ। ਉਨ੍ਹਾਂ ਦੇ ਤਰਕ ਨਿਆਏ ਦੇ ਨੁਕਤੇ ਜ਼ੋਰਦਾਰ ਸਨ। ਬੋਧਾਂ ਵਿਚ ਸਦੀਆਂ ਤੋਂ ਰਾਜ ਪਦਵੀਆਂ ਨਾਲ ਜੁੜਨ ਕਾਰਨ ਆਈ ਸਥਿਰਤਾ ਦਾ ਲਾਭ ਉਠਾਂਦਿਆਂ ਦੱਖਣ ਭਾਰਤ ਦੇ ਰਾਜਿਆਂ ਦੀ ਮਦਦ ਤੇ ਉਨ੍ਹਾਂ ਦੀ ਸੈਨਾ ਦੇ ਬਲ ਨਾਲ ਬੋਧਾਂ ਨੂੰ ਪਛਾੜ ਕੇ ਹਿੰਦੂ ਧਰਮ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰ ਦਿੱਤਾ। ਬੁੱਧ ਮੱਤ ਵਿਚ ਆਈਆਂ ਰਾਜਸੀ ਐਸ਼ਵਰਯ ਕਾਰਨ ਕਮਜ਼ੋਰੀਆਂ, ਬੁੱਧੀ-ਬਲ ਦੀ ਹੀਨਤਾ ਨੇ ਭਾਰਤ ਵਿਚੋਂ ਬੁੱਧ ਧਰਮ ਨੂੰ ਦੇਸ਼ ਨਿਕਾਲਾ ਦਿਵਾ ਦਿੱਤਾ। ਜਿਸਦੇ ਹੁਣ ਮੁੜ ਕੇ ਪੈਰ ਮਸਾਂ ਲੱਗਣ ਲੱਗੇ ਹਨ।

ਜਿਵੇਂ ਬੁੱਧ ਜੀ ਨੇ 'ਸੰਘ' ਸੰਗਠਨ ਜਾਂ ਜਥੇਬੰਦੀ ਨੂੰ ਮਹਾਨਤਾ ਦਿੱਤੀ ਸੀ। ਸ਼ੰਕਰਚਾਰੀਆ ਨੇ ਉਸੇ ਤਰ੍ਹਾਂ ਹਿੰਦੂ ਮੱਤ ਨੂੰ ਜਥੇਬੰਦ ਕਰਨ ਲਈ ਕੇਂਦਰ ਮੱਠ ਸਥਾਪਤ ਕੀਤੇ। ਦੱਖਣ ਭਾਰਤ ਦੇ ਇਤਿਹਾਸ ਵਿਚ ਪ੍ਰੋ. ਨੀਲ ਕੰਠ ਸ਼ਾਸਤਰੀ ਲਿਖਦੇ ਹਨ, ਇਹ ਸਭੋ ਕੁਝ ਬੁਧ ਮੱਤ ਦੇ ਪ੍ਰਭਾਵ ਕਾਰਨ ਹੋਇਆ। ਹਿੰਦੂ ਮੱਤ ਨੂੰ ਸੁਚੇਤ ਤੇ ਪ੍ਰਬੰਧ ਕਰਨ ਲਈ ਨਾਲ ਹੀ ਸੋਧ ਸੰਪੰਨ ਰੱਖਣ ਹਿਤ ਸ਼ੰਕਰਾਚਾਰੀਆ ਨੇ ਚਾਰ ਮੱਠ ਸਥਾਪਤ ਕੀਤੇ। ਜਿਨ੍ਹਾਂ ਦੇ ਮਹੰਤਾਂ ਨੂੰ ਅੱਜ ਵੀ ਸ਼ੰਕਰਚਾਰੀਆ ਅਤੇ ਜਗਤ ਗੁਰੂ ਕਿਹਾ ਜਾਂਦਾ ਹੈ। ਇਹ ਜਗਤ-ਗੁਰੂ ਸ਼ੰਕਰਚਾਰੀਆ ਅੱਜ ਵੀ ਉਸ ਸਮੇਂ ਦੇ ਹਿੰਦੂ ਧਰਮ ਦੇ ਰਖਸ਼ਕ ਤੇ ਅਦਵੈਤ ਮੱਤ ਦੇ ਪ੍ਰਚਾਰ ਕਾਰਨ ਪੂਜਣਯੋਗ ਮੰਨੇ ਜਾਂਦੇ ਹਨ। ਸ਼ੰਕਰ ਦੇ ਮੱਤ ਅਤੇ ਸਿਧਾਂਤ ਉੱਤੇ ਵੱਡੀ ਚੋਟ ਰਾਮਾਨੁਜ ਅਚਾਰੀਆ ਨੇ ਕੀਤੀ। ਇਸ ਨੇ ਸ਼ੰਕਰਚਾਰੀਆ ਦੇ ਬ੍ਰਹਮ ਸੂਤਰ ਤੇ ਗੀਤਾ-ਟੀਕਿਆਂ ਤੇ ਵਿਚਾਰਾਂ ਨੂੰ ਅਰਧ ਬੋਧੀ ਹੋਣ ਦਾ ਫ਼ਤਵਾ ਦਿੱਤਾ। ਹਿੰਦੂ ਗਿਆਨ ਸਹਿਤ ਤੇ ਭਗਤੀ ਮੱਤ ਦੇ ਗ੍ਰੰਥਾਂ ਵਿਚ ਸ਼ੰਕਰਚਾਰੀਆ ਨੂੰ ਪ੍ਰਛੰਨ ਬੋਧੀ ਕਿਹਾ ਜਾਂਦਾ ਹੈ।

ਰਾਮਾਨੁਜ ਨੇ ਸ਼ੰਕਰ ਦੇ ਇਸ ਸਿਧਾਂਤ ਨੂੰ ਕਿ ਮਨੁੱਖ ਖ਼ੁਦ ਬ੍ਰਹਮ ਹੀ ਹੈ : (ਉਅੰਬ੍ਰਹਿਮ ਅਸਵੰ) ਪਰ ਅਗਿਆਨਤਾ ਕਾਰਨ ਇਸ ਨੂੰ ਪਤਾ ਨਹੀਂ, ਗਿਆਨ ਨਾਲ ਇਹ ਧਰਮ ਜਾਣਿਆ ਜਾ ਸਕਦਾ ਹੈ—ਰਾਮਾਨੁਜ ਨੇ ਰੱਦ ਕੀਤਾ। ਉਸ ਨੇ ਕਿਹਾ ਮਨੁੱਖ (ਜੀਵ) ਬ੍ਰਹਮ ਨਹੀਂ ਹੈ। ਬ੍ਰਹਮ ਦੀ ਅੰਸ਼ ਹੈ (ਕਹੁ ਕਬੀਰ ਹਮ ਰਾਮ ਕੀ ਅੰਸ) ਜੀਵ ਬ੍ਰਹਮ ਦੀ ਸ਼ਰਨ ਵਿਚ ਜਾ ਕੇ ਬ੍ਰਹਮ ਦੀ ਨੇੜਤਾ ਹਾਸਲ ਕਰਕੇ ਉਸ ਵਿਚ ਲੀਨ ਹੋ ਸਕਦਾ ਹੈ, ਪਰ ਜਦੋਂ ਆਪਣਾ ਅਹੰ-ਭਾਵ ਤਿਆਗ ਦੇਵੇ, ਸ਼ਰਨ ਵਿਚ ਢਹਿ ਪਵੇ, ਜੇ ਪ੍ਰਾਣੀ 'ਅਹੰ ਭਾਵ' ਵਿਚ ਰਹੇ ਫਿਰ ਕੁਝ ਵੀ ਹੱਥ ਨਹੀਂ ਆਉਂਦਾ। ਸ਼ਰਣਾਗਤੀ ਦੇ ਸਿਧਾਂਤ ਉੱਤੇ, ਭਗਤੀ ਮੱਤ ਖੜ੍ਹਾ ਹੋਇਆ। ਰਾਮਾਨੁਜ ਭਗਤੀ ਦੇ ਮੱਤ ਦੇ ਪਹਿਲੇ ਅਚਾਰੀਆਂ ਵਿਚੋਂ ਮੁਖੀ ਹਨ, ਜਿਨ੍ਹਾਂ ਨੇ ਦੱਖਣ ਭਾਰਤ ਵਿਚ ਵਿਸ਼ਨੂੰ ਦਾ ਅਵਤਾਰ ਕ੍ਰਿਸ਼ਨ ਮੰਨ ਕੇ ਉਸਦੀ ਭਗਤੀ ਦੀ ਸੋਚ ਉਭਾਰੀ। ਭਗਤੀ ਮੱਤ ਦੀ ਪ੍ਰਥਾ ਚਲਾਈ।

ਵੈਸ਼ਨਵ ਮੰਦਰਾਂ ਵਿਚ ਰਾਮਾਨੁਜ ਦਾ ਜੋ ਸਥਾਨ ਹੈ, ਉਹ ਕਿਸੇ ਦੇਵਤੇ ਅਵਤਾਰ ਨਾਲੋਂ ਘੱਟ ਨਹੀਂ। ਜਦੋਂ ਕਿ ਸ਼ੈਵਾਂ ਵਿਚ ਸ਼ੰਕਰਚਾਰੀਆ ਦਾ ਉੱਚ ਸਥਾਨ ਹੈ। ਪਰ ਵਿਸ਼ਨੂੰ ਉਪਾਸ਼ਕਾਂ ਵਿਚ ਸਨਮਾਨ ਨਹੀਂ। ਇਸ ਪਿਛੋਂ ਇਸੇ ਭਾਂਤ ਦੇ ਸਿਧਾਂਤਾਂ ਨੂੰ ਕੁਝ ਭੈ-ਪ੍ਰਭੇਦ ਰੱਖ ਕੇ ਸਾਇਣ ਅਤੇ ਮਾਧਵ ਜਿਹੇ ਅਚਾਰੀਆਂ ਨੇ, ਫਿਰ "ਨਿੰਬਰਕਾਂ' ਤੇ ਆਪਣੇ ਆਪਣੇ ਨਾਮ ਸ਼ੁੱਧ ਅਦਵੈਤ ਮੱਤ, ਵਾਸ਼ਿਸ਼ਟ ਅਦਵੈਤ ਮਤ ਆਦਿਕ ਨਾਮ ਦਿੱਤੇ। ਇਕਾਈ ਸਿਧਾਂਤਾਂ ਤੇ ਜੁਗਤ ਦੇ ਨੁਕਤਿਆਂ ਅਨੁਸਾਰ ਕ੍ਰਿਸ਼ਨ ਭਗਤੀ ਤੇ ਰਾਧਾ ਭਗਤੀ ਦ੍ਰਿੜ੍ਹਾਈ। ਸਖੀ ਪ੍ਰਥਾ ਚਲਾਈ। ਹੁਣ ਤੱਕ ਉਨ੍ਹਾਂ ਦੇ ਮੱਠਾਂ/ਮੰਦਰਾਂ ਵਿਚ ਇਹ ਕੁਝ ਪ੍ਰਚਾਰਿਆ ਜਾ ਰਿਹਾ ਹੈ। ਜਿਸ ਬਾਰੇ ਵੇਰਵੇ ਸਹਿਤ ਨਿਖੇੜਵੀਂ ਚਰਚਾ ਦਾ ਵਿਸ਼ਾ ਇਹ ਨਿਬੰਧ ਨਹੀਂ।

ਉਪਰਲੀਆਂ ਚਲੰਤ ਜਿਹੀਆਂ ਝਾਤੀਆਂ ਵਿਚੋਂ ਅਸੀਂ ਗੁਰਮਤਿ ਦੇ ਸੇਵਕਾਂ ਬਾਰੇ ਇਹ ਕਹਿਣਾ ਹੈ ਕਿ 'ਗੁਰਮਤਿ' ਕੀ ਹੈ ? ਵੇਦਾਂਤ ਹੈ ਜਾਂ ਭਗਤੀ ਮੱਤ, ਸੂਫੀ ਮੱਤ ਪ੍ਰਭਾਵੀ ਜਾਂ ਸਖੀ ਭਾਵ ਭਗਤੀ, ਆਦਿ ਨੁਕਤੇ ਸਮਝਣ ਲਈ ਇਸ ਕਿਸਮ ਦੇ ਮਤਾਂ ਦਾ ਨਿਰਣਾ ਕਰਕੇ ਸਿੱਖੀ ਦੇ ਮੁਖੀਆਂ ਅਚਾਰੀਆਂ ਵਲੋਂ ਜੋ ਮੁਖੀ ਤਖ਼ਤਾਂ ਦੇ ਜਥੇਦਾਰ ਹੋ ਸਕਦੇ ਹਨ, ਧਰਮ ਮੰਦਰਾਂ ਦੇ ਮੁਖੀ ਗ੍ਰੰਥੀ ਵੀ ਧਰਮ ਦੇ ਵਿਦਿਅਕ ਤੇ ਕਰਮ ਖੇਤਰ ਬਾਰੇ ਗੁਰਮਤਿ ਦੀ ਵਿਲੱਖਣਤਾ ਨਿਖਾਰਨੀ ਜ਼ਰੂਰੀ ਹੈ। ਫਿਰ ਉਸ ਮੱਤ ਦੇ ਸਿਧਾਂਤ ਦਾ ਵਿਉਂਤ-ਬੱਧ ਪ੍ਰਚਾਰ ਕਰਨ ਦੀ ਸਭ ਤੋਂ ਵਧੇਰੇ ਲੋੜ ਹੈ।

ਬਹੁਤ ਸਾਰੇ ਲੋਕ ਇਸ ਵੇਲੇ ਵੀ ਗੁਰਮਤਿ ਨੂੰ ਵੇਦਾਂਤ ਕਹਿ ਕੇ ਪ੍ਰਚਾਰਦੇ ਹਨ ਤੇ ਭਗਤੀ ਮੱਤ ਦੀ ਸਾਖ ਤਾਂ ਹਰ ਕੋਈ ਹੀ ਕਹਿੰਦਾ ਫਿਰਦਾ ਹੈ। ਕੀ ਇਉਂ ਕਹਿਣ ਵਾਲੇ ਠੀਕ ਹਨ ? ਪੂਰਨ ਨਿਸ਼ਚੇ ਅਤੇ ਆਪਣੀ ਅਲਪ ਬੁੱਧੀ ਨਾਲ ਕੀਤੀ ਕੁਝ ਕੁ ਢੂੰਡ ਭਾਲ ਵਸਤੂ ਪਿਛੋਂ ਗਰੀਬੀ ਦਾਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸਿਧਾਂਤਾਂ ਦੀ ਸਾਰੀ ਵਸਤੂ ਭਲੇ ਹੀ ਗੁਰਮਤਿ ਵਿਚ ਸਮੋਈ ਹੋਈ ਖਿੱਚੜੀ ਤੇ ਘਿਉ ਵਾਂਗ ਮਿਲਦੀ ਹੈ, ਪਰ ਉਸ ਨਾਲੋਂ ਵਿਲੱਖਣ ਉਹੀ ਵਿਆਪਕ ਸਰੱਬਤ ਦੇ ਭਲੇ ਵਾਲੇ ਗਿਆਨ ਅਤੇ ਕਰਮ ਦੀ ਪ੍ਰੇਰਨਾ ਕੇਵਲ ਗੁਰਮਤਿ ਹੀ ਦੇਣ ਦੇ ਸਮਰੱਥ ਹੈ।

ਗੁਰਵਾਕ ਹੈ :

**ਖਟੁ ਦਰਸਨ ਵਰਤੇ ਵਰਤਾਰਾ॥**
**ਗੁਰ ਕਾ ਦਰਸਨੁ ਅਗਮ ਅਪਾਰਾ॥**

ਪਰ ਇਹ ਹੁਕਮ ਨਿਸ਼ਚੇ ਕਰਕੇ ਸੱਤ ਹੈ। ਗੁਰਮਤਿ ਸਿਧਾਂਤਾਂ ਦੇ ਵਿਚਾਰਾਂ ਦੀ ਭੂਮੀ ਹਾਲਾਂ ਅਣਵਾਹੀ ਪਈ ਹੈ, ਗੁਰਮਤਿ ਦੇ ਬੀਜ ਪ੍ਰਫੁੱਲਤ ਕਰਕੇ ਮਨੁੱਖਤਾ ਨੂੰ ਬੀਜ ਤੇ ਨਵੀਂ ਫਸਲ ਦੇਣ ਦੀ ਉਡੀਕ ਵਿਚ ਹੈ। ਸਿੱਖ ਧਰਮ ਵਿਸ਼ੇਸ਼ ਕਰਕੇ ਗੁਰਬਾਣੀ ਅਤੇ ਕਥਨੀ ਰਵਾਇਤਾਂ ਤੇ ਸਿਖਿਆ ਆਦੇਸ਼ਾਂ ਦੇ ਆਦਰਸ਼ ਦੀ ਉਹ ਜ਼ਰਖੇਜ਼ ਦੈਵੀ ਪਦਾਰਥਾਂ ਦੀ ਭੂਮੀ ਹੈ ਜਿਸ ਦੇ ਅਣੂਆਂ ਪ੍ਰਮਾਣੂਆਂ ਦੇ ਭੰਡਾਰ ਅਣਖੋਜੇ ਪਏ ਹਨ।

ਇਨ੍ਹਾਂ ਅਣਛੋਹ ਭੰਡਾਰਾਂ ਨੂੰ ਕੌਣ ਖੋਜੇ। ਇਹ ਕੰਮ ਯੂਨੀਵਰਸਿਟੀਆਂ ਦੇ ਕਰਨ ਵਾਲੇ ਹੀ ਸਨ, ਪਰ ਜੋ ਹੁਣ ਕਰਨ ਤਾਂ ਵੀ ਨਹੀਂ ਕਰ ਸਕਦੀਆਂ। ਨਾ ਹੀ ਸਰਕਾਰ ਨਿਵਾਜੀਆਂ ਵਿਦਿਅਕ ਅਕੈਡਮੀਆਂ ਕੁਝ ਕਰ ਸਕਦੀਆਂ ਹਨ। ਉਨ੍ਹਾਂ ਦੇ ਹੱਥਾਂ ਵਿਚ ਖੋਜ ਪੜਤਾਲ ਆਉਣ ਸਾਰ ਭਰੋਸੇ ਵਲੋਂ ਪਹਿਲਾਂ ਹੀ ਮੂਰਛਤ ਹੋ ਜਾਂਦੀ ਹੈ ਜਿਵੇਂ ਸ਼ੰਕਰਚਾਰੀਆ ਦੇ 'ਮੱਠਾਂ' ਦੇ ਅਚਾਰੀਆ ਕਰਦੇ ਹਨ, ਇਹ ਕਾਰਜ ਸਾਡੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨਾਲ ਹੀ ਸੰਬੰਧਤ ਕਰ ਕੇ ਠੀਕ ਤਰ੍ਹਾਂ ਕੀਤੇ ਜਾ ਸਕਦੇ ਹਨ। ਇਸ ਲਈ ਇਨ੍ਹਾਂ ਧਾਮਾਂ ਉੱਤੇ ਆਗੂ ਅਜਿਹੇ ਚਾਹੀਦੇ ਹਨ ਜੋ ਭਰੋਸੇ ਤੇ ਵਿਸ਼ਵਾਸ ਨਾਲ ਵੀ ਜੁੜੇ ਰਹਿਣ ਤੇ ਤੱਤ ਨਿਖੇੜਾ ਕਰਕੇ ਗੁਰੂ ਸਾਹਿਬਾਂ ਦੀ ਸਥਾਪਤ ਕੀਤੀ ਅਥਾਰਟੀ ਦੀ ਸ਼ਕਤੀ ਨਾਲ, ਗੁਰਮਤਿ ਕੀ ਹੈ? ਦੱਸ ਸਕਣ, ਪ੍ਰਚਾਰ ਸਕਣ। ਘੱਟੋ ਘੱਟ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਰੀਤੀ ਤੇ ਨੀਤੀ ਨੂੰ ਇਸ ਪੱਧਰ 'ਤੇ ਲਿਆਂਦਾ ਜਾਵੇ ਕਿ ਉਨ੍ਹਾਂ ਦੀ ਆਪਣੀ ਕੋਈ ਮਹੱਤਤਾ ਹੋਵੇ। ਤਖ਼ਤ ਸਾਹਿਬਾਨ ਨਾਲ ਸੰਬੰਧਤ ਗੁਰਮਤਿ ਵਿਦਿਆਲੇ ਹੋਣ। ਉਨ੍ਹਾਂ ਵਿਦਿਆਲਿਆਂ ਵਿਚ ਵਿਚਾਰ ਤੇ ਆਚਾਰ ਦੀ ਸੰਮਲ ਦੇ ਆਧਾਰ ਲੱਭੇ ਜਾਣ। ਉਨ੍ਹਾਂ ਮਹੱਤਵ ਤੇ ਬੁਨਿਆਦੀ ਨੁਕਤਿਆਂ ਨੂੰ ਪ੍ਰਚਾਰਨ ਦੇ ਉਪਾਉ ਕੀਤੇ ਜਾਣ। ਗੁਰਮਤਿ ਦੀ ਸਿਧਾਂਤਕ ਉੱਚਤਾ ਤਖ਼ਤ ਦੀ ਅਥਾਰਟੀ ਨਾਲ ਸੰਬੰਧਤ ਹੋ ਕੇ ਜਦੋਂ ਸਿੱਖੀ ਮੰਡਲ ਵਿਚ ਬਿਬੇਕ ਬੁਧ ਦਾ ਧਾਰਨੀ ਹੋ ਕੇ ਕੰਮ ਕਰੇਗੀ ਤਾਂ ਨਿਸ਼ਚੇ ਹੀ ਗੁਰਮਤਿ ਦਾ ਪ੍ਰਕਾਸ਼ ਅੰਧਕਾਰ ਦਾ ਵਿਨਾਸ਼ ਕਰੇਗਾ।

**ਧਰਮ ਪ੍ਰਚਾਰ ਦਾ ਅੰਗ :**

ਧਰਮ ਪ੍ਰਚਾਰ ਦੇ ਅੰਗ ਨੂੰ ਪ੍ਰਬਲ ਬਣਾਉਣ ਲਈ ਸਿੱਖਾਂ ਵਿਚ ਪਿਛਲੇ ਕੁਝ ਵਰ੍ਹਿਆਂ ਤੋਂ ਜਾਗ੍ਰਤੀ ਆਈ ਹੈ। ਇਹ ਅੱਛੀ ਗੱਲ ਹੈ। ਕਈ ਸੰਗਠਨ ਬਣੇ ਹਨ, ਕਈ ਜਥੇ ਦੇਸ਼ ਪ੍ਰਦੇਸ਼ ਸਿੱਖੀ ਪ੍ਰਚਾਰ ਦਾ (ਗੁਰਮਤਿ ਦਾ ਕਹਿਣਾ ਔਖਾ ਹੈ) ਕੰਮ ਕਰ ਰਹੇ ਹਨ, ਪਰ ਉਹ ਖ਼ਾਲਸਾ ਧਰਮ ਕੀ ਹੈ, ਜਿਸਦਾ ਪ੍ਰਚਾਰ ਕਰਨਾ ਚਾਹੀਦਾ ਹੈ? ਗੁਰਮਤਿ ਦਾ ਪ੍ਰਚਾਰ ਕਰਦਿਆਂ ਕਿਸ ਕਿਸਮ ਦੀਆਂ ਗੱਲਾਂ ਤੋਂ ਬਚਣ ਦੀ ਲੋੜ ਹੈ। ਕਿਨ੍ਹਾਂ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਤੇ ਉਹ ਜ਼ੋਰ ਦੇਣਾ ਕਿਉਂ ਜ਼ਰੂਰੀ ਹੈ? ਇਹ ਦੇਖਣ ਤੇ ਪਾਖਣ ਤੇ ਨਿਰਖ ਪਰਖ ਕੇ ਸਹੀ ਸੇਧ ਦੇਣ ਵਾਲੀ ਸਿੱਖਾਂ ਕੋਲ ਕੋਈ ਸੰਸਥਾ ਨਹੀਂ।

ਆਪਾ ਧਾਪੀ, ਮਨਮਤੀ ਇੱਛਾਵਾਂ, ਅਸਲੀਅਤ ਵਲੋਂ ਅਣਜਾਣ ਹਾਂ। ਦੂਜੇ ਪਾਸੇ ਸਿੱਖਾਂ ਵਲੋਂ ਕਈ ਲੱਖਾਂ ਕਰੋੜਾਂ ਦੇ ਅਜਿਹੇ ਕੰਮ ਗੁਰਧਾਮਾਂ ਨਾਲ ਸੰਬੰਧਤ ਕਰਕੇ ਅਰੰਭ ਲਏ ਜਾਂਦੇ ਹਨ, ਜਿਨ੍ਹਾਂ ਦਾ ਸਿੱਖੀ ਲਹਿਰ ਨੂੰ ਕੋਈ ਲਾਭ ਨਹੀਂ ਪਹੁੰਚਦਾ। ਗੁਰਦੁਆਰਾ ਕਮੇਟੀਆਂ ਦਾ ਬਹੁਤ ਬੇਅਰਥਾ ਖਰਚਾ ਵਿਦਿਅਕ ਸਹਾਇਤਾ ਕਾਲਜਾਂ, ਸਕੂਲਾਂ ਉਤੇ ਕੀਤਾ ਜਾਂਦਾ ਹੈ। ਜਿਨ੍ਹਾਂ ਰਾਹੀਂ ਸਿਲੇਬਸ ਵਿਚ ਯੋਗ ਵਾਧਾ ਕਰਕੇ ਗੁਰਮਤਿ ਦੀ ਲੋੜੀਂਦੀ ਸਾਧਾਰਨ ਪੱਧਰ ਦੀ ਜਾਣਕਾਰੀ ਦੇਣੀ ਵੀ ਜ਼ਰੂਰੀ ਨਹੀਂ ਸਮਝੀ ਜਾਂਦੀ।

ਸਿੱਖਾਂ ਦੇ ਇਨ੍ਹਾਂ ਕਾਲਜਾਂ ਦੇ ਵਿਦਵਾਨਾਂ ਵਿਚ ਸਿੱਖੀ ਨੂੰ ਸਮਝਣ ਪ੍ਰਚਾਰਨ ਵਾਲੇ ਕਿਤਨੇ ਕੁ ਵਿਦਵਾਨ ਤਿਆਰ ਹੋਏ ਜਾ ਰਹੇ ਹਨ? ਸਾਡੇ ਵਿਦਿਅਕ ਅਦਾਰਿਆਂ ਦੀ ਗੁਰਮਤਿ ਵਿਚਾਰ ਸੰਮੇਲਨਾਂ ਵਿਚ ਦੇਣ ਤੋਂ ਕੀ ਇਹ ਦੇਖਿਆ ਨਹੀਂ ਜਾ ਸਕਦਾ? ਹੋਰ ਕੁਝ ਥਾਵਾਂ ਉਤੇ ਵੀ ਵਿਦਵਾਨਾਂ ਦੀ ਮਹਾਨਤਾ, ਦੇਣ ਦੇਖੀ ਜਾ ਸਕਦੀ ਹੈ। ਕੀ ਤਖ਼ਤ ਸਾਹਿਬ ਵਲੋਂ ਪ੍ਰਚਾਰੇ ਜਾਣ ਵਾਲੀ ਗੁਰਮਤਿ ਲਈ ਜਿਸ ਦੀ ਅਸੀਂ ਉੱਪਰ ਘਾਟ ਦੱਸੀ ਹੈ, ਉਸ ਘਾਟ ਨੂੰ ਪੂਰਨ ਵਾਲਾ ਸਾਹਮਣੇ ਦਿੱਸਦਾ ਹੈ।

ਇਸ ਵੇਲੇ ਸਿੱਖ ਪ੍ਰਿੰਸੀਪਲ ਦਰਜਨਾਂ ਨਹੀਂ ਸੈਂਕੜੇ ਹਨ, ਪ੍ਰੋਫੈਸਰ ਹਜ਼ਾਰਾਂ ਹਨ, ਯੂਨੀਵਰਸਿਟੀਆਂ ਵਿਚ ਵਿਭਾਗ, ਧਰਮ ਅਤੇ ਇਤਿਹਾਸ ਦੇ ਵੀ ਖੁੱਲ੍ਹੇ ਹੋਏ ਹਨ। ਪਰ ਸਿੱਖੀ ਵਾਲੇ ਪਾਸਿਉਂ ਹਰ ਥਾਂ ਲਾਪ੍ਰਵਾਹੀ ਵਰਤੀ ਹੋਈ ਹੈ। ਸਾਡੀਆਂ ਵਿਦਿਅਕ ਸੰਸਥਾਵਾਂ ਦੇ ਵਿਦਵਾਨ, ਕਿਸੇ ਇਕ ਅੰਗ ਦੀ ਘਾਟ ਦੀ ਪੂਰਤੀ ਕਰਨ ਵਾਲੇ ਕਿਉਂ ਨਹੀਂ? ਕਿਉਂਕਿ ਅਸੀਂ ਗੁਰਮਤਿ ਵਿੱਦਿਆ ਦੀ ਸ਼ਾਖ ਵੱਲ ਧਿਆਨ ਨਹੀਂ ਦਿੱਤਾ। ਠੀਕ ਹੈ ਸਿੱਖੀ ਪ੍ਰਚਾਰ ਲਈ ਸੰਸਥਾਵਾਂ ਬਣਾਉਣ ਦੀ ਸਮਰੱਥਾ ਵਧ ਰਹੀ ਹੈ, ਪਰ ਠੀਕ ਤਰ੍ਹਾਂ ਚਲਾਉਣ ਵਾਲੇ ਵਿਅਕਤੀ ਨਹੀਂ। ਇਹ ਘਾਟ ਤਖ਼ਤਾਂ ਨਾਲ ਸੰਬੰਧਤ ਵਿਦਿਆਲੇ ਹੀ ਪੂਰੀ ਕਰ ਸਕਦੇ ਹਨ, ਜਿਨ੍ਹਾਂ ਦੀ ਪੱਧਰ ਯੂਨੀਵਰਸਿਟੀਆਂ ਦੇ ਵਿਦਿਆਲੇ ਨਾਲੋਂ ਆਪਣੀ ਪਰੰਪਰਾ ਨਾਲ ਸੰਬੰਧਤ ਹੋਣ ਕਾਰਨ ਉੱਚੀ ਵੀ ਹੋਵੇ, ਸੁੱਚੀ ਵੀ। ਉਸ ਉਤੇ ਸਿੱਖ ਰਵਾਇਤਾਂ ਅਨੁਸਾਰ ਪ੍ਰਮਾਣਿਕਤਾ ਦੀ ਮੋਹਰ ਵੀ ਲੱਗੀ ਹੋਵੇ। ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇਹ ਕੁਝ ਨਹੀਂ ਕਰੇਗਾ ਤਾਂ ਹੋਰ ਕੌਣ ਕਰੇਗਾ? ਠੀਕ ਤਾਂ ਇਹ ਹੈ ਅਜਿਹਾ ਕਰਨ ਦਾ ਹੋਰ ਕਿਸੇ ਨੂੰ ਅਧਿਕਾਰ ਹੀ ਨਹੀਂ ਪਹੁੰਚਦਾ। ਗੁਰਮਤਿ, ਜਿਸ ਨੂੰ ਅਕਾਲ ਤਖ਼ਤ ਨੇ ਪ੍ਰਚਾਰਨਾ ਹੈ, ਉਸ ਲਈ ਇਕ ਇਕ ਨੁਕਤੇ ਉੱਤੇ ਤਸੱਲੀ ਭਰੇ ਪ੍ਰਮਾਣਿਕ ਨਿਰਣੇ ਅਕਾਲ ਤਖ਼ਤ ਹੀ ਦੇ ਸਕਦਾ ਹੈ।

ਅੱਜਕੱਲ੍ਹ ਕਈ ਸਿੱਖਾਂ ਦੇ ਸੰਗਠਨ ਹਨ ਜਾਂ ਮਹਾਂਪੁਰਖ ਅੰਮ੍ਰਿਤ ਪ੍ਰਚਾਰ ਕਰ ਰਹੇ ਹਨ, ਪਰ ਉਹ ਗੁਰੂ ਕੀ ਸਿੱਖੀ ਨਾਲੋਂ ਆਪਣੀ ਸਿੱਖੀ ਦਾ ਪ੍ਰਚਾਰ ਵੱਧ ਕਰਦੇ ਹਨ। ਉਹ ਆਪਣਿਆਂ ਸਿੱਖਾਂ ਵਲੋਂ ਉਗਰਾਹੀ ਵੀ ਲੈਂਦੇ ਹਨ, ਜਿਵੇਂ ਖ਼ਾਲਸਾ ਸਾਜਣ ਤੋਂ ਪਹਿਲਾਂ ਮਸੰਦ ਉਗਰਾਹੁੰਦੇ ਸਨ। ਇਹ ਭਲੇ ਲੋਕ ਆਪਣੇ ਡੇਰੇ ਚਲਾਉਣ ਦੇ ਕੰਮ ਵਿਚ ਜੁਟੇ ਰਹਿੰਦੇ ਹਨ। ਗੁਰਮਤਿ ਦੇ ਸਰੂਪ ਨੂੰ ਜਾਣਨ, ਅਨਮਤਾਂ ਨਾਲੋਂ ਨਿਖੜਨ ਤੇ ਪ੍ਰਚਾਰਨ ਦਾ ਕੰਮ ਕੌਣ ਕਰੇ, ਕਿਸ ਤਰ੍ਹਾਂ ਹੋਵੇ, ਇਹ ਅਸੀਂ ਭੁੱਲ ਚੁੱਕੇ ਹਾਂ। ਬੇਸ਼ੱਕ ਪ੍ਰਬੰਧਕ ਸੰਸਥਾਵਾਂ ਦਾ ਇਹ ਕੰਮ ਨਹੀਂ। ਇਹ ਕੰਮ ਅਕਾਲ ਤਖ਼ਤ ਸਾਹਿਬ ਤੇ ਦੂਜੇ ਤਖ਼ਤ ਸਾਹਿਬਾਨ ਦਾ ਅਵੱਸ਼ ਹੈ। ਅਸੀਂ ਕਲਪਨਾ ਕਰਦੇ ਹਾਂ ਕਿ ਅਕਾਲ ਤਖ਼ਤ ਦਾ ਸੁਤੰਤਰ ਸੈਕਟਰੀਏਟ ਹੋਵੇ। ਵਿਸ਼ੇਸ਼ਗ ਵਿਦਵਾਨਾਂ ਦੀ ਵਿਚਾਰ ਮੰਡਲੀ ਨਾਲ ਸੰਪਰਕ ਹੋਣ, ਜੋ ਕੁਝ ਵੀ ਸਿੱਖੀ ਲਈ ਹੋਰ, ਹੇਠਲੀਆਂ ਛਾਣਨੀਆਂ ਵਿਚੋਂ ਛੱਟ ਛਾਣ ਕੇ ਨਿਖਰ ਕੇ ਉੱਪਰ ਆਵੇ ਤੇ ਪੂਰੀ ਸ਼ਾਨ ਨਾਲ, ਉਸਦੇ ਐਲਾਨ ਤੇ ਫੁਰਮਾਨ ਕੀਤੇ ਜਾਣ।

ਇਹ ਕੰਮ ਝਟਾਪਟ ਕਰਨ ਵਾਲਾ ਵੀ ਹੈ ਤੇ ਜ਼ਰੂਰੀ ਵੀ। ਇਹ ਕੰਮ ਕਿਸੇ ਇਕ ਦੂਜੇ ਵਿਅਕਤੀ ਦਾ ਨਹੀਂ। ਮਿਲਵੀਂ ਸ਼ਕਤੀ ਨਾਲ ਕੀਤਾ ਜਾ ਸਕਦਾ ਹੈ। ਅਥਾਰਟੀ ਹੋਵੇ, ਉਸਦੀ ਸੁਯੋਗ ਵਰਤੋਂ ਕੀਤੀ ਜਾਵੇ, ਵਰਤੋਂ ਕਰਨ ਨਾਲ ਵਿਅਕਤੀ ਤੇ ਉਨ੍ਹਾਂ ਦਾ ਮੁਖੀ ਜਥੇਦਾਰ ਸੁਘੜ ਸੁਜਾਨ ਹੋਵੇ, ਸੰਗਤਾਂ ਦਾ ਸਹਿਯੋਗ ਤੇ ਭਰੋਸਾ ਪ੍ਰਾਪਤ ਹੋਵੇ, ਫਿਰ ਪੰਥ ਸੇਵਕ ਦਾ ਕੰਮ ਕਿਵੇਂ ਨਾ ਹੋਵੇਗਾ? ਲੋੜ ਹੈ ਅਨੇਕ ਭਾਂਤੇ ਕਾਰਜ ਕਰਨ ਲਈ ਮਾਇਆ ਦੀ ਕੋਈ ਘਾਟ ਨਾ ਵਾਪਰੇ। ਇਨ੍ਹਾਂ ਸਭ ਚੀਜ਼ਾਂ ਦੀ ਸੋਚ ਕੇ ਵਿਉਂਤਬੰਦ ਕਰ ਲੈਣ ਨਾਲ ਖ਼ਾਲਸਾ ਪੰਥ ਗੁਰਮਤਿ ਮਾਰਗ ਦੀਆਂ ਮੰਜ਼ਲਾਂ ਦਿਨਾਂ ਵਿਚ ਤੈਅ ਕਰਨ ਦੀ ਸਮਰੱਥਾ ਰੱਖਦਾ ਹੈ।

**ਵਿਅਕਤੀ ਅਤੇ ਫੰਡ ਕਿਵੇਂ ਜੁੜਨ :**

ਜਥੇਦਾਰ ਜੀ ਦੇ ਵਿਆਪਕ ਸਰਬਾਂਗੀ ਪ੍ਰੋਗਰਾਮ ਲਈ ਹਜ਼ਾਰਾਂ ਵਿਅਕਤੀਆਂ ਦੀ ਲੋੜ ਹੈ। ਲੱਖਾਂ ਕਰੋੜਾਂ ਰੁਪਏ ਮਾਇਆ ਦੀ। ਇਹ ਦੋਵੇਂ ਗੱਲਾਂ ਜ਼ਰੂਰੀ ਵੀ ਹਨ ਅਤੇ ਔਖੀਆਂ ਵੀ ਪਰ ਜਥੇਦਾਰ ਜੀ ਲਈ ਗੁਰੂ ਦੋਵੇਂ ਵਸਤਾਂ ਸੌਖੀਆਂ ਵਿਖਾਏਗਾ। ਕਿਵੇਂ? ਭਰੋਸੇ ਨਾਲ ਜਿਵੇਂ ਗੁਰਧਾਮਾਂ ਦੀ ਸੇਵਾ ਕਰਵਾਉਣ ਵਾਲੇ ਸੰਤਾਂ ਨੂੰ ਲੱਖਾਂ ਕਰੋੜਾਂ ਰੁਪਏ ਸੰਗਤਾਂ ਦਿੰਦੀਆਂ ਹਨ। ਧਰਮ ਪ੍ਰਚਾਰ ਲਈ ਯਕੀਨਨ ਇਸ ਤੋਂ ਵੱਧ ਉਤਸ਼ਾਹ ਜਾਗੇਗਾ ਤੇ ਮਾਇਆ ਆਵੇਗੀ।

*(ਬਾਕੀ ਸਫ਼ਾ 22 'ਤੇ)*

# ਸਬਦਿ ਸਵਾਰਣਹਾਰੁ

ਪ੍ਰੋ: ਗੁਰਬਚਨ ਸਿੰਘ*

ਮਾਝ ਰਾਗ ਦੀ ਵਾਰ ਗੁਰੂ ਨਾਨਕ ਸਾਹਿਬ ਜੀ ਦੀ ਉਚਾਰਨ ਕੀਤੀ ਹੋਈ ਹੈ। ਵਾਰ ਦਾ ਅਸਲ ਰੂਪ ਪਉੜੀਆਂ ਹੀ ਹਨ, ਸਲੋਕ ਗੁਰੂ ਅਰਜਨ ਸਾਹਿਬ ਜੀ ਨੇ ਨਾਲ ਲਗਾਏ ਹਨ। ਜੋ ਸਲੋਕ ਵਾਰਾਂ ਦੀਆਂ ਪਉੜੀਆਂ ਤੋਂ ਵਧ ਗਏ, ਉਨ੍ਹਾਂ ਦਾ ਸਿਰਲੇਖ ਹੀ ਵੱਖਰਾ ਰੱਖ ਦਿੱਤਾ ਗਿਆ—'ਸਲੋਕ ਵਾਰਾਂ ਤੇ ਵਧੀਕ', ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰਲੇ ਪੰਨਿਆਂ 'ਤੇ ਅੰਕਿਤ ਹਨ। ਮਾਝ ਰਾਗ ਦੀ ਵਾਰ ਦਾ ਮੁੱਖ ਭਾਵ ਕਰਤਾਰ ਦੇ ਰਚੇ ਬਹੁ-ਰੰਗੀ ਜਗਤ ਦੀ ਮਮਤਾ ਮਨੁੱਖ ਲਈ ਦੁੱਖਾਂ ਦਾ ਮੂਲ ਕਾਰਨ ਹੈ। ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤਿਆਂ ਹੀ ਇਸ ਤੋਂ ਬਚ ਸਕੀਦਾ ਹੈ। ਜੰਗਲ ਵਾਸ, ਵਿੱਦਿਆ, ਉੱਚੀ ਜਾਤ, ਧਾਰਮਿਕ ਭੇਖ, ਪਾਠ ਜਾਂ ਕੋਈ ਸਿਆਣਪ-ਚਤੁਰਾਈ ਇਸ ਤੋਂ ਬਚਾ ਨਹੀਂ ਸਕਦੇ। ਇਸ ਲਈ ਪ੍ਰਭੂ ਦੇ ਦਰ ਤੋਂ ਸਾਨੂੰ ਹਮੇਸ਼ਾ ਗੁਰੂ ਦੀ ਸ਼ਰਨ, ਸ਼ਬਦ ਵਿਚਾਰ ਤੇ ਪਰਮਾਤਮਾ ਦੇ ਗੁਣਾਂ ਦੀ ਮੰਗ ਹੀ ਕਰਨੀ ਚਾਹੀਦੀ ਹੈ। ਇਸ ਵਾਰ ਦੀ ਬਾਰ੍ਹਵੀਂ ਪਉੜੀ ਦੇ ਦੋ ਸਲੋਕਾਂ ਦਾ ਆਧਾਰ ਬਣਾ ਕੇ ਸ਼ਬਦ ਦੀ ਵਿਚਾਰ ਤੋਂ ਰੱਬੀ ਗੁਣਾਂ ਦੁਆਰਾ ਆਪਣੇ ਆਪ ਨੂੰ ਖੋਟਿਉਂ ਖਰੇ ਬਣਾਉਣ ਦਾ ਸੱਦਾ ਹੈ। ਖੋਟੇ ਸਿੱਕੇ ਖ਼ਜ਼ਾਨੇ ਵਿਚ ਨਹੀਂ ਰੱਖੇ ਜਾਂਦੇ। ਅਸਲੀ ਸਿੱਕਿਆਂ ਦੀ ਹੀ ਸੰਭਾਲ ਕੀਤੀ ਜਾਂਦੀ ਹੈ। ਖੋਟੇ ਸਿੱਕੇ ਜ਼ਿਆਦਾ ਚਮਕਦੇ ਹਨ, ਪਰ ਪਰਖ ਉਹ ਹੀ ਕਰ ਸਕਦਾ ਹੈ, ਜਿਸਨੂੰ ਪਹਿਚਾਣ ਹੋਵੇ। ਇਨ੍ਹਾਂ ਵਾਕਾਂ ਦੀ ਵਿਚਾਰ ਕਰਨ ਤੋਂ ਪਹਿਲਾਂ ਇਕ ਛੋਟੀ ਜਿਹੀ ਘਟਨਾ ਨੂੰ ਧਿਆਨ ਵਿਚ ਲਿਆਂਦਾ ਜਾਏ ਤਾਂ ਹੋਰ ਵੀ ਸੌਖੇ ਢੰਗ ਨਾਲ ਸਮਝ ਆ ਸਕਦੀ ਹੈ। ਕਹਿੰਦੇ ਨੇ ਹੀਰਿਆਂ ਦਾ ਵਪਾਰ ਕਰਨ ਵਾਲਾ ਵਪਾਰੀ ਮਰ ਗਿਆ। ਉਸਦਾ ਲੜਕਾ ਆਪਣੀ ਮਾਂ ਪਾਸੋਂ ਬਾਪ ਦੇ ਰੱਖੇ ਹੋਏ ਹੀਰੇ ਲੈ ਕੇ ਆਪਣੇ ਚਾਚਾ ਜੀ ਦੀ ਦੁਕਾਨ 'ਤੇ ਵੇਚਣ ਲਈ ਗਿਆ। ਚਾਚਾ ਜੀ ਨੇ ਦੇਖਿਆ ਕਿ ਇਹ ਤਾਂ ਸਾਰੇ ਹੀਰੇ ਨਕਲੀ ਚੁੱਕੀ ਫਿਰਦਾ ਹੈ, ਜੇ ਇਸ ਨੂੰ ਮੈਂ ਕਿਹਾ ਕਿ ਬੇਟਾ ਜੀ, ਇਹ ਸਾਰੇ ਹੀਰੇ ਨਕਲੀ ਹਨ ਤਾਂ ਇਸਨੇ ਤੇ ਇਸ ਦੀ ਮਾਂ ਨੇ ਆਖਣਾ ਹੈ ਕਿ ਇਕ ਬਾਪ ਮਰ ਗਿਆ, ਦੂਜਾ ਸ਼ਰੀਕਾ ਹੋਣ ਦੇ ਨਾਤੇ ਸਾਡੇ ਅਸਲੀ ਹੀਰਿਆਂ ਨੂੰ ਵੀ ਨਕਲੀ ਹੀ ਦੱਸੀ ਜਾਂਦੇ ਹਨ। ਚਾਚਾ ਜੀ ਨੇ ਦੂਰ ਦੀ ਸੋਚ ਕੇ ਆਖਿਆ, "ਪੁੱਤਰ ਜੀ, ਅਜੇ ਹੀਰਿਆਂ ਦਾ ਭਾਅ ਠੀਕ ਨਹੀਂ ਹੈ, ਇਸ ਲਈ ਇਨ੍ਹਾਂ ਹੀਰਿਆਂ ਨੂੰ ਘਰ ਰੱਖੋ, ਤੁਸੀਂ ਮੇਰੀ ਦੁਕਾਨ 'ਤੇ ਕੰਮ ਕਰੋ। ਜਦੋਂ ਭਾਅ ਠੀਕ ਹੋ ਜਾਏਗਾ, ਉਸ ਵੇਲੇ ਹੀਰਿਆਂ ਨੂੰ ਵੇਚ ਲਿਆ ਜਾਏਗਾ।" ਚਾਚਾ ਜੀ ਨੇ ਉਸ ਬੱਚੇ ਨੂੰ ਹੀਰੇ ਪਰਖਣ 'ਤੇ ਰੱਖ ਲਿਆ। ਹੀਰੇ ਪਰਖਦਿਆਂ-ਪਰਖਦਿਆਂ ਬੱਚੇ ਨੂੰ ਸਮਝ ਆ ਗਈ ਕਿ ਅਸਲੀ ਹੀਰੇ ਕਿਹੜੇ ਹਨ ਤੇ ਨਕਲੀ ਹੀਰੇ ਕਿਹੜੇ ਹਨ। ਇਹ ਸਮਝ ਪੈਂਦਿਆਂ ਹੀ ਬੱਚੇ ਨੇ ਘਰ ਆ ਕੇ ਆਪਣੀ ਮਾਂ ਨੂੰ ਕਿਹਾ ਕਿ ਮਾਂ, ਪਿਤਾ ਜੀ ਦੇ ਰੱਖੇ ਹੋਏ ਹੀਰੇ ਸਾਰੇ ਹੀ ਨਕਲੀ ਹਨ। ਇਨ੍ਹਾਂ ਹੀਰਿਆਂ ਨੂੰ ਬਾਹਰ ਸੁੱਟ ਦਿਉ, ਇਹ ਕਿਸੇ ਕੰਮ ਨਹੀਂ ਹਨ। ਮਾਂ ਪੁੱਤ ਦੋਨੋਂ ਜਣੇ ਚਾਚੇ ਦੀ ਦੁਕਾਨ 'ਤੇ ਆਏ ਤੇ ਕਹਿਣ ਲੱਗੇ, "ਵੀਰਾ, ਜੇ ਤੈਨੂੰ ਪਹਿਲਾਂ ਪਤਾ ਸੀ ਕਿ ਇਹ ਹੀਰੇ ਨਕਲੀ ਹਨ ਤਾਂ ਤੁਸੀਂ ਉਸ ਵੇਲੇ ਹੀ ਕਹਿ ਦੇਂਦੇ, ਅਸੀਂ ਐਵੇਂ ਹੀ ਨਕਲੀ ਹੀਰਿਆਂ ਨੂੰ ਸਾਂਭਦੇ ਰਹੇ।" ਚਾਚੇ ਨੇ ਬਹੁਤ ਹੀ ਕਮਾਲ ਦਾ ਉੱਤਰ ਦਿੱਤਾ, ਆਖਿਆ, "ਜੇ ਮੈਂ ਉਸ ਦਿਨ ਕਹਿ ਦੇਂਦਾ ਕਿ ਹੀਰੇ ਨਕਲੀ ਹਨ ਤਾਂ ਤੁਸਾਂ ਸਾਰਿਆਂ ਨੇ ਆਖਣਾ ਸੀ ਕਿ ਇਕ ਵਿਚਾਰੇ ਦਾ ਪਿਉ ਮਰ ਗਿਆ ਹੈ, ਦੂਜਾ ਚਾਚੇ ਨੇ ਸਾਡੇ ਅਸਲੀ ਹੀਰਿਆਂ ਨੂੰ ਵੀ ਨਕਲੀ ਹੀਰੇ ਕਹਿ ਦਿੱਤਾ ਹੈ। ਮੈਂ ਇਹ ਚਾਹੁੰਦਾ ਸੀ ਕਿ ਬੱਚਾ ਖੁਦ ਹੀ ਇਹ ਫੈਸਲਾ ਕਰੇ ਕਿ ਅਸਲੀ ਕੀ ਹੈ ਤੇ ਨਕਲੀ ਕੀ ਹੈ? ਅੱਜ ਮੈਨੂੰ ਇਹ ਤਾਂ ਖੁਸ਼ੀ ਹੈ ਕਿ ਭਤੀਜੇ ਨੂੰ ਸਮਝ ਆ ਗਈ ਹੈ ਕਿ ਅਸਲ ਤੇ ਨਕਲ ਵਿਚ ਕੀ ਫ਼ਰਕ ਹੁੰਦਾ ਹੈ।" ਇਹ ਸਾਰੀ ਘਟਨਾ ਸਿੱਖ ਕੌਮ 'ਤੇ ਢੁੱਕਦੀ ਹੈ। ਜਿਨ੍ਹਾਂ ਨਕਲੀ ਕਰਮ-ਕਾਂਡਾਂ ਨੂੰ ਗੁਰੂ ਨਾਨਕ ਸਾਹਿਬ ਦੀ ਸੋਚ ਨੇ ਰੱਦ ਕੀਤਾ ਸੀ, ਅੱਜ ਉਹ ਹੀ ਕਰਮਕਾਂਡ ਸਿੱਖੀ ਵਿਚ ਪ੍ਰਧਾਨ ਹੋ ਗਏ ਹਨ। ਗੁੰਮਰਾਹਕੁੰਨ ਇਤਿਹਾਸ ਦੀਆਂ ਸਾਖੀਆਂ, ਗੁਰਬਾਣੀ ਦੇ ਭਾਵ-ਅਰਥ ਨੂੰ ਉਲਟਾ ਕੇ ਪੇਸ਼ ਕਰਨਾ ਸੰਤ ਲਾਣੇ ਦਾ ਮੁੱਖ ਮਕਸਦ ਰਹਿ ਗਿਆ ਹੈ। ਵਿਗਿਆਨ, ਸਿਧਾਂਤ ਤੇ ਭਾਵ- ਅਰਥ ਨੂੰ ਸਾਹਮਣੇ ਰੱਖ ਕੇ ਗੁਰਬਾਣੀ ਦੇ ਅਰਥ-ਬੋਧ ਨੂੰ ਸਮਝਦਿਆਂ ਇਹ ਸਮਝ ਆਉਂਦੀ ਹੈ ਕਿ ਸਿੱਖੀ ਵਿਚ ਨਕਲ ਕੀ ਹੈ ਤੇ ਅਸਲ ਕੀ ਹੈ?

ਇਸ ਪਉੜੀ ਦੇ ਇਕ ਸਲੋਕ ਵਿਚ ਅਸੀਂ ਪੁੱਤਰਾਂ ਦੁਆਰਾ ਸੰਸਾਰ ਵਿਚ ਆਪਣੇ ਖਾਨਦਾਨ ਨੂੰ ਵਧਾਉਣ 'ਤੇ ਹੀ ਜ਼ੋਰ ਦੇ ਰਹੇ ਹਾਂ। ਖੋਟੀਆਂ ਗੱਲਾਂ ਨੂੰ ਪੱਲੇ ਬੰਨ੍ਹਿਆ ਜਾ ਰਿਹਾ ਹੈ ਤੇ ਅਸਲੀ ਤੋਂ ਕੰਨੀਂ ਕਤਰਾਈ ਜਾ ਰਹੀ ਹੈ। ਪਹਿਲੇ ਪਉੜੀ ਦੇ ਮੂਲ ਪਾਠ ਵੱਲ ਨਿਗਾਹ ਮਾਰਦੇ ਹਾਂ:

**ਆਪੇ ਕੁਦਰਤਿ ਸਾਜਿ ਕੈ**
**ਆਪੇ ਕਰੇ ਬੀਚਾਰੁ ॥**
**ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥**
**ਖਰੇ ਖਜਾਨੈ ਪਾਈਅਹਿ**
**ਖੋਟੇ ਸਟੀਅਹਿ ਬਾਹਰ ਵਾਰਿ ॥**
**ਖੋਟੇ ਸਚੀ ਦਰਗਹ ਸੁਟੀਅਹਿ**
**ਕਿਸੁ ਆਗੈ ਕਰਹਿ ਪੁਕਾਰ ॥**
**ਸਤਿਗੁਰ ਪਿਛੈ ਭਜਿ ਪਵਹਿ**
**ਏਹਾ ਕਰਣੀ ਸਾਰੁ ॥**
**ਸਤਿਗੁਰੁ ਖੋਟਿਅਹੁ ਖਰੇ ਕਰੇ**
**ਸਬਦਿ ਸਵਾਰਣਹਾਰੁ ॥**
**ਸਚੀ ਦਰਗਹ ਮੰਨੀਅਨਿ**
**ਗੁਰ ਕੈ ਪ੍ਰੇਮ ਪਿਆਰਿ ॥**
**ਗਣਤ ਤਿਨਾ ਦੀ ਕੋ ਕਿਆ ਕਰੇ**
**ਜੋ ਆਪਿ ਬਖਸੇ ਕਰਤਾਰਿ ॥** *(੧੪੩)*

ਖੋਟੇ ਸਿੱਕੇ ਕਿਸੇ ਕੰਮ ਨਹੀਂ ਆਉਂਦੇ, ਉਨ੍ਹਾਂ ਨੂੰ ਹਮੇਸ਼ਾ ਖ਼ਜ਼ਾਨੇ ਤੋਂ ਬਾਹਰ ਸੁੱਟਿਆ ਜਾਂਦਾ ਹੈ। ਖੋਟਿਆਂ ਦੀ ਖੋਟ ਦੂਰ ਕਰਨ ਲਈ ਅਗਨੀ-ਪ੍ਰੀਖਿਆ ਵਿਚੋਂ ਦੀ ਲੰਘਾਉਣਾ ਪੈਂਦਾ ਹੈ। **ਮਨੁੱਖ ਦੀ ਖੋਟ ਦੂਰ ਕਰਨ ਲਈ ਸ਼ਬਦ ਦੀ ਪ੍ਰੀਖਿਆ ਦਾ ਮਾਪਦੰਡ ਰੱਖਿਆ ਗਿਆ ਹੈ।** ਸ਼ਬਦ ਦੀਆਂ ਆਰੰਭਕ ਤੁਕਾਂ ਵੱਲ ਧਿਆਨ ਮਾਰਿਆਂ ਪਤਾ ਚਲਦਾ ਹੈ ਕਿ ਇਹ ਸੰਸਾਰ ਪਰਮਾਤਮਾ ਦੇ ਬੱਝਵੇਂ ਨਿਯਮ ਅਧੀਨ ਉਸਰਿਆ ਹੈ। ਹੌਲੀ-ਹੌਲੀ ਇਸਦਾ ਵਿਕਾਸ ਹੋਇਆ ਹੈ। ਹਰ ਪੈਦਾ ਹੋਣ ਵਾਲੀ ਚੀਜ਼ ਸਮੇਂ ਅਨੁਸਾਰ ਆਪਣੇ ਆਪ ਪੈਦਾ ਹੋ ਰਹੀ ਹੈ। ਮਨੁੱਖਤਾ ਵੀ ਇਸੇ ਨਿਯਮ ਅਧੀਨ ਵਿਕਾਸਸ਼ੀਲ ਹੈ। ਅਟੱਲ ਨਿਯਮਾਂ ਅਧੀਨ ਹੀ ਅਸੀਂ ਖੋਟੇ ਜਾਂ ਖਰੇ ਬਣਦੇ ਹਾਂ। ਖੋਟੇ ਜਾਂ ਖਰੇ ਬਣਨ ਵਿਚ ਰੱਬ ਦਾ ਕੋਈ ਕਸੂਰ ਨਹੀਂ ਹੈ। ਇਹ ਤਾਂ ਆਦਮੀ ਉੱਤੇ ਨਿਰਭਰ ਕਰਦਾ ਹੈ ਕਿ ਇਸ ਨੇ ਰਸਤਾ ਕਿਹੜਾ ਅਖ਼ਤਿਆਰ ਕਰਨਾ ਹੈ। ਜਿਹੜੇ ਰਸਤੇ ਵੀ ਚੱਲ ਪਿਆ, ਮੰਜ਼ਿਲ ਉਹ ਹੀ ਆ ਜਾਣੀ ਹੈ। ਰਸਤਾ ਅਪਨਾਉਣ ਤੋਂ ਪਹਿਲਾਂ ਖੋਟੇ ਖਰੇ ਦੀ ਵਿਚਾਰ ਕਰ ਲਈ ਜਾਏ ਤਾਂ ਖੋਟਿਆਂ ਤੋਂ ਬਚਿਆ ਜਾ

---

*144, ਫੇਜ਼-1, ਅਰਬਨ ਅਸਟੇਟ, ਦੁਗਰੀ ਰੋਡ, ਲੁਧਿਆਣਾ। ਫੋਨ 0161-2496635, ਮੋਬਾ: 9876100444

ਸਕਦਾ ਹੈ। ਖੋਟਿਆਂ ਦਾ ਭਾਵ ਮਨੁੱਖੀ ਮਹੱਤਤਾ ਦੇ ਮਾਪ-ਦੰਡ ਤੋਂ ਥੱਲੇ ਵਿਚਰਨਾ ਮੰਨਿਆ ਗਿਆ ਹੈ। "ਆਪੇ ਪਰਖਣਹਾਰੁ"—ਮਨੁੱਖਤਾ ਦੀਆਂ ਉੱਚੀਆਂ ਕਦਰਾਂ-ਕੀਮਤਾਂ ਵਾਲਾ ਅਟੱਲ ਨਿਯਮ, ਜਿਸ ਰਾਹੀਂ ਇਹ ਪਤਾ ਚਲਦਾ ਹੈ—ਮਨੁੱਖ, ਮਨੁੱਖ ਵਿਚ ਅੰਤਰ ਕੀ ਹੈ? "ਖਰੇ ਖਜਾਨੈ ਪਾਈਅਹਿ"—ਸਮਾਜਿਕ ਭਾਈਚਾਰਕ ਸਾਂਝ ਵਿਚ ਮਹੱਤਤਾ, ਗੁਣਵੱਤਾ ਦੀ ਗੱਲ ਕੀਤੀ ਗਈ ਹੈ।

ਇਕ ਅਹਿਮ ਸੁਆਲ ਖੜ੍ਹਾ ਹੁੰਦਾ ਹੈ ਕਿ ਕੀ ਸਮਾਜ ਵਿਚ ਧੱਕੇ-ਧੋੜੇ ਨਾਲ ਇਕੱਠੀ ਕੀਤੀ ਮਾਇਆ ਰਾਹੀਂ ਦਾਨ-ਪੁੰਨ ਕਰ ਕੇ ਜਾਂ ਪਾਠ ਪੂਜਾ ਕਰਾ ਕੇ ਆਪਣੀ ਭੱਲ ਬਣਾਉਣ ਵਾਲਾ ਵੀ ਖਰਾ ਹੋ ਸਕਦਾ ਹੈ? ਨਹੀਂ, ਸਮਾਂ ਪੈਣ 'ਤੇ ਅਜਿਹੇ ਬੰਦਿਆਂ ਦਾ ਪਾਜ ਉੱਘੜਦਾ ਹੈ ਤੇ ਉਹ ਕੱਖੋਂ ਹੌਲੇ ਹੋ ਜਾਂਦੇ ਹਨ। ਖੋਟੇ ਸਿੱਕੇ ਨੂੰ ਅਗਨੀ ਪ੍ਰੀਖਿਆ ਵਿਚ ਦੀ ਲੰਘ ਕੇ ਫਿਰ ਅਸਲੀ ਰੂਪ ਵਿਚ ਆਉਣਾ ਪੈਂਦਾ ਹੈ। ਸਤਿਗੁਰ ਵਿਚ ਅਜਿਹੀ ਅਥਾਹ ਕਲਾ ਹੈ, ਜਿਸ ਰਾਹੀਂ ਹੌਲੇ ਜੀਵਨ ਵਾਲੇ ਜੀਵਾਂ ਨੂੰ ਸ਼ਬਦ ਦੇ ਪਰਪੱਕ ਗਿਆਨ ਦੁਆਰਾ ਖਰੇ ਬਣਾ ਦੇਂਦਾ ਹੈ। ਗੁਰੂ ਦੇ ਪ੍ਰੇਮ ਦਾ ਵਲਵਲਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਸਿੱਕੇ ਵਿਚੋਂ ਖੋਟ ਨੂੰ ਦੂਰ ਕਰਨਾ ਹੈ, ਖੋਟੇ ਆਦਮੀ ਦੀ ਖੋਟ ਨੂੰ ਦੂਰ ਕਰਨਾ ਹੈ। ਪਹਿਲੂ ਇਕ ਹੀ ਰੱਖਿਆ ਗਿਆ ਹੈ। ਬੰਦੇ ਨੂੰ ਅਹਿਸਾਸ ਹੋ ਜਾਏ ਕਿ ਮੇਰੇ ਮਨ ਵਿਚ ਖੋਟ ਹੈ, ਮੈਂ ਆਪਣੇ ਆਪ ਨੂੰ ਬਦਲ ਲੈਣਾ ਹੈ। ਉਂਝ ਹਰ ਜੀਵ ਦਾ ਇਹ ਹੀ ਜ਼ੋਰ ਲੱਗਿਆ ਹੁੰਦਾ ਹੈ ਕਿ ਦੂਸਰਾ ਹੀ ਬਦਲੇ, ਮੈਨੂੰ ਬਦਲਣ ਦੀ ਜ਼ਰੂਰਤ ਨਹੀਂ ਹੈ। ਬਖ਼ਸ਼ਿਆ ਗਿਆ ਹੀ ਪਰਮਾਤਮਾ ਦੀ ਬਖ਼ਸ਼ਿਸ਼ ਦਾ ਪਾਤਰ ਹੈ। ਅਜਿਹਿਆਂ ਦੀ ਦੰਦ-ਕਥਾ ਕੋਈ ਕਿਉਂ ਕਰੇਗਾ?

ਪਰਮਾਤਮਾ ਜ਼ੱਰੇ-ਜ਼ੱਰੇ ਵਿਚ ਵਿਆਪਕ ਹੋਣ ਕਰਕੇ ਇਸ ਧਰਤੀ ਨੂੰ ਰੱਬੀ ਦਰਗਾਹ ਮੰਨਿਆ ਗਿਆ ਹੈ। "ਖਰੇ ਖਜਾਨੈ ਪਾਈਅਹਿ"—ਇਸ ਜੀਵਨ ਕਾਲ ਅੰਦਰ ਪਰਵਾਨਗੀ ਮੰਨੀ ਗਈ ਹੈ। ਮਨੁੱਖ ਆਪਣੇ ਸੁਭਾਅ, ਕੀਤੇ ਕਰਮ ਕਰਕੇ ਦੂਰ ਜਾਂ ਨੇੜੇ ਹੈ। ਖੋਟੀ ਬੁੱਧ ਨੂੰ ਖਰੀ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਪਉੜੀ ਵਿਚ ਜੀਵਨ ਅੰਦਰ ਆਏ ਹੌਲੇਪਨ ਨੂੰ ਗੁਰੂ ਜੀ ਦੇ ਸ਼ਬਦ ਰਾਹੀਂ ਦੂਰ ਕਰਨ ਦਾ ਨੁਕਤਾ ਸਮਝਾਇਆ ਹੈ। ਪਉੜੀ ਨਾਲ ਆਏ ਸਲੋਕਾਂ ਨੂੰ ਨਿਗਾਹ ਵਿਚ ਲਿਆਂਦਿਆਂ ਹੋਰ ਵੀ ਕਈ ਪਹਿਲੂ ਉਘੜ ਕੇ ਸਾਹਮਣੇ ਆਉਂਦੇ ਹਨ। ਧਰਮ ਦੀ ਦੁਨੀਆਂ ਅੰਦਰ ਕਈ ਪ੍ਰਕਾਰ ਦੇ ਝੱਖ ਮਾਰੇ ਜਾ ਰਹੇ ਹਨ। ਲੋੜ ਨਾਲੋਂ ਜ਼ਿਆਦਾ ਗਿਆਨ ਦੇ ਪਰਵਾਹ ਚੱਲ ਰਹੇ ਹਨ। ਮੂਰਖ ਮਨੁੱਖ ਆਪਣੀ ਖੋਟੀ ਮੱਤ ਛੱਡਣ ਲਈ ਕਦਾਚਿਤ ਤਿਆਰ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦਾ ਪੂਰਾ ਸਲੋਕ ਇਸ ਪ੍ਰਕਾਰ ਹੈ:

**ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥**
**ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥**
**ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥**
**ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥**
**ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥**
**ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥**
**ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥**
**ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥੧॥**
*(੧੪੩)*

ਗੁਰੂ ਨਾਨਕ ਸਾਹਿਬ ਜੀ ਦੇ ਸਾਹਮਣੇ ਪੰਡਤਾਂ ਵਲੋਂ ਗਿਆਨ ਦੇ ਪ੍ਰਵਾਹ ਚਲਾਏ ਜਾ ਰਹੇ ਸਨ, ਪਰ ਇਸ ਗਿਆਨ ਦੇ ਪ੍ਰਭਾਵ ਦੁਆਰਾ ਸਵਰਗ ਦਾ ਲਾਲਚ ਤੇ ਨਰਕ ਦਾ ਡਰਾਵਾ ਦੇ ਕੇ ਆਮ ਲੋਕਾਈ ਦੀ ਹੱਡ-ਚੀਰਵੀਂ ਮਿਹਨਤ ਨੂੰ ਬੇਦਰਦੀ ਨਾਲ ਲੁੱਟਿਆ ਜਾ ਰਿਹਾ ਸੀ। ਆਮ ਮਨੁੱਖ ਇਸ ਲੁੱਟ ਵਿਚੋਂ ਬਾਹਰ ਨਿਕਲਣਾ ਚਾਹੁੰਦਾ ਸੀ। ਬ੍ਰਾਹਮਣ ਦੇ ਇਸ ਲੋਟੂ ਗਿਆਨ ਤੋਂ ਮਨੁੱਖ ਸਤਿਆ ਪਿਆ ਸੀ, ਪਰ ਬਾਹਰ ਆਉਣ ਲਈ ਇਸ ਨੂੰ ਸਿੱਧੇ-ਸਾਦੇ ਗਿਆਨ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਜੀ ਨੇ ਲੋਕ-ਬੋਲੀ ਵਿਚ ਨਿਰਮਲ ਜੀਵਨ-ਜਾਚ ਦਾ ਗਿਆਨ ਦਿੱਤਾ, ਜੋ ਆਮ ਲੋਕਾਈ ਨੇ ਫਟਾ-ਫਟ ਅਪਣਾਅ ਲਿਆ, ਪਰ ਪੁਜਾਰੀ ਜਿਨ੍ਹਾਂ ਦੇ ਹੱਡ ਹਰਾਮ ਹੋ ਚੁੱਕੇ ਸਨ, ਇਸ ਗਿਆਨ ਨੂੰ ਲੈਣ ਲਈ ਤਿਆਰ ਨਾ ਹੋਏ। ਸਾਡੇ ਸਾਹਮਣੇ ਅੱਜ ਵੀ ਓਡਾ ਸੁਆਲ ਹੀ ਖੜ੍ਹਾ ਹੈ। ਗੁਰਬਾਣੀ ਗਿਆਨ ਦੇ ਰਹੀ ਹੈ, ਪਰ ਅਸੀਂ ਕਰਮ-ਕਾਂਡ ਵੱਲ ਵਧ ਰਹੇ ਹਾਂ। ਗੁਰੂ ਨਾਨਕ ਸਾਹਿਬ ਜੀ ਨੇ ਮੱਛੀ, ਪੰਛੀ, ਪੱਥਰ, ਖੁਸਰਾ, ਕੁੱਤਾ, ਬੋਲਾ, ਅੰਨ੍ਹਾ ਤੇ ਪਸ਼ੂ ਦੀ ਗੱਲ ਕਰਦਿਆਂ ਮੂਰਖ ਦਾ ਸੁਭਾਅ ਸਾਡੇ ਸਾਹਮਣੇ ਰੱਖਿਆ ਹੈ। ਆਪ ਸਮਝਾਉਂਦੇ ਹਨ ਕਿ ਜਿਸ ਨੇ ਆਪਣਾ ਆਪ ਹੀ ਅੱਗੇ ਰੱਖਿਆ ਹੋਵੇ, ਉਹ ਕਦੇ ਵੀ ਕਿਸੇ ਦਲੀਲ ਨੂੰ ਨਹੀਂ ਮੰਨਦਾ। ਪਾਣੀ ਵਿਚ ਰਹਿੰਦਿਆਂ ਮੱਛੀ ਆਜ਼ਾਦੀ ਨਾਲ ਤਰਦੀ ਰਹਿੰਦੀ ਹੈ, ਪਾਣੀ ਆਪਣੀ ਡੂੰਘਾਈ, ਲੰਬਾਈ ਦਾ ਭੋਰਾ ਵੀ ਪ੍ਰਭਾਵ ਨਹੀਂ ਪਾ ਸਕਦਾ। ਵਿਸ਼ਾਲ ਆਕਾਸ਼ ਵਿਚ ਪੰਛੀ ਖੁੱਲ੍ਹੀਆਂ ਉਡਾਰੀਆਂ ਲਾਉਂਦਾ ਰਹਿੰਦਾ ਹੈ। ਪੰਛੀ ਅਕਾਸ਼ ਦੀ ਭੋਰਾ ਜਿੰਨੀ ਵੀ ਪਰਵਾਹ ਨਹੀਂ ਕਰਦਾ। ਕੱਕਰ-ਪਾਲਾ ਕਿੰਨਾ ਪੈ ਜਾਏ, ਪੱਥਰ ਦਾ ਕੁਝ ਵੀ ਨਹੀਂ ਵਿਗਾੜ ਸਕਦਾ। ਗ੍ਰਹਿਸਤ ਖੁਸਰੇ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਚੰਦਨ ਦੀ ਕੀਮਤੀ ਸੁਗੰਧੀ ਕੁੱਤੇ ਨੂੰ ਨਵੀਂ ਅਕਲ ਨਹੀਂ ਦੇ ਸਕਦੀ। ਕੁੱਤਾ ਕਦੇ ਵੀ ਆਪਣਾ ਸੁਭਾਅ ਤਿਆਗਣ ਲਈ ਤਿਆਰ ਨਹੀਂ ਹੈ। ਬੋਲੇ ਆਦਮੀ ਨੂੰ ਰਾਗ-ਵਿੱਦਿਆ ਜਾਂ ਧਾਰਮਿਕ ਪੁਸਤਕਾਂ ਦਾ ਗਿਆਨ ਦੇਣ ਦਾ ਕਿੰਨਾ ਯਤਨ ਕੀਤਾ ਜਾਏ, ਉਸਦੀ ਸਿਹਤ 'ਤੇ ਕੋਈ ਵੀ ਅਸਰ ਨਹੀਂ ਹੁੰਦਾ। ਅੰਨ੍ਹੇ ਆਦਮੀ ਦੇ ਅੱਗੇ ਹਜ਼ਾਰ ਵਾਟ ਦੇ ਬਲਬ ਜਗਾ ਕੇ ਰੱਖ ਦਿੱਤੇ ਜਾਣ ਤਾਂ ਕੀ ਅੰਨ੍ਹੇ ਨੂੰ ਚਾਨਣ ਹੋ ਜਾਏਗਾ? ਪਸ਼ੂਆਂ ਅੱਗੇ ਸੋਨਾ ਖਿਲਾਰ ਦਿੱਤਾ ਜਾਏ ਤਾਂ ਵੀ ਉਹ ਵਿਚਾਰੇ ਘਾਹ ਹੀ ਚੁਣ-ਚੁਣ ਕੇ ਖਾਣਗੇ। ਲੋਹੇ ਦਾ ਕੁਸ਼ਤਾ ਮਾਰ ਕੇ ਨਰਮ ਕਰ ਲਈਏ, ਕਦੇ ਕਪਾਹ ਵਰਗਾ ਨਹੀਂ ਬਣ ਸਕਦਾ। ਜਿਸ ਆਦਮੀ ਨੇ ਕਿਸੇ ਦਲੀਲ ਨੂੰ ਮੰਨਣਾ ਹੀ ਨਹੀਂ ਹੈ, ਉਹ ਜਦੋਂ ਵੀ ਬੋਲੇਗਾ, ਸਦਾ ਨੁਕਸਾਨ ਵਾਲੇ ਬੋਲ ਹੀ ਬੋਲੇਗਾ। ਆਮ ਕਰਕੇ ਸੈਮੀਨਾਰਾਂ ਵਿਚ ਬਹੁਤ ਖੁੱਲ੍ਹ ਕੇ ਵਿਚਾਰਾਂ ਹੁੰਦੀਆਂ ਹਨ। ਵਿਸ਼ਾ-ਵਸਤੂ ਦੀ ਚੋਣ ਕਰ ਕੇ ਪੂਰੀ ਤਸੱਲੀ ਨਾਲ ਗੁਰਮਤਿ ਦੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਜਾਂਦਾ ਹੈ। ਜਿਸ ਆਦਮੀ ਨੇ ਸਾਰੀ ਜ਼ਿੰਦਗੀ ਹਨੇਰਾ ਢੋਇਆ ਹੁੰਦਾ ਹੈ, ਉਹ ਕਦੇ ਵੀ ਕਿਸੇ ਦਲੀਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ। ਆਪੂੰ ਬਣਿਆ ਚੌਧਰੀ ਦੋ ਬੋਲ ਬੋਲ ਕੇ—ਕੀ ਗੁਰੂ ਗੋਬਿੰਦ ਸਿੰਘ ਜੀ ਨੇ ਭਲਾ ਬੱਕਰੇ ਝਟਕਾਏ ਸਨ—ਸਾਰੀ ਵਿਚਾਰ 'ਤੇ ਪਾਣੀ ਫੇਰ ਕੇ ਰੱਖ ਦੇਵੇਗਾ। ਵਿਚਾਰ ਕੋਈ ਹੋਰ ਚੱਲ ਰਹੀ ਹੁੰਦੀ ਹੈ ਤੇ ਪੁੱਛਿਆ ਕੁਝ ਹੋਰ ਜਾ ਰਿਹਾ ਹੁੰਦਾ ਹੈ। ਅਜਿਹੇ ਮੂਰਖ ਜਿਥੇ ਆਪਣਾ ਨੁਕਸਾਨ ਕਰਦੇ ਹਨ, ਉਥੇ ਆਪਣੀ ਕੌਮ ਦਾ ਵੀ ਨੁਕਸਾਨ ਕਰ ਜਾਂਦੇ ਹਨ। ਮੁੱਕਦੀ ਗੱਲ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਨ ਗਿਆਨ ਮੂੜ੍ਹ ਆਦਮੀ, ਜੋ ਆਪਣੀ ਧੁਨ ਵਿਚ ਪੱਕਾ ਤੇ ਪੁਜਾਰੀ ਬਣ ਚੁੱਕਿਆ ਹੈ, ਕੁਝ ਵੀ ਪ੍ਰਭਾਵ ਕਬੂਲਣ ਲਈ ਤਿਆਰ ਨਹੀਂ ਹੈ। ਗੁਰਮਤਿ ਦੇ ਸੁਨਹਿਰੀ ਅਸੂਲ ਹੋਣ ਦੇ ਬਾਵਜੂਦ ਵੀ ਅਸੀਂ ਬ੍ਰਾਹਮਣੀ ਮੱਤ ਦੇ ਧਾਰਨੀ ਬਣ ਕੇ ਆਪਣੀ ਹੀ ਕੌਮ ਦਾ ਨੁਕਸਾਨ ਕਰਦੇ ਜਾ ਰਹੇ ਹਾਂ।

ਦੂਸਰੇ ਸਲੋਕ ਵਿਚ ਮੂਰਖ ਦੇ ਮੂੰਹ 'ਤੇ ਮਾਰ ਮਾਰਨ ਦੀ ਗੱਲ ਕਹੀ ਗਈ ਹੈ; ਭਾਵ ਬਾਰ-ਬਾਰ ਗੁਰੂ ਦਾ ਗਿਆਨ ਦੇ ਕੇ ਸਮਝਾਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਵਿਚਾਰ ਦੁਆਰਾ ਹੀ ਪਰਮਾਤਮਾ ਦੇ ਦਰ 'ਤੇ ਪ੍ਰਵਾਨਗੀ ਮਿਲਦੀ ਹੈ। ਪੂਰਾ ਸਲੋਕ ਇਸ ਪ੍ਰਕਾਰ ਹੈ:

**ਕੈਹਾ ਕੰਚਨੁ ਤੁਟੈ ਸਾਰੁ ॥**
**ਅਗਨੀ ਗੰਢੁ ਪਾਏ ਲੋਹਾਰੁ ॥**

**ਗੋਰੀ ਸੇਤੀ ਤੁਟੈ ਭਤਾਰੁ ॥**
**ਪੁਤੀ ਗੰਢੁ ਪਵੈ ਸੰਸਾਰਿ ॥**
**ਰਾਜਾ ਮੰਗੈ ਦਿਤੈ ਗੰਢੁ ਪਾਇ ॥**
**ਭੁਖਿਆ ਗੰਢੁ ਪਵੈ ਜਾ ਖਾਇ ॥**
**ਕਾਲਾ ਗੰਢੁ ਨਦੀਆ ਮੀਹ ਝੋਲ ॥**
**ਗੰਢੁ ਪਰੀਤੀ ਮਿਠੇ ਬੋਲ ॥**
**ਬੇਦਾ ਗੰਢੁ ਬੋਲੇ ਸਚੁ ਕੋਇ ॥**
**ਮੁਇਆ ਗੰਢੁ ਨੇਕੀ ਸਤੁ ਹੋਇ ॥**
**ਏਤੁ ਗੰਢਿ ਵਰਤੈ ਸੰਸਾਰੁ ॥**
**ਮੂਰਖ ਗੰਢੁ ਪਵੈ ਮੁਹਿ ਮਾਰ ॥**
**ਨਾਨਕੁ ਆਖੈ ਏਹੁ ਬੀਚਾਰੁ ॥**
**ਸਿਫਤੀ ਗੰਢੁ ਪਵੈ ਦਰਬਾਰਿ ॥** *(੧੪੩)*

ਸ਼ਬਦ ਨੂੰ ਧਿਆਨ ਵਿਚ ਲਿਆਂਦਿਆਂ ਬਹੁਤ ਬਾਰੀਕੀਆਂ ਖੁੱਲ੍ਹ ਕੇ ਸਾਡੇ ਸਾਹਮਣੇ ਆਉਂਦੀਆਂ ਹਨ। "ਲੋਹਾਰੁ" ਸ਼ਬਦ ਸਾਂਝੇ ਅਰਥਾਂ ਵਿਚ ਆਇਆ ਹੈ। "ਪੁਤੀ" ਸ਼ਬਦ ਵੀ ਸਾਂਝੇ ਅਰਥਾਂ ਵਿਚ ਲਿਆ ਗਿਆ ਹੈ। ਆਮ ਕਰਕੇ ਜਿਥੇ ਕਿਤੇ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੋਵੇ ਤੇ ਘਰਦਿਆਂ ਨੇ ਸ੍ਰੀ ਅਖੰਡ ਪਾਠ ਰਖਾਇਆ ਹੋਵੇ, ਉਥੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਪਰਮਾਤਮਾ ਨੇ ਇਸ ਘਰ ਦੀ ਵੇਲ ਵਧਾ ਦਿੱਤੀ ਹੈ। ਪੁੱਤਰਾਂ ਨਾਲ ਹੀ ਸੰਸਾਰ ਵਿਚ ਗੰਢ ਪੈਂਦੀ ਹੈ ਜੀ। "ਸਬਦਿ ਸਵਾਰਣਹਾਰੁ"—ਸ਼ਬਦ ਜੀਵਨ ਦੀ ਉਸਾਰੀ ਕਰਦਾ ਹੈ, ਸ਼ਬਦ ਸੋਝੀ ਬਖ਼ਸ਼ਦਾ ਹੈ, ਤਾਂ ਹੀ ਅਜਿਹਾ ਮਹਿਸੂਸ ਹੁੰਦਾ ਹੈ ਕਿ "ਲੋਹਾਰੁ" ਤੇ "ਪੁਤੀ" ਸ਼ਬਦ ਸਾਂਝੇ ਅਰਥਾਂ ਵਿਚ ਵਰਤਿਆ ਗਿਆ ਹੈ। "ਲੋਹਾਰੁ" ਦਾ ਅਰਥ ਕਾਰੀਗਰ ਤੇ "ਪੁਤੀ" ਸੰਤਾਨ ਵਾਸਤੇ ਆਇਆ ਹੈ। ਲੋਹੇ ਨੂੰ ਗੰਢਣ ਵਾਲੇ ਦਾ ਨਾਂ ਲੁਹਾਰ, ਸੋਨੇ ਨੂੰ ਜੋੜਨ ਵਾਲੇ ਦਾ ਨਾਂ ਸੁਨਿਆਰਾ ਤੇ ਕੈਂਹੇ ਨੂੰ ਜੋੜਨ ਵਾਲੇ ਦਾ ਨਾਂ ਠਠਿਆਰ ਆਇਆ ਹੈ। "ਪੁਤੀ" ਦਾ ਅਰਥ ਸੰਤਾਨ; ਭਾਵ ਪੁੱਤਰਾਂ ਨਾਲ ਜੇ ਸੰਸਾਰ ਵਿਚ ਸਾਂਝ ਪੈਂਦੀ ਹੈ ਤਾਂ ਧੀਆਂ ਨਾਲ ਵੀ ਇਹ ਸਾਂਝ ਹੋ ਸਕਦੀ ਹੈ। ਏਥੇ ਤਾਂ ਗੱਲ ਜੋੜਨ ਦੀ ਕੀਤੀ ਗਈ ਹੈ। ਕਾਰੀਗਰ ਦੁਆਰਾ ਧਾਤਾਂ ਜੁੜ ਜਾਂਦੀਆਂ ਹਨ ਤੇ ਸੰਤਾਨ ਰਾਹੀਂ ਪਤੀ ਪਤਨੀ ਦਾ ਗੁੱਸਾ ਦੂਰ ਹੋ ਜਾਂਦਾ ਹੈ, ਆਪਸ ਵਿਚ ਫਿਰ ਗੰਢ ਪੈ ਜਾਂਦੀ ਹੈ। ਅਨਜਾਣੇ ਵਿਚ ਅਸੀਂ ਸ਼ਬਦ ਦੇ ਅਰਥ ਹੋਰ ਦੇ ਹੋਰ ਹੀ ਕਰ ਜਾਂਦੇ ਹਾਂ, ਜਿਸ ਕਰਕੇ ਪੁੱਤਰ ਦਾ ਮਹੱਤਵ ਵਧ ਜਾਂਦਾ ਹੈ ਤੇ ਧੀ ਦਾ ਮਹੱਤਵ ਘੱਟ ਨਜ਼ਰ ਆਉਂਦਾ ਹੈ। ਅਸੀਂ ਤਾਂ ਸ਼ਬਦ ਰਾਹੀਂ ਆਪਣੇ ਆਪ ਨੂੰ ਸੰਵਾਰਨ ਦਾ ਯਤਨ ਕਰਨਾ ਹੈ :

**ਕੈਹਾ ਕੰਚਨੁ ਤੁਟੈ ਸਾਰੁ ॥**
**ਅਗਨੀ ਗੰਢੁ ਪਾਏ ਲੋਹਾਰੁ ॥**
**ਗੋਰੀ ਸੇਤੀ ਤੁਟੈ ਭਤਾਰੁ ॥**
**ਪੁਤੀ ਗੰਢੁ ਪਵੈ ਸੰਸਾਰਿ ॥**

ਪਰਜਾ ਤੇ ਰਾਜੇ ਦਾ ਆਪਸੀ ਤਾਲਮੇਲ ਮੁਆਮਲੇ (ਟੈਕਸ) ਕਰਕੇ ਹੈ। ਭੁੱਖੇ ਆਦਮੀ ਦਾ ਸਰੀਰ ਨਾਲ ਸੰਬੰਧ ਤਾਂ ਹੀ ਬਣਿਆ ਰਹਿ ਸਕਦਾ ਹੈ ਜੇਕਰ ਉਹ ਰੋਟੀ ਖਾਵੇ। ਮੀਂਹ ਨਾਲ ਜਿਥੇ ਨਦੀਆਂ ਚਲਦੀਆਂ ਹਨ, ਉਥੇ ਕਾਲ ਵੀ ਮੁੱਕ ਜਾਂਦਾ ਹੈ। ਮਿੱਠੇ ਬਚਨਾਂ ਨਾਲ ਪਿਆਰ ਦੀ ਗੰਢ ਵਧਦੀ ਹੈ। ਧਾਰਮਿਕ ਪੁਸਤਕਾਂ ਤਾਂ ਬਹੁਤ ਹਨ, ਪਰ ਇਨ੍ਹਾਂ ਦੀ ਮਹਾਨਤਾ ਤਾਂ ਹੀ ਹੈ ਜੇਕਰ ਇਨ੍ਹਾਂ ਦੀ ਸਿਖਿਆ 'ਤੇ ਅਮਲ ਕੀਤਾ ਜਾਏ। ਇੰਜ ਆਖਿਆ ਜਾਏ ਕਿ ਸੱਚ ਨਾਲ ਸਾਂਝ ਧਾਰਮਿਕ ਪੁਸਤਕਾਂ ਦੀ ਉੱਚ ਸਿੱਖਿਆ ਨਾਲ ਬਣਦੀ ਹੈ। ਜੇਕਰ ਮਨੁੱਖ ਇਹ ਚਾਹੁੰਦਾ ਹੈ ਕਿ ਇਕ ਲੰਮੇ ਸਮੇਂ ਤਾਈਂ ਮੇਰਾ ਦੁਨੀਆਂ ਨਾਲ ਵਾਸਤਾ ਜੁੜਿਆ ਰਹੇ ਤਾਂ ਲੋਕ-ਭਲਾਈ ਦੇ ਕਰਮਾਂ ਨੂੰ ਅਪਣਾਉਣਾ ਪਵੇਗਾ। ਨੇਕ ਕਰਮ, ਜੋ ਲੋਕਾਂ ਦੇ ਭਲੇ ਲਈ ਕੀਤੇ ਹੋਣ, ਦੁਨੀਆਂ ਦੇਰ ਤਾਈਂ ਯਾਦ ਕਰਦੀ ਰਹਿੰਦੀ ਹੈ। "ਮੁਇਆ ਗੰਢੁ ਨੇਕੀ ਸਤੁ ਹੋਇ"—ਮੂਰਖ ਦੇ ਸੁਭਾਅ ਨੂੰ ਰੋਕਣ ਲਈ ਮੂੰਹ ਦੀ ਮਾਰ ਦਾ ਜ਼ਿਕਰ ਆਇਆ ਹੈ; "ਮੂਰਖ ਗੰਢੁ ਪਵੈ ਮੁਹਿ ਮਾਰ"—ਇਕ ਮੂਰਖ ਉਹ ਹੈ ਜਿਸ ਨੂੰ ਕੋਈ ਸੋਝੀ ਆਦਿ ਨਹੀਂ ਹੈ, ਇਸ ਨੂੰ ਮਾਰ ਲਿਆ ਜਾਏ ਜਾਂ ਸਮਝਾ ਲਿਆ ਜਾਏ, ਇਸਦੇ ਸੁਭਾਅ ਵਿਚ ਬਹੁਤਾ ਅੰਤਰ ਨਹੀਂ ਆਉਂਦਾ। ਦੂਸਰਾ ਉਹ ਮੂਰਖ ਹੈ ਜਿਸ ਨੇ ਹਰ ਗੱਲ ਵੇਲੇ ਆਪਣਾ ਮੂੰਹ ਹੀ ਅੱਗੇ ਰੱਖਿਆ ਹੋਵੇ, ਕਿਸੇ ਦੀ ਦਲੀਲ ਆਦਿ ਨੂੰ ਨਾ ਮੰਨਦਾ ਹੋਵੇ, ਆਤਮਿਕ ਤਲ 'ਤੇ ਮਹਾਂਮੂਰਖ ਹੋਵੇ, ਉਸ ਨੂੰ ਗੁਰੂ ਗਿਆਨ ਦੇ ਡੰਡੇ ਰਾਹੀਂ ਮੂੰਹ ਦੀ ਮਾਰ ਮਾਰ ਕੇ ਸਿੱਧੇ ਰਸਤੇ 'ਤੇ ਲਿਆਉਣਾ ਪਏਗਾ। ਉਸ ਨਾਲ ਤਾਂ ਦੋ-ਟੁੱਕ ਗੱਲ ਕਰਕੇ ਦੱਸ ਦਿੱਤਾ ਜਾਵੇ ਕਿ ਤੇਰੀ ਮੱਤ ਨਾਲ ਲਾਭ ਘੱਟ ਤੇ ਨੁਕਸਾਨ ਜ਼ਿਆਦਾ ਹੋਏਗਾ। ਇਸ ਲਈ ਮੂਰਖ ਨਾਲ ਸਾਂਝ ਤਾਂ ਹੀ ਪਏਗੀ, ਜਦੋਂ ਉਸ ਦੀਆਂ ਦਿੱਤੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ ਜਾਏ। ਇੰਜ ਹੀ ਪਰਮਾਤਮਾ ਦੇ ਦਰ 'ਤੇ ਉਸ ਦੀ ਸਿਫ਼ਤਿ-ਸਾਲਾਹ ਦੀਆਂ ਵਿਚਾਰਾਂ ਭਾਵ ਗੁਣਾਂ ਨੂੰ ਸਮਝ ਕੇ ਧਾਰਨ ਕੀਤਿਆਂ ਪਰਮਾਤਮਾ ਨਾਲ ਸਾਂਝ ਪੈਂਦੀ ਹੈ। ਦੋ ਸਲੋਕਾਂ ਤੇ ਇਕ ਪਉੜੀ ਰਾਹੀਂ ਮੂਰਖ ਨੂੰ ਜ਼ਿੰਦਗੀ ਦੇ ਸਹੀ ਰਸਤੇ 'ਤੇ ਆਉਣ ਲਈ ਆਖਿਆ ਜਾ ਰਿਹਾ ਹੈ। ਖੋਟਾ ਸਿੱਕਾ ਬਹੁਤ ਕਾਹਲੇ ਸੁਭਾਅ ਦਾ ਹੁੰਦਾ ਹੈ। ਜੇ ਇਹ ਜੇਬ ਵਿਚ ਪਿਆ ਹੋਵੇ ਤਾਂ ਇਹ ਹਰ ਵੇਲੇ ਇਸੇ ਕੋਸ਼ਿਸ਼ ਵਿਚ ਲੱਗਿਆ ਰਹਿੰਦਾ ਹੈ ਕਿ ਕਿਹੜਾ ਸਮਾਂ ਆਵੇ ਪਹਿਲੇ ਮੈਨੂੰ ਖਰਚਿਆ ਜਾਏ। ਆਦਮੀ ਦੀ ਇਹ ਕਮਜ਼ੋਰੀ ਵੀ ਹੈ ਕਿ ਪਹਿਲੇ ਖੋਟਾ ਨੋਟ ਹੀ ਚਲਾਇਆ ਜਾਏ। ਮੂਰਖ ਦੀ ਪ੍ਰਬਲ ਇੱਛਾ ਹੁੰਦੀ ਹੈ ਕਿ ਪਹਿਲੇ ਮੇਰੀ ਗੱਲ ਨੂੰ ਮਾਨਤਾ ਦਿੱਤੀ ਜਾਏ। ਖੋਟਾ ਤੇ ਮੂਰਖ ਇਕ ਸਿੱਕੇ ਦੇ ਦੋ ਪਹਿਲੂ ਹਨ। ਸਿੱਕੇ ਨੂੰ ਟਕਸਾਲ ਵਿਚ ਭੇਜਣਾ ਪੈਂਦਾ ਹੈ, ਉਸ ਦੀ ਖੋਟ ਮਾਰਨ ਲਈ ਤੇ ਮੂਰਖ ਨੂੰ ਸੰਗਤ ਵਿਚ ਲਿਆਉਣਾ ਪੈਂਦਾ ਹੈ। ਸ਼ਬਦ ਇਕ ਅਜਿਹੀ ਭੱਠੀ ਹੈ, ਜਿਹੜਾ ਵੀ ਇਸ ਵਿਚ ਪੈ ਗਿਆ, ਉਹ ਹੀ ਢਲ ਜਾਏਗਾ ਤੇ ਨਵਾਂ ਜੀਵਨ ਮਿਲ ਜਾਏਗਾ। ਸ਼ਬਦ ਦੇ ਗਿਆਨ ਰਾਹੀਂ ਅਸੀਂ ਆਪਣੇ ਆਪ ਨੂੰ ਸੰਵਾਰ ਸਕਦੇ ਹਾਂ :

**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ**
**ਮਨੁ ਭੀਨਾ ਨਿਜ ਘਰਿ ਆਵੈਗੋ ॥**
**ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ**
**ਨੀਝਰ ਧਾਰ ਚੁਆਵੈਗੋ ॥ ੩ ॥** *(੧੩੦੮)*

## ਸ੍ਰੀ ਅਕਾਲ ਤਖ਼ਤ, ਧਰਮ ਦੇ ਕੇਂਦਰ ਦੇ ਰੂਪ ਵਿਚ ਕਿਵੇਂ ਉਭਰੇ ?.........(ਸਫ਼ਾ 19 ਦੀ ਬਾਕੀ)

ਧਾਰਮਿਕ ਵਿਅਕਤੀਆਂ ਦੀ ਇਕ ਧਰਮ ਪ੍ਰਚਾਰ ਕੌਂਸਲ ਬਣਾਉਣੀ ਚਾਹੀਦੀ ਹੈ। ਜਿਸ ਲਈ ਧਰਮ ਪ੍ਰਚਾਰ ਪ੍ਰਤੀ ਨਿਸ਼ਠਾ ਨਾਲ ਹੀ ਕੰਮ ਕਰਨ ਵਾਲੇ ਵਿਅਕਤੀਆਂ ਦੇ ਨਾਂ ਇਕੱਤਰ ਕੀਤੇ ਜਾਣ। ਉਹਨਾਂ ਨਾਵਾਂ ਵਿਚ ਸੋਧ ਸੁਧਾਈ ਕਰਕੇ ਭਿੰਨ-ਭਿੰਨ ਅੰਗਾਂ ਲਈ ਧਰਮ ਪ੍ਰਚਾਰ ਕੌਂਸਲਾਂ ਦੀ ਰਚਨਾ ਕਰੇ। ਜਿਨ੍ਹਾਂ ਵੀ ਸੱਜਣਾਂ ਦੇ ਸ਼ੁਭ ਨਾਮ ਉਸ ਵਿਚ ਹੋਣ ਉਹਨਾਂ ਦੀ ਹਰ ਤਿਮਾਹੀ ਮੀਟਿੰਗ ਸੱਦੀ ਜਾਏ। ਸੁਝਾਅ ਲਏ ਜਾਣ। ਦੋ ਤਿੰਨ ਦਿਨਾਂ ਦੇ ਇਜਲਾਸ ਵਿਚ ਵਿਚਾਰ ਵਟਾਂਦਰੇ ਕਰਨ ਪਿਛੋਂ ਜ਼ਿੰਮੇਵਾਰੀਆਂ ਨਿਭਾਉਣ ਵਾਲੀਆਂ ਉਜਲ ਦੀਦਾਰੀ ਸ਼ਖਸੀਅਤਾਂ ਨੂੰ ਚੁਣ ਕੇ ਉਹਨਾਂ ਦੀਆਂ ਖੇਤਰੀ ਕਮੇਟੀਆਂ ਬਣਾ ਲਈਆਂ ਜਾਣ, ਨਾਲ ਹੀ ਮਾਇਆ ਦੀ ਉਗਰਾਹੀ ਲਈ ਪ੍ਰਤੀ ਜੀਅ ਸਹਾਇਤਾ ਕੇਵਲ ਧਰਮ ਪ੍ਰਚਾਰ ਲਈ ਭੇਜਣ ਦੇ ਐਲਾਨ ਕੀਤੇ ਜਾਣ। ਧਰਮ ਪ੍ਰਚਾਰ ਕੌਂਸਲ ਦੇ ਮੈਂਬਰ ਤੇ ਮੁਖੀ ਉਗਰਾਹੀ ਵੀ ਕਰਨ, ਬੰਦ ਹੋਈ ਦਸਵੰਧ ਦੀ ਰੀਤੀ ਬਹਾਲ ਕਰਨ ਲਈ ਨਰੋਏ ਉੱਦਮ ਅਰੰਭੇ ਜਾਣ, ਗੁਰੂ ਪੰਥ ਆਪਣੇ ਕਾਰਜ ਆਪ ਸੰਵਾਰੇਗਾ। ਪੰਥ ਦੀ ਚੜ੍ਹਦੀ ਕਲਾ ਹੋਵੇਗੀ।

# ਜ਼ਿੰਦਗੀ ਦਾ ਦੂਸਰਾ ਬਾਅਬ (ਵੈਰਾਗੀ ਤੋਂ ਖ਼ਾਲਸਾ)

ਹੁਸਨ-ਉਲ-ਚਰਾ.ਗ

ਰਜੌਰੀ (ਰਿਆਸੀ-ਜੰਮੂ-ਕਸ਼ਮੀਰ) ਦੇ ਇਲਾਕੇ ਦਾ ਇਕ ਵੈਰਾਗੀ ਜੋ ਆਪਣੇ ਜੀਵਨ ਵਿਚ ਸ਼ਿਕਾਰ ਕਰਨ ਦੌਰਾਨ ਵਾਪਰੀ ਘਟਨਾ ਕਾਰਨ ਉਦਾਸ ਹੋ ਦੂਰ ਦੱਖਣ ਦੇ ਨੰਦੇੜ ਇਲਾਕੇ ਵਿਚ ਇਕਾਂਤ ਜੀਵਨ ਜੀਅ ਰਿਹਾ ਸੀ। ਉਸ ਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣਾ, ਉਸ ਪਿਛੋਂ ਉਸਦਾ ਵੈਰਾਗੀ ਜੀਵਨ ਨੂੰ ਛੱਡ ਅੰਮ੍ਰਿਤਪਾਨ ਕਰ ਖ਼ਾਲਸਾ ਹੋ ਜਾਣਾ ਤੇ ਹੁਕਮ ਮੁਤਾਬਕ ਪੰਜਾਬ ਪਹੁੰਚਣਾ, ਇਹ ਗੁਰੂ ਕਾਲ ਤੋਂ ਬਾਅਦ ਸਿੱਖ ਇਤਿਹਾਸ ਵਿਚ ਪਹਿਲੇ ਤੇ ਨਵੇਂ ਬਾਅਬ (ਅਧਿਆਇ) ਦਾ ਸ਼ੁਰੂ ਹੋਣਾ ਸੀ। ਉਸ ਨੇ ਪੰਜਾਬ ਪਹੁੰਚ ਕੇ, ਖਿਲਰੇ ਸਿੱਖਾਂ ਨੂੰ ਇਕੱਠਾ ਕੀਤਾ, ਜਿਸਦੀ ਤਾਕਤ ਨਾਲ ਉਸ ਨੇ ਸਰਹੰਦ ਸ਼ਹਿਰ ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਜਿਊਂਦੇ ਜੀਅ ਕੰਧ ਵਿਚ ਚਿਣ ਦਿੱਤੇ ਗਏ ਸਨ, ਉਸ ਸ਼ਹਿਰ ਦੀ ਇੱਟ ਨਾਲ ਇੱਟ ਵਜਾ ਦਿੱਤੀ। ਬੰਦਾ ਸਿੰਘ ਬਹਾਦਰ ਸਰਹੰਦ ਤੱਕ ਹੀ ਮਹਿਦੂਦ ਨਾ ਰਿਹਾ, ਸਗੋਂ ਉਸ ਦੀ ਸਿੱਖ ਫ਼ੌਜ ਨੇ ਪੱਛਮੀ ਯੂ. ਪੀ., ਹੁਣ ਦੇ ਹਰਿਆਣਾ ਤੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਅਜਿਹੀ ਤਾਕਤਵਰ ਫ਼ੌਜ ਇਸ ਤੋਂ ਪਹਿਲੇ ਸਿਰਫ਼ ਇਸਲਾਮੀ ਹਮਲਾਵਰਾਂ ਦੀ ਹੀ ਹੋਇਆ ਕਰਦੀ ਸੀ,...ਤੇ ਹੁਣ ਸੂਬਾ ਜਲੰਧਰ ਤੇ ਲਾਹੌਰ ਵੀ ਬੰਦਾ ਸਿੰਘ ਬਹਾਦਰ ਦੀ ਫ਼ੌਜ ਦੇ ਸਾਹਮਣੇ ਕੰਬ ਗਏ ਸਨ। ਸਾਰੇ ਸਿੱਖਾਂ ਤੇ ਭਾਰਤ ਵਾਸੀਆਂ ਵਾਸਤੇ ਇਹ ਤੁਲਨਾਤਮਕ ਘਟਨਾ ਹੈ ਕਿ ਇਕ ਮਨੁੱਖ ਜਿਸ ਨੇ ਆਪਣੇ ਮਨੁੱਖੀ ਗੁਣਾਂ ਤੇ ਤਾਕਤ ਨੂੰ ਵਿਸਾਰ, ਵੈਰਾਗੀ ਜੀਵਨ ਧਾਰਿਆ ਹੋਵੇ, ਉਹ ਅੰਮ੍ਰਿਤਪਾਨ ਤੋਂ ਬਾਅਦ ਐਨਾ ਸ਼ਕਤੀਸ਼ਾਲੀ, ਤਲਵਾਰ-ਖੰਡੇ ਦਾ ਧਨੀ, ਘੋੜ ਸਵਾਰ ਤੇ ਪ੍ਰਬੰਧਕ ਵੀ ਹੋ ਸਕਦਾ ਹੈ। ਹਰੇਕ ਸਿੱਖ ਨੇ ਜੇ ਸਿੱਖੀ ਵਿਚ ਸ-ਸ਼ਕਤ ਹੋਣਾ ਹੈ ਤਾਂ ਉਹ ਆਪਣੇ ਮਨੋਬਲ ਨੂੰ ਬੰਦਾ ਸਿੰਘ ਬਹਾਦਰ ਦੇ ਦੋ ਹਿੱਸਿਆਂ ਵਿਚ ਵੰਡੇ ਪਏ ਜੀਵਨ ਨੂੰ ਪੜ੍ਹੇ, ਪਰਖੇ, ਸੋਚੇ ਤੇ ਆਪਣੇ ਆਪ ਨੂੰ ਉਨ੍ਹਾਂ ਨਾਲ ਤੋਲੇ। ਉਸ ਦਾ ਪਹਿਲੇ ਦਾ ਵੈਰਾਗੀ ਜੀਵਨ ਜੋ ਗੁਨਾਹ ਦੇ ਭਾਰ ਥੱਲੇ ਪਸ਼ਚਾਤਾਪ ਤੇ ਭ੍ਰਮਣ ਕਰਦੇ ਹੋਏ ਮਨੁੱਖੀ ਜੀਵਨ ਤਿਆਗ, ਸਿਰਫ਼ ਖਾਣ-ਪੀਣ ਤੱਕ ਮਹਿਦੂਦ ਹੋ ਚੁੱਕਾ ਸੀ ਅਤੇ ਅੰਮ੍ਰਿਤਪਾਨ ਤੋਂ ਬਾਅਦ ਦਾ ਜੀਵਨ ਜੋ ਨਿਆਂ ਬਹਾਲ ਕਰਨ ਤੇ ਅਪਮਾਨਤ ਹੋ ਰਹੇ ਜੀਵਨ ਨੂੰ ਮਨੁੱਖੀ ਜੀਵਨ ਦਾ ਦਰਜਾ ਦੇਣ ਲਈ ਪੰਜਾਬ ਦੇ ਹਾਲਾਤ ਤੇ ਸਮਾਜ ਨੂੰ ਬਦਲ ਰਿਹਾ ਸੀ। ਪਰ ਅੱਜ ਦਾ ਨਿਓ ਸਿੱਖ (Neo-Sikh) ਅੰਮ੍ਰਿਤ ਦੇ ਉਸ ਤੇਜ ਨੂੰ ਜਿਸ ਨੇ ਵੈਰਾਗੀ ਤੋਂ ਬੰਦਾ ਸਿੰਘ ਬਹਾਦਰ ਮਹਾਨ ਜੋਧਾ ਬਣਾ ਦਿੱਤਾ ਸੀ, ਨੂੰ ਭੁੱਲ ਕੇ ਬੇਮਾਹਨੇ ਕਰ ਰਿਹਾ ਹੈ। ਅੱਜ ਦਾ ਸਿੱਖ ਬੰਦਾ ਸਿੰਘ ਬਹਾਦਰ ਦੀ ਜ਼ਿੰਦਗੀ ਦੇ ਪਹਿਲੇ ਬਾਅਬ ਤੇ ਉਸ ਦੀ ਜ਼ਿੰਦਗੀ ਦੇ ਦੂਜੇ ਬਾਅਬ ਦੇ ਫਰਕ ਤੋਂ ਬੇਖ਼ਬਰ ਹੈ। ਸਿੱਖਾਂ ਦੀ ਨਵੀਂ ਪਨੀਰੀ ਨੂੰ ਜ਼ਿੰਦਗੀ ਦੇ ਇਸ ਮਹਾਂ-ਬਦਲਾਵ (ਬਿਗ-ਬੈਂਗ-ਆਫ਼ ਲਾਈਫ਼) ਦਾ ਤਾਂ ਪਤਾ ਹੀ ਨਹੀਂ। ਨਿਓ ਸਿੱਖ ਉਸ ਦੇ ਜੀਵਨ ਦੇ ਦੋਹਾਂ ਪੱਖਾਂ ਤੇ ਫ਼ਰਕਾਂ ਤੋਂ ਨਾ-ਵਾਕਫ਼ ਹਨ। ਵਧੇਰੇ ਸਿੱਖਾਂ ਨੂੰ ਤਾਂ ਭੁੱਲ ਗਿਆ ਹੈ ਕਿ ਬੰਦਾ ਸਿੰਘ ਬਹਾਦਰ ਹੈ ਹੀ ਕੌਣ? ਸਗੋਂ ਉਸ ਦੀ ਸਾਰੀ ਫ਼ੌਜੀ ਕਾਰਵਾਈ ਤੇ ਪੰਜਾਬ ਵਿਚ ਸਿੱਖੀ ਨੂੰ ਬਹਾਲ ਕਰਨ ਦੇ ਕਾਰਨਾਮੇ ਨੂੰ ਉਲਝਣਾਂ, ਵਹਿਮਾਂ ਤੇ ਉਸ ਦੀ ਸਾਰੀ ਕੀਤੀ ਨੂੰ, ਕਈ ਸਿੱਖ ਖੇਤਰਾਂ ਵਿਚ ਬਦਨਾਮ ਕਰਨ ਦੀ ਵੱਡੀ ਚਰਚਾ ਹੈ ਤੇ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਵੱਡਾ ਹਿੱਸਾ ਸਿੱਖ ਮੰਨਣ ਤੋਂ ਸ਼ੰਕਾ ਤੇ ਸੰਕੋਚ ਕਰ ਰਿਹਾ ਹੈ—ਨਤੀਜਨ 'ਬੈਰਾਗੀ ਬਰਾਦਰੀ' ਬੰਦਾ ਸਿੰਘ ਬਹਾਦਰ ਨੂੰ ਅਪਣਾ ਕੇ ਉਸ ਦੇ ਨਾਮ ਉੱਤੇ ਭਵਨ ਤੇ ਸੰਸਥਾਵਾਂ ਖੜ੍ਹੀਆਂ ਕਰ ਰਹੀ ਹੈ, ਤੇ ਉਸ ਦੀਆਂ ਸ਼ਤਾਬਦੀਆਂ ਮਨਾਉਣ ਲੱਗ ਪਏ ਹਨ। ਪਰ ਇਕ ਗੱਲ ਬੈਰਾਗੀ ਬਰਾਦਰੀ ਤੇ ਸਿੱਖ ਘੋਖ ਕਰਨ ਦੀ ਕੋਸ਼ਿਸ਼ ਕਰਨ—ਪਹਿਲੀ, ਕਿ ਜੇ ਬੰਦਾ ਬੈਰਾਗੀ ਰਹਿੰਦਾ ਤਾਂ ਉਸ ਨੇ ਲਛਮਣਦਾਸ ਹੀ ਰਹਿਣਾ ਸੀ ਤੇ ਉਸ ਦੇ ਬਾਕੀ ਜੀਵਨ ਦਾ ਅੰਤ ਵੈਰਾਗ ਵਿਚ ਹੀ ਗੁਜ਼ਰਨਾ ਸੀ ਤੇ ਜੇਕਰ ਉਹ ਉਸ (ਮਾਧੋ ਦਾਸ ਵੈਰਾਗੀ) ਨੂੰ ਬਤੌਰ ਬੰਦਾ ਸਿੰਘ ਅਪਣਾਅ ਕੇ ਉਸ ਦੇ ਨਾਂ ਉੱਤੇ ਸੰਸਥਾਵਾਂ, ਸਭਾਵਾਂ ਸਥਾਪਤ ਤੇ ਭਵਨ ਉਸਾਰਨਾ ਚਾਹੁੰਦੇ ਹਨ ਤਾਂ ਬੈਰਾਗੀ ਬਰਾਦਰੀ ਨੂੰ ਯਾਦ ਰਹੇ ਕਿ ਬੰਦਾ ਸਿੰਘ ਨੇ ਜਿਸ ਦਿਨ ਅੰਮ੍ਰਿਤ ਛਕ ਕੇ ਖ਼ਾਲਸਾਈ ਰੂਪ ਧਾਰਨ ਕੀਤਾ, ਉਸ ਦਾ ਵੈਰਾਗੀ ਸੁਭਾਅ ਤੇ ਜੀਵਨ ਉਸੇ ਦਿਨ ਮੁੱਕ ਗਿਆ ਸੀ ਤੇ ਉਹ ਹੁਣ ਬੰਦਾ ਸਿੰਘ ਬਹਾਦਰ ਜਰਨੈਲ ਸੀ। ਇਤਿਹਾਸ ਤੇ ਸਮਾਜ ਦੋਵੇਂ ਸਾਡੇ ਸਾਹਮਣੇ ਹਨ ਕਿ ਨਾ ਤਾਂ ਬੰਦਾ ਸਿੰਘ ਬਹਾਦਰ ਤੋਂ ਪਹਿਲੇ ਤੇ ਨਾ ਹੀ ਕੋਈ ਵੈਰਾਗੀ ਬਰਾਦਰੀ ਦਾ ਬਾਅਦ ਵਿਚ ਬੰਦਾ ਸਿੰਘ ਦੀ ਤਾਕਤ ਦੇ ਨੇੜੇ ਪਹੁੰਚ ਸਕਿਆ। ਇਹ ਤੇਜ-ਓ-ਤਾਪ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦਾ ਸੀ, ਤੇ ਦੂਸਰੇ ਸਿੱਖ ਵੀ ਇਸ ਨੁਕਤੇ 'ਤੇ ਸੋਚਣ ਕਿ ਜੇਕਰ ਬੰਦਾ ਸਿੰਘ ਬਹਾਦਰ ਪੰਜਾਬ ਨਾ ਪਹੁੰਚ ਪਾਉਂਦਾ ਜਾਂ ਪੰਜਾਬ ਪਹੁੰਚ ਕੇ ਸਿੱਖ ਮਿਸ਼ਨ ਵਿਚ ਕਾਮਯਾਬ ਨਾ ਹੁੰਦਾ ਤਾਂ ਸਿੱਖ ਤੇ ਹਿੰਦੂ ਕੌਮ ਦਾ ਇਤਿਹਾਸ ਹੀ ਕੁਝ ਹੋਰ ਹੋਣਾ ਸੀ। ਸ਼ਾਇਦ ਸਿੱਖ ਮਿਸਲਾਂ ਦੀ ਤਾਕਤ ਦਾ ਮੁੱਢ ਹੀ ਨਾ ਬੱਝ ਸਕਦਾ। ਕੁਝ ਵੀ ਹੋਵੇ ਫ਼ੌਜੀ ਕਾਰਵਾਈਆਂ ਸਮੇਂ ਅਤੇ ਫ਼ੌਜੀ ਦਿਮਾਗਾਂ (ਜਰਨੈਲ) ਤੋਂ ਕਈ ਵਾਰ ਲਫ਼ਜ਼ ਵਾਧੂ ਘਾਟੂ ਕਹਿ ਜਾਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਅਤੇ ਸਮਾਜਿਕ ਤੇ ਧਾਰਮਿਕ ਵਿਦਵਾਨਾਂ ਨੂੰ ਫ਼ੌਜੀ ਦਿਮਾਗਾਂ ਦੇ ਅਜਿਹੇ ਹੁਕਮਾਂ ਜਾਂ ਬੋਲਾਂ ਦੀ ਘੋਖ ਸ਼ਾਸਤਰੀਏ ਢੰਗ ਨਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਫ਼ੌਜੀ ਕਾਰਵਾਈਆਂ ਦੀ ਕਿਰਿਆ ਤੇ ਨੀਤੀ ਸਮਾਜਿਕ ਤੇ ਧਾਰਮਿਕ ਨੀਤੀਆਂ ਵਰਗੀ ਨਾ ਹੋ ਕੇ ਵੱਖਰੀ ਕਿਸਮ ਦੀ ਹੁੰਦੀ ਹੈ...ਅਤੇ ਹਿੰਦੂਆਂ ਉੱਤੇ ਉਹੀ ਅਸਰ ਹੋਣਾ ਸੀ ਕਿ ਜੋ ਬਾਬੇ ਬੁੱਲ੍ਹੇ ਨੇ ਕਿਹਾ ਸੀ ਕਿ..."ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ, ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਬ ਕੀ।" ਪਿਸ਼ਾਵਰ ਤੋਂ ਦਿੱਲੀ ਤੱਕ ਕੋਈ ਹਿੰਦੂ ਮੰਦਰ ਨਹੀਂ ਸੀ ਰਿਹਾ, ਜੋ ਨਜ਼ਰ ਆਉਂਦੇ ਹਨ ਉਹ ਸਿੱਖ ਰਾਜ ਅਤੇ ਅੰਗਰੇਜ਼ ਰਾਜ ਸਮੇਂ ਦੁਬਾਰਾ ਬਣੇ ਹਨ। ਮੰਦਰਾਂ ਤੋਂ ਬਾਅਦ ਵਾਰੀ ਸੀ ਲੋਕਾਂ ਦੀ ਜੋ ਵੀ ਸਾਰੇ ਮੁਸਲਮਾਨ ਹੋ ਜਾਣੇ ਸਨ ਪਰ ਇਸ ਬਦਲਾਵ ਨੂੰ ਰੋਕਣ ਵਾਲੇ ਖ਼ਾਲਸਾ ਪੰਥ ਅਤੇ ਜੋ ਕਾਰਜ ਬੰਦਾ ਸਿੰਘ ਨੇ ਅਰੰਭਿਆ ਤੇ ਅੱਗੇ ਮਿਸਲਾਂ ਨੇ ਜਾਰੀ ਰੱਖ ਕੇ ਸਿੱਖ ਰਾਜ ਦੀ ਸਥਾਪਨਾ ਕਰ ਲਈ ਇਹ ਸਿੱਖਾਂ ਦੇ ਰਾਜ ਸਥਾਪਨਾ ਨਾਲੋਂ ਹਿੰਦੂਆਂ ਦੇ ਹਿੰਦੂ ਬਣੇ ਰਹਿਣ ਲਈ ਬੰਦਾ ਸਿੰਘ ਤੇ ਮਿਸਲਾਂ ਦਾ ਮਹਾਨਤਮ ਕਾਰਜ ਸੀ। ਇਸ ਤਰ੍ਹਾਂ ਜੋ ਲੋਕ ਬੰਦਾ ਸਿੰਘ ਨੂੰ ਬਰਾਦਰੀ ਦੇ ਤੌਰ 'ਤੇ ਅਪਣਾਉਣਾ ਚਾਹੁੰਦੇ ਹਨ ਅਤੇ ਸਿੱਖਾਂ ਦਾ ਉਹ ਹਿੱਸਾ ਜੋ ਬੰਦਾ ਸਿੰਘ ਲਈ ਸੰਕੋਚ ਵਰਤਦਾ ਹੈ ਉਹ ਜੋ ਮਰਜ਼ੀ ਕਹਿਣ ਤੇ ਕਰਨ ਪਰੰਤੂ ਬੰਦਾ ਸਿੰਘ ਬਹਾਦਰ ਨੇ ਸਮਾਜ, ਇਤਿਹਾਸ ਤੇ ਨਵੇਂ ਜੀਵਨ ਬਾਅਬ ਦੀ ਜੋ ਪੰਜਾਬ ਵਿਚ ਨੀਂਹ ਰੱਖੀ ਉਸਨੂੰ ਕੋਈ ਖਦੇੜ ਨਹੀਂ ਸਕਦਾ।

ਸਿੱਖਾਂ ਨੂੰ ਇਹ ਸਿਧਾਂਤ ਯਾਦ ਰਹੇ ਕਿ ਸਿੱਖ ਦਾ ਜਨਮ ਕੁੱਖ 'ਚੋਂ ਨਹੀਂ ਬਲਕਿ ਬੰਦਾ ਸਿੰਘ ਬਹਾਦਰ ਵਰਗੇ ਸਿੱਖ ਦੀ ਜ਼ਿੰਦਗੀ ਦੇ ਦੋ ਵੱਖਰੇ

ਪੱਖਾਂ ਦੇ ਫ਼ਰਕ 'ਚੋਂ ਪੈਦਾ ਹੁੰਦਾ ਹੈ ਤੇ ਉਸ ਫ਼ਰਕ ਨੂੰ ਪੈਦਾ ਕਰਨ ਵਾਲਾ ਤੇਜ-ਏ-ਅੰਮ੍ਰਿਤ (ਆਬ-ਏ-ਹਯਾਤ) ਹੈ, ਜੋ ਵੈਰਾਗੀ ਨੇ ਲਿਆ ਤੇ ਬੰਦਾ ਸਿੰਘ ਬਹਾਦਰ ਹੋ ਗਿਆ।

ਕੋਈ ਦੇਗ਼ ਵਿਚ ਉਬਾਲ ਦਿੱਤਾ ਗਿਆ, ਕਿਸੇ ਦੇ ਬੰਦ-ਬੰਦ ਕੱਟੇ ਗਏ, ਮਾਸੂਮ ਟੋਟੇ ਕਰਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਗਏ। ਸਿਦਕ ਤੇ ਸਬਰ ਦੀ ਪਰਖ ਵਜੋਂ ਸਿੱਖਾਂ ਦੇ ਜਬਰਨ ਦਾਹੜੀਆਂ ਤੇ ਕੇਸ ਸਾਫ ਕਰਨ ਦੇ ਹੁਕਮ ਹੁੰਦੇ—ਜੋ ਇਨਕਾਰ ਕਰਦਾ ਉਸ ਲਈ ਹੁਕਮ ਹੁੰਦਾ ਕਿ ਵਾਲਾਂ ਸਮੇਤ ਇਸ ਦੀ ਖੋਪੜੀ ਉਤਾਰ ਦਿੱਤੀ ਜਾਏ...ਤੇ ਖੋਪੜੀਆਂ ਉਤਾਰ ਦਿੱਤੀਆਂ ਗਈਆਂ। ਉਸ ਯੁਗ ਦੇ ਉਨ੍ਹਾਂ ਸਾਰੇ ਸਿੱਖਾਂ ਦੇ ਸਿੱਖੀ ਸਿਦਕ ਕਾਰਨਾਮਿਆਂ ਨੂੰ ਰੋਜ਼-ਮਰਾਹ ਦੀ ਸਿੱਖ ਅਰਦਾਸ ਵਿਚ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਉਨ੍ਹਾਂ, ਜਿੰਨ੍ਹਾਂ ਬੰਦ-ਬੰਦ ਕਟਵਾਏ, ਪੀਸਣੇ ਪੀਸੇ, ਉਬਾਲੇ ਗਏ ਜਾਂ ਖੋਪੜੀਆਂ ਲੁਹਾਈਆਂ ਉਨ੍ਹਾਂ ਇਹ ਸਭ ਕੁਝ ਇਸ ਲਈ ਨਹੀਂ ਸੀ ਕੀਤਾ ਕਿ ਉਹ ਸਿੱਖ ਰਾਜ ਸਥਾਪਤ ਹੋਣ ਜਾਂ ਜਮਹੂਰੀਅਤ ਦੇ ਯੁੱਗ ਵਿਚ, ਅਕਾਲੀ ਸਰਕਾਰ ਬਣਨ 'ਤੇ ਉਨ੍ਹਾਂ ਜਾਂ ਉਨ੍ਹਾਂ ਦੀ ਔਲਾਦ ਨੂੰ ਵਜ਼ੀਰ ਜਾਂ ਮੰਤਰੀ ਬਣਾਇਆ ਜਾਇਗਾ ਜਾਂ ਸਿੱਖੀ ਸਿਦਕ ਨਿਭਾਉਣ ਦੇ ਬਦਲੇ ਉਨ੍ਹਾਂ ਦੇ ਵਾਰਸਾਂ ਨੂੰ, ਅੱਜਕੱਲ੍ਹ ਵਾਂਗੂੰ ਦੋ ਲੱਖ ਰੁਪਏ ਬਤੌਰ ਮੁਆਵਜ਼ਾ ਜਾਂ ਧੀ-ਪੁੱਤ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇ ਦਿੱਤੀ ਜਾਵੇਗੀ। ਤਸੀਹੇ ਦੇਣ ਤੋਂ ਪਹਿਲੇ ਉਨ੍ਹਾਂ ਨੂੰ ਦੀਨ ਕਬੂਲਣ, ਜਨਅਤ ਦੇ ਨਜ਼ਾਰੇ ਤੇ ਦੂਸਰੇ ਪਾਸੇ ਤਸੀਹੇ ਦੇ ਖ਼ੌਫ਼ ਦਾ ਨਮੂਨਾ ਪੇਸ਼ ਕੀਤਾ ਜਾਂਦਾ ਸੀ, ਪਰ ਉਹ ਲਾਲਚ ਤੇ ਭੈਅ ਦੇ ਨਮੂਨੇ ਵੇਖਣ ਤੋਂ ਬਾਅਦ ਵੀ ਸਾਬਤੀ ਤੋਂ ਨਹੀਂ ਸਨ ਡੋਲਦੇ। ਮੈਨੂੰ ਇੰਜ ਲਗਦਾ ਹੈ ਜਿਵੇਂ ਇਹ ਸ਼ੇਅਰ ਉਨ੍ਹਾਂ ਨੇ ਜ਼ੁਲਮ ਤੇ ਭੈ ਦੇ ਬਰਖ਼ਿਲਾਫ਼ ਕਿਹਾ ਹੋਵੇ : **"ਮੈਂ ਸੰਗ-ਏ-ਬੁਨਿਆਦ ਕਾ ਪੱਥਰ ਹੂੰ, ਮੁਝੇ ਜ਼ਲਜ਼ਲੋਂ ਕਾ ਖ਼ੌਫ਼ ਨਹੀਂ।"** ਔਰ ਉਨ ਬੇ-ਖ਼ੌਫ਼ ਲੋਗੋਂ ਨੇ ਵਾਕਿਆ ਹੀ ਖ਼ੌਫ਼ ਕੀ ਹਕੀਕਤ ਵਾ ਮੌਜੂਦਗੀ ਕੋ ਮਨਜ਼ੂਰ ਨਾ ਕੀਆ। ਪਰ ਜੋ ਖਿਲਵਾੜ ਵਾਰਸਾਂ ਨੇ ਖਿਲਾਰਿਆ ਉਹ ਸਭ ਦੇ ਰੂ-ਬ-ਰੂ ਹੈ। ਇਥੇ ਫਿਰ ਮੈਂ ਇਕ ਮਿਸਾਲ ਪੇਸ਼ ਕਰਕੇ ਅੱਗੇ ਟੁਰਾਂਗਾ। ਉਹ ਇਸ ਤਰ੍ਹਾਂ ਹੈ ਕਿ ਮੱਧ-ਕਾਲ ਦੇ ਸਮੇਂ ਅਕਾਲ ਪੈ ਗਿਆ ਤੇ ਖ਼ੁਰਾਕ ਵਾ ਤੇਲ ਅਵਾਮ ਵਿਚ ਤਕਸੀਮ ਕਰਨ ਦੇ ਬਾਦਸ਼ਾਹ ਨੇ ਹੁਕਮ ਦਿੱਤੇ। ਤੇਲ ਲਈ ਬਰਤਨ ਚਾਹੀਦਾ ਸੀ। ਕਿਸੇ ਇਕ ਕੋਲ ਬਰਤਨ ਨਹੀਂ ਸੀ ਤੇ ਉਸਨੇ ਜੁੱਤੀ ਅੱਗੇ ਕਰ ਦਿੱਤੀ।...ਜਨਾਬ ਇਸ ਵਿਚ ਪਾ ਦਿਉ ਪਰ ਜੁੱਤੀ ਵਾਲਾ ਤੇਲ ਤੂੰ ਕਰੇਂਗਾ ਕੀਹ ?—ਜੀ ਮੁਫ਼ਤ ਦਾ ਹੈ ਕਿਸੇ ਕੰਮ ਤਾਂ ਆ ਹੀ ਜਾਏਗਾ। ਜਿਸ ਕੋਲ ਸਬਰ ਤੇ ਸਾਬਤੀ ਨਹੀਂ, ਉਹ ਕੁਝ ਵੀ ਕਰ ਸਕਦਾ ਹੈ ਤੇ ਨੀਵੇਂ ਤੋਂ ਨੀਵਾਂ ਹੋ ਡਿੱਗ ਸਕਦਾ ਹੈ। ਆਦਿ ਤੋਂ 1960 ਤੱਕ ਸਿੱਖ—ਸਿੱਖ ਸਨ ਤੇ 1960 ਤੋਂ ਬਾਅਦ ਹੌਲੀ-ਹੌਲੀ ਸਿੱਖਾਂ ਦੀ ਨਵੀਂ ਪਨੀਰੀ ਨੇ ਆਪਣੇ ਆਪ ਨੂੰ ਤਬਦੀਲ ਕਰ ਲਿਆ ਹੈ ਤੇ ਉਹ ਨਵੀਂ ਵਿਚਾਰਧਾਰਾ ਪੇਸ਼ ਕਰਨ ਲੱਗ ਪਏ ਹਨ ਕਿ ਕੀਹ ਸਿੱਖੀ ਕੇਸਾਂ, ਕਿਰਪਾਨ ਜਾਂ ਪੱਗ ਵਿਚ ਹੈ ? ਇਹ ਮਨ ਵਿਚ ਹੋਣੀ ਚਾਹੀਦੀ ਹੈ। ਜੋ ਸਿੱਖ ਅਜਿਹੇ ਖ਼ਿਆਲਾਤ ਪੇਸ਼ ਕਰਨ ਲੱਗੇ ਹਨ ਉਨ੍ਹਾਂ ਨੂੰ ਮੈਂ ਨਿਓ-ਸਿੱਖ (Neo-Sikh) ਦੀ ਪਾਲ ਵਿਚ ਰੱਖ ਲਿਆ ਹੈ। ਪਰ ਪੂਰਵ ਸਮੇਂ, ਖੁਦਾਵੰਦ ਦੀ ਮਿਹਰ ਸੀ ਕਿ ਅਜਿਹੇ ਖ਼ਿਆਲਾਤ ਦੇ ਲੋਕ ਭਾਈ ਤਾਰੂ ਸਿੰਘ ਦੇ ਸਮੇਂ ਨਹੀਂ ਸਨ; ਨਹੀਂ ਤਾਂ ਉਨ੍ਹਾਂ ਉਸ ਨੂੰ ਵੀ ਸਮਝਾ ਦੇਣਾ ਸੀ ਕਿ ਸਿੱਖੀ ਸਰੂਪ ਵਿਚ ਨਹੀਂ, ਮਨ ਵਿਚ ਹੋਣੀ ਚਾਹੀਦੀ ਹੈ। ਪਰ ਉਹ ਸਿੱਖ ਸੀ, ਨਿਓ ਨਹੀਂ। ਜੁੱਤੀ ਵਿਚ ਤੇਲ ਲੈਣ ਦੇ ਲਾਲਚ ਵਾਂਗੂੰ ਅੱਜ ਦੇ ਨਿਓ ਸਿੱਖ ਤਾਂ ਪਹਿਚਾਨ, ਈਮਾਨ, ਆਨ ਤੇ ਸਿੱਖੀ ਤੇਜ ਜਿਸਦੀ ਬਦੌਲਤ ਸਾਰੇ ਵੱਡੇ ਛੋਟੇ ਸਿੱਖਾਂ ਨੂੰ ਸਰਦਾਰੀ ਤੇ ਰੁਤਬੇ ਹਾਸਲ ਹੋਏ ਸੀ, ਫਾਇਦੇ ਦੇ ਬਦਲੇ ਛੱਡਣ ਲਈ ਤਿਆਰ ਖੜ੍ਹੇ ਹਨ, ਬ-ਸ਼ਰਤੇ ਕੋਈ ਕੁਝ ਦੇਵੇ ਤਾਂ ਸਹੀ, ਭਾਵੇਂ ਕਿਸੇ ਪਾਰਟੀ ਦਾ ਅਹੁਦਾ ਹੈ ਜਾਂ ਪੰਚੀ-ਸਰਪੰਚੀ। ਵਿਦੇਸ਼ ਜਾਣ ਲਈ ਤਾਂ ਸਿੱਖ ਸਭ ਕੁਝ ਹੀ ਕਰਨ ਨੂੰ ਤਿਆਰ ਹਨ। ਭਾਈ ਤਾਰੂ ਸਿੰਘ ਤੇ ਨਲਵੇ ਦੇ ਪੈਰੋਕਾਰ ਕਿਵੇਂ ਚੋਰ ਦਰਵਾਜ਼ਿਆਂ ਤੇ ਹਨੇਰਿਆਂ ਵਿਚ ਸਮੁੰਦਰ ਪਾਰ ਕਰਨ ਦੀਆਂ ਬੇੜੀਆਂ ਦੇ ਜ਼ਰੀਏ ਸ਼ਕਲਾਂ ਬਦਲ ਕੇ ਵਿਦੇਸ਼ਾਂ ਵਿਚ ਪਹੁੰਚਣ ਲਈ, ਵਿਦੇਸ਼ੀ ਜੇਲ੍ਹਾਂ ਤੇ ਸਮੁੰਦਰਾਂ ਵਿਚ ਡੁੱਬ ਰਹੇ ਹਨ....। ਤੇ ਪੀਸਨੇ-ਪੀਸਣ ਵਾਲੀਆਂ ਦੀਆਂ ਵਾਰਸ ਬੀਬੀਆਂ ਵਿਦੇਸ਼ ਜਾਣ ਲਈ ਕਿਸੇ ਵੀ ਐਮ. ਪੀ. ਜਾਂ ਦਲਾਲ ਨਾਲ ਇਥੇ ਭਾਰਤ ਵਿਚ ਹੀ ਫ਼ਰਜ਼ੀ ਜਾਂ ਬਿਨਾਂ ਵਿਆਹ ਕਰਾਏ ਉਨ੍ਹਾਂ ਨਾਲ ਰਾਤਾਂ ਬਿਤਾਉਣ ਨੂੰ ਤਿਆਰ ਹਨ ਕਿ ਉਹ ਉਨ੍ਹਾਂ ਨੂੰ ਕੈਨੇਡਾ-ਅਮਰੀਕਾ ਪਹੁੰਚਾ ਦੇਵੇ। ਭਰਾ ਜਾਂ ਮਾਪੇ ਆਪਣੀਆਂ ਬੀਬੀਆਂ ਨੂੰ ਅਜਿਹੇ ਲੋਕਾਂ ਦੇ ਘਰ ਖੁਦ ਛੱਡ ਕੇ ਆਉਂਦੇ ਹਨ। ਗੁਜਰਾਤ ਦੇ ਐਮ. ਪੀ. ਤੇ ਕਪੂਰਥਲਾ ਦੀ ਬੀਬੀ ਦਾ ਕੇਸ ਤੁਹਾਡੇ ਸਾਹਮਣੇ ਹੈ।

ਨਿਓ-ਸਿੱਖਇਜ਼ਮ (Neo-Sikhism) ਨਾ ਤਾਂ ਇਹ ਨਵੇਂ ਖ਼ਿਆਲਾਤ ਹਨ, ਨਾ ਕੋਈ ਵਿਚਾਰਧਾਰਾ ਹੈ ਤੇ ਨਾ ਹੀ ਇਹ ਕੋਈ ਸਿੱਖੀ ਲਹਿਰ ਬਲਕਿ ਇਹ ਸਿੱਖ ਨੌਜੁਆਨਾਂ ਵਿਚ ਬਿਨਾਂ ਉਦੇਸ਼ ਤੋਂ ਪੈਦਾ ਹੋਈਆਂ ਖੁਆਹਸ਼ਾਂ ਦਾ ਅੰਨ੍ਹਾ ਉਭਾਰ ਹੈ।...ਤੇ ਇਨ੍ਹਾਂ ਬਿਨਾਂ ਉਦੇਸ਼ ਤੋਂ ਖਿਆਲੀ ਖੁਹਾਸ਼ਾਤ ਨੂੰ ਸਿਆਣੇ ਸਿੱਖ (Sikh Intellectuals) ਰੋਕਣ ਤੇ ਸੋਧਣ ਦਾ ਇਲਾਜ ਕਰਦੇ, ਸਗੋਂ ਸਿੱਖ ਕੌਮ ਦੇ ਮੋਹਰੀ ਖੁਦ ਆਪ ਆਪਣੀ ਹੀ ਔਲਾਦ ਨੂੰ ਚੰਗੀਆਂ ਉਪਾਧੀਆਂ ਉਤੇ ਸਥਾਪਤ ਕਰਨ ਵਿਚ ਰੁਝ ਗਏ ਹਨ ਤੇ ਇਸ ਸਮੇਂ ਠੀਕ ਉਹੀ ਹਾਲਾਤ ਪੈਦਾ ਹੋ ਗਏ ਹਨ ਜਿਵੇਂ ਭਾਈ ਗੁਰਦਾਸ ਜੀ ਨੇ ਕਿਹਾ ਸੀ ਸਿੱਧ (ਸਿਆਣੇ) ਲੋਕ ਤਾਂ ਠੰਡੇ ਪਰਬਤੀਂ ਜਾ ਵੱਸੇ ਨੇ...ਹੁਣ ਸਮਾਜ ਦਾ ਉਧਾਰ ਕੌਣ ਕਰੇ ਤੇ ਕਿਵੇਂ ਹੋਵੇ ? ਜੋ ਸਿਆਣਾ ਹੈ ਉਹ ਵਲੈਤ, ਕਨੇਡਾ, ਅਮਰੀਕਾ ਚਲਾ ਗਿਆ ਹੈ, ਜੇ ਉਹ ਇਥੇ ਤਾਂ ਉਹ ਖਾਮੋਸ਼ ਹੋ ਗਿਆ ਹੈ। ਬੰਦੇ ਦੇ ਖਾਮੋਸ਼ ਹੋਣ ਦੇ ਕਾਰਨ ਇਸ ਤਰ੍ਹਾਂ ਹਨ : ਮਨੁੱਖ ਭੈ ਕਾਰਨ ਖਾਮੋਸ਼ ਹੋ ਜਾਂਦਾ ਹੈ। ਕੁਝ ਕਮਜ਼ੋਰ ਦਿਲ ਸਿਆਣਿਆਂ ਨੂੰ ਮੌਜੂਦਾ ਜਾਂ ਭਵਿੱਖ ਵਿਚ ਦਿੱਤੇ ਜਾਣ ਵਾਲੇ ਲਾਲਚ ਵਿਚ ਬੰਨ੍ਹ ਕੇ ਉਨ੍ਹਾਂ ਦੀ ਸੋਚ-ਬੁਧ ਨੂੰ ਮਾਰ ਦਿੱਤਾ ਜਾਂਦਾ ਹੈ ਜਿਵੇਂ ਕਿ ਅੱਜਕੱਲ੍ਹ ਯੂਨੀਵਰਸਿਟੀਜ਼ ਦੇ ਪ੍ਰੋਫੈਸਰਜ਼ ਜਾਂ ਸਰਕਾਰੀ ਅਫ਼ਸਰ ਸਭ ਰਾਜਨੀਤਿਕ ਪ੍ਰਭਾਵ ਥੱਲੇ ਆ ਚੁੱਕੇ ਹਨ ਅਤੇ ਉਨ੍ਹਾਂ ਦੀ ਆਪਣੀ ਅਸਲ-ਬੁੱਧ ਤੇ ਜ਼ਮੀਰ ਮਰ ਚੁੱਕੀ ਹੈ ਤੇ ਸਾਰੇ ਪ੍ਰਬੰਧਕੀ ਅਫਸਰ ਹੁਣ ਚੁਸਤੀ, ਚਲਾਕੀ, ਹੁਸ਼ਿਆਰੀ ਤੇ ਤਰਕੀਬਾਂ ਬਣਾਅ ਸਿਆਸੀ ਲੀਡਰਾਂ ਦੇ ਯੈਸ-ਮੈਨ, ਹਾਂ ਵਿਚ ਹਾਂ ਰਲਾਉਣ ਵਾਲੇ ਬਣ ਚੁੱਕੇ ਹਨ। ਜੋ ਲੀਡਰਾਂ ਦੇ ਨਹੀਂ ਆਖੇ ਲਗਦਾ ਉਸ ਦੀ ਬਦਲੀ, ਇਨਕੁਆਰੀ, ਤੇ ਜੋ ਚਹੇਤੇ ਹਨ, ਉਨ੍ਹਾਂ ਨੂੰ ਚੰਗੀਆਂ ਕਮਾਊ ਥਾਵਾਂ ਤੇ ਰੀਟਾਇਰਮੈਂਟ ਤੋਂ ਬਾਅਦ ਮਰਨ ਸਮੇਂ ਤੱਕ ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਚੇਅਰਮੈਨ। ਜੇ ਜੱਜ ਸਨ ਤਾਂ ਇਨਕਵਾਰੀ ਕਮਿਸ਼ਨਾਂ ਦੇ ਚੇਅਰਮੈਨ ਤੇ ਜੇ ਸਰਵਿਸ ਸਮੇਂ ਸਖ਼ਤ ਸੁਭਾਅ ਸਨ ਤਾਂ ਉਨ੍ਹਾਂ ਲਈ ਮਾਯੂਸੀ ਤੇ ਤਕਲੀਫ਼ਾਂ।....ਹਾਂ...ਤਾਂ ਸਵਾਲ ਹੈ ਸਿਆਣਾ ਕੌਣ ਹੈ ? ਇਸ ਦੇ ਪਹਿਲੇ ਦੋ ਗੁਣ ਸਬਰ ਤੇ ਸਾਬਤੀ ਹਨ (Contentment and integrity)। ਜਿਸ ਨੂੰ ਸਬਰ ਹੈ ਉਹ ਲਾਲਚੀ ਨਹੀਂ ਹੋ ਸਕਦਾ ਤੇ ਜੋ ਸਾਬਤੀ ਵਾਲਾ ਹੈ ਉਸ ਨੂੰ ਤੋੜਿਆ, ਨਿਵਾਇਆ ਤੇ ਵੱਢੀਖ਼ੋਰ ਨਹੀਂ ਬਣਾਇਆ ਜਾ ਸਕਦਾ। ਤੀਸਰਾ ਗੁਣ ਹੈ ਨਿਡਰਤਾ (ਨਿਰਭਉ) (fearlessness) ਜੋ ਦਬਾਅ ਤੇ ਭੈ ਨੂੰ ਕਬੂਲੇ ਨਾ। ਤੇ ਚੌਥਾ ਗੁਣ ਹੈ ਨਾ-ਖਾਮੋਸ਼—ਕਹਿ ਦੇਣ ਵਾਲਾ (Exertive and Expressive) ਜੋ ਅਸੂਲਾਂ ਤੇ ਚਲਦੇ ਹੋਏ ਨਿਯਮਾਂ (rules) ਨੂੰ ਬਰਕਰਾਰ ਰੱਖੇ। ਜਿਸ ਮਨੁੱਖ ਕੋਲ ਸਬਰ, ਸਾਬਤੀ, ਨਿਰਭੈਤਾ ਤੇ ਬੋਲਣ ਦੀ ਤਾਕਤ ਨਹੀਂ ਉਸ ਮਨੁੱਖ ਨੂੰ ਸਿਆਣਿਆਂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਦੁਨੀਆਂ ਦਾ ਪਹਿਲਾ ਮਨੁੱਖ ਜਿਸ ਦਾ

ਸਬਰ, ਸਾਬਤੀ ਤੇ ਨਿਰਭੈਤਾ ਤੋੜੀ ਨਾ ਜਾ ਸਕੀ ਤੇ ਬੋਲਣੋਂ ਖਾਮੋਸ਼ ਨਾ ਕੀਤਾ ਜਾ ਸਕਿਆ, ਉਹ ਸੁਕਰਾਤ ਸੀ ਜਿਸ ਤੋਂ ਸਮੇਂ ਦੀ ਸਰਕਾਰ ਨੂੰ ਭੈ ਪੈਦਾ ਹੋ ਗਿਆ। ਸਰਕਾਰਾਂ ਬਲ, ਹਥਿਆਰ ਜਾਂ ਫੌਜਾਂ ਤੋਂ ਨਹੀਂ ਡਰਦੀਆਂ, ਉਨ੍ਹਾਂ ਨਾਲ ਲੜ ਸਕਦੀਆਂ ਹਨ ਪਰ ਸਰਕਾਰਾਂ ਤੇ ਸਿਆਸਤਦਾਨ ਦੁਨੀਆਂ ਦੇ ਸਿਆਣੇ ਬੰਦਿਆਂ ਤੋਂ ਡਰਦੇ ਹਨ ਕਿਉਂਕਿ ਵਿਚਾਰ ਨੂੰ ਹਥਿਆਰ ਜਾਂ ਫ਼ੌਜ ਨਾਲ ਜਿੱਤਿਆ ਜਾ ਬਦਲਿਆ ਨਹੀਂ ਜਾ ਸਕਦਾ। ਸਰਕਾਰ ਨੇ ਸੁਕਰਾਤ ਉੱਤੇ ਤਿੰਨ ਸ਼ਰਤਾਂ ਦੀ ਪਾਬੰਦੀ ਲਾ ਦਿੱਤੀ :

(i) ਕਿ ਸੁਕਰਾਤ ਤੂੰ ਖਾਮੋਸ਼ ਹੋ ਜਾ—ਤੂੰ ਬੋਲੇਂਗਾ ਨਹੀਂ। ਉਸ ਜੁਆਬ ਦਿੱਤਾ, ਜੋ ਮੇਰੀ ਸੋਚ ਵਿਚ ਆਉਂਦਾ ਹੈ, ਉਹ ਜ਼ਰੂਰ ਬੋਲਾਂਗਾ।

(ii) ਦੂਸਰੀ ਸ਼ਰਤ ਕਿ ਜੇ ਤੂੰ ਬੋਲਣੋਂ ਬੰਦ ਨਹੀਂ ਹੋ ਸਕਦਾ ਤਾਂ ਦੇਸ਼ ਛੱਡ ਕੇ ਐਨੀ ਦੂਰ ਚਲਾ ਜਾ ਕਿ ਜਿਥੇ ਤੇਰੀ ਬੋਲੀ ਕੋਈ ਨਾ ਸਮਝ ਸਕੇ। ਸੁਕਰਾਤ ਨੇ ਫਿਰ ਜੁਆਬ ਦਿੱਤਾ ਜਿਥੇ ਮੈਨੂੰ ਤੇ ਮੈਂ ਕਿਸੇ ਨੂੰ ਨਹੀਂ ਸਮਝ ਸਕਾਂਗਾ ਤਾਂ ਫਿਰ ਮੈਂ ਬੋਲ ਕੇ ਸੁਣਾਵਾਂਗਾ ਕਿਸ ਨੂੰ? ਮੈਂ ਸਿਰਫ਼ ਉਥੇ ਰਹਾਂਗਾ ਜਿਥੇ ਮੈਨੂੰ ਲੋਕ ਸਮਝਦੇ ਹੋਣ ਤੇ ਮੈਂ ਲੋਕਾਂ ਨੂੰ।

(iii) ਤੀਸਰੀ ਸ਼ਰਤ ਸੁਣਾਈ ਗਈ ਕਿ ਜੇ ਤੈਨੂੰ ਪਹਿਲੀਆਂ ਦੋ ਸ਼ਰਤਾਂ ਪਰਵਾਨ ਨਹੀਂ ਤਾਂ ਫਿਰ ਹੁਕਮ ਹੈ ਕਿ ਤੈਨੂੰ ਜ਼ਹਿਰ ਪੀ ਕੇ ਮਰਨਾ ਹੋਵੇਗਾ। ਤਾਂ ਸੁਕਰਾਤ ਨੇ ਫਿਰ ਕਿਹਾ ਜੇਕਰ ਮੈਨੂੰ ਪਹਿਲੀਆਂ ਦੋ ਸ਼ਰਤਾਂ ਦੀ ਆਜ਼ਾਦੀ ਨਹੀਂ ਤਾਂ ਫਿਰ ਮੈਂ ਤੁਹਾਡੀ ਤੀਸਰੀ ਸ਼ਰਤ ਕਬੂਲ ਕਰਦਾ ਹਾਂ, ਪਰ ਆਖਰੀ ਦਮ ਤੱਕ ਮੈਨੂੰ ਬੋਲਣੋਂ ਜਬਰੀ ਰੋਕਿਆ ਨਾ ਜਾਵੇ।...ਤੇ ਸੰਸਾਰ ਦਾ ਸਭ ਤੋਂ ਵੱਡਾ ਸਿਆਣਾ ਮਨੁੱਖ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ। ਇਸ ਤਰ੍ਹਾਂ ਦੇ ਹੀ ਸਿੱਖ ਸ਼ਹੀਦ ਸਨ। ਉਹ ਜਿੱਦੀ ਜਾਂ ਕੱਟੜਵਾਦੀ ਜਾਂ ਫਿਰਕਾਪ੍ਰਸਤ ਨਹੀਂ ਸਨ। ਉਹ ਸਮਾਜ ਜਾਂ ਸਰਕਾਰ ਦਾ ਵਿਰੋਧ ਜਾਂ ਉਸ ਨੂੰ ਉਲਟ ਦੇਣ ਲਈ ਮੁਹਿੰਮ ਦੇ ਆਗੂ ਵੀ ਨਹੀਂ ਸਨ ਤੇ ਨਾ ਹੀ ਉਹ ਸਰਕਾਰੀ ਭਗੌੜੇ ਜਾਂ ਅੱਤਵਾਦੀ ਹੀ ਸਨ। ਉਹ ਧਰਮ ਪ੍ਰਵਰਤਨ ਵੀ ਨਹੀਂ ਸਨ ਕਰ ਰਹੇ। ਉਨ੍ਹਾਂ ਦਾ ਆਪਣਾ ਜੀਵਨ-ਰਾਹ ਸੀ ਜੋ ਉਨ੍ਹਾਂ ਦਾ ਨਿੱਜੀ ਤੇ ਅੰਦਰੂਨੀ ਮਾਮਲਾ ਤੇ ਮਸਲਾ ਸੀ। ਸਿੱਖ ਆਪਣੇ ਮਾਰਗ ਦੀ ਹਿਫ਼ਾਜ਼ਤ ਚਾਹੁੰਦੇ ਸਨ ਤੇ ਜਦੋਂ ਕਦੇ ਹਿਫ਼ਾਜ਼ਤ ਨੂੰ ਨੁਕਸਾਨ ਪਹੁੰਚਣ ਲਗਦਾ ਤਾਂ ਸਿੱਖ ਉਸ ਦੀ ਰਖਵਾਲੀ ਕਰਦੇ ਤੇ ਇਸ ਤਰ੍ਹਾਂ ਹੀ ਰਖਵਾਲੀ ਤੇ ਜ਼ਿਆਦਤੀ ਦੀ ਕਸ਼ਮਕਸ਼ ਹਦੂਦ ਪਾਰ ਕਰ ਜਾਂਦੀ ਤਾਂ ਟਕਰਾਵ ਹੋ ਜਾਂਦਾ ਰਿਹਾ ਜੋ ਲੜਾਈਆਂ ਤੇ ਯੁੱਧ ਤੱਕ ਨੌਬਤ ਖੜ੍ਹੀ ਕਰ ਦਿੰਦਾ। ਜ਼ਿਆਦਤੀ ਤੇ ਤਸ਼ੱਦਦ 'ਚੋਂ ਬਦਲੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਬਦਲੇ ਦੀ ਭਾਵਨਾ ਕਈ ਵਾਰ ਲੜਾਈਆਂ ਵਿਚ ਜਾ ਨਿੱਬੜਦੀ ਰਹੀ ਹੈ। ਤਾਕਤ ਨਹੀਂ ਚਾਹੁੰਦੀ ਕਿ ਕੋਈ ਹੋਰ ਦੂਸਰੀ ਤਾਕਤ ਉਸ ਦੇ ਬਰਾਬਰ ਦੀ ਤਾਕਤ ਬਣੇ ਇਸ ਲਈ ਹਮੇਸ਼ਾ ਸਰਕਾਰ ਤਾਕਤਾਂ ਨੂੰ ਕੁਚਲਦੀ ਆਈ ਹੈ। ਸਿੱਖ ਸ਼ਹਾਦਤਾਂ ਕਿਉਂ ਹੋਈਆਂ? ਕਿਉਂਕਿ ਸਿੱਖ ਸੁਕਰਾਤ ਦੀ ਤਰ੍ਹਾਂ ਅਸੂਲਾਂ ਤੇ ਡਟ ਗਏ। ਅਜਿਹੇ ਡਟੇ ਕਿ ਅੜ ਗਏ।...ਅਤੇ ਸਿੱਖ ਕਾਲ ਤੋਂ ਪਹਿਲੇ ਭਾਰਤੀ ਮਨੁੱਖ ਮਾਨਸਿਕ ਤੌਰ ਉੱਤੇ ਇਸ ਤਰ੍ਹਾਂ ਪਸਤ ਹੋਇਆ ਸੀ ਕਿ ਜਿਉਂਦੇ ਹੋਏ ਵੀ ਉਸ ਵਿਚ ਸਾਹ-ਸੱਤ ਨਹੀਂ ਸੀ।...ਤੇ ਇਹ ਸਾਹ-ਸੱਤ ਸਿੱਖਾਂ ਵਿਚ ਪੈਦਾ ਹੋਇਆ।...ਅਤੇ ਜੋ ਹਿੰਮਤ-ਓ-ਹੌਸਲਾ ਸਾਹ-ਸਤ ਦਾ ਸਿੱਖਾਂ ਵਿਚ ਪੈਦਾ ਹੋਇਆ ਉਸਨੇ ਜ਼ਮਾਨੇ ਨੂੰ ਬਦਲ ਕੇ ਉੱਤਰੀ ਭਾਰਤ ਵਿਚ ਤਾਰੀਖ਼ ਦਾ ਨਵਾਂ ਬਾਅਬ ਸ਼ੁਰੂ ਕੀਤਾ। ਸਿੱਖ ਗੁਰੂ ਅਰਜਨ ਦੇਵ ਨੂੰ ਯਾਸਾ ਦੇ ਕਾਨੂੰਨ ਦੀ ਸਜ਼ਾ ਵਿਚ ਪਾ ਕੇ ਸ਼ਹੀਦ ਕੀਤਾ ਗਿਆ। ਯਾਸਾ ਮੰਗੋਲ ਕਾਨੂੰਨ ਹੈ ਤੇ ਉਨ੍ਹਾਂ ਵਿਚ ਵੀ ਵਿਸ਼ਵਾਸ ਹੈ ਕਿ ਜੋ ਮਨੁੱਖ ਜੋਤ-ਸਰੂਪ, ਦਾਨਸ਼ਵਰ ਵਾ ਜ਼ਿਹਨੀ ਮਹਾਨ ਵਿਚਾਰਕ ਹੈ ਤਾਂ ਉਸ ਨੂੰ ਇਸ ਤਰੀਕੇ ਮਾਰਿਆ ਜਾਏ ਕਿ ਉਸ ਦੇ ਖੂਨ ਦਾ ਕੋਈ ਕਤਰਾ ਜ਼ਮੀਨ 'ਤੇ ਨਾ ਡੁੱਲ੍ਹੇ, ਜੇਕਰ ਅਜਿਹੇ ਮਨੁੱਖ ਦਾ ਖੂਨ ਜ਼ਮੀਨ ਤੇ ਡਿੱਗਦਾ ਹੈ ਤਾਂ ਉਸ ਵਰਗੇ ਹੋਰ ਅਨੇਕਾਂ ਬਹੁ-ਬਲੀ, ਜ਼ਿਹਨੀ ਦਾਨਸ਼ਵਰ ਪੈਦਾ ਹੋ ਜਾਣਗੇ ਤੇ ਅਜਿਹੇ ਔਲੀਆ ਮਨੁੱਖਾਂ ਨੂੰ ਬਿਨਾਂ ਖੂਨ ਡੋਲ੍ਹੇ ਸ਼ਹੀਦ ਕਰ ਦਿੱਤਾ ਜਾਂਦਾ। ਤਸੀਹੇ ਦੇਣ ਦਾ ਭੈ ਸਿੱਖੀ ਨੂੰ ਖਦੇੜ ਨਾ ਸਕਿਆ; ਸਗੋਂ ਸਿੱਖ, ਸਿੱਖੀ ਵਿਚ ਹੋਰ ਦ੍ਰਿੜ੍ਹ, ਪੱਕੇ ਤੇ ਮਜ਼ਬੂਤ ਹੁੰਦੇ ਚਲੇ ਗਏ। ਗੁਰੂ ਕਾਲ ਤੋਂ ਲੈ ਕੇ 1790 ਦੇ ਸਮੇਂ ਦੀਆਂ ਸਰਕਾਰਾਂ ਤੇ ਉੱਤਰ ਪੱਛਮ ਤੋਂ ਆਉਂਦੇ ਹਮਲਾਵਰਾਂ ਤੇ ਪੰਜਾਬ ਵਿਚ ਸਿੱਖਾਂ ਵਿਚਕਾਰ ਵੱਡਾ ਸੰਘਰਸ਼ ਚਲਿਆ ਤੇ ਘੱਲੂਘਾਰੇ ਵਾਪਰੇ। ਇਸ ਤਰ੍ਹਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੰਮ੍ਰਿਤ ਦਾ ਤੇਜ ਤੇ ਸਿੱਖ ਕਿਸ ਮਿੱਟੀ ਦੇ ਬਣੇ ਸਨ ਕਿ ਸ਼ਾਇਦ ਇਸ ਰਹੱਸ ਦੀ ਖੋਜ-ਪੜਤਾਲ ਕੋਈ ਸਮਾਜ-ਸ਼ਾਸਤਰੀ, ਤੁਖਮ ਵਿਗਿਆਨੀ ਜਾਂ ਕੋਈ ਫ਼ੌਜੀ ਵਾਕਫ਼ੀਅਤ ਦਾ ਮਾਹਿਰ ਵੀ ਨਾ ਭਾਲ ਸਕੇ, ਜਿਵੇਂ ਕਿ ਇਹ ਸਿੱਖਾਂ ਦਾ ਹੀ ਦਮ ਸੀ ਕਿ ਇਨ੍ਹਾਂ ਨੂੰ ਸ਼ਿਕਾਰੀ ਜਾਨਵਰਾਂ ਵਾਂਗੂੰ ਸ਼ਿਕਾਰ ਕੀਤੇ ਜਾਣ ਦੇ ਬਾਵਜੂਦ ਸਿੱਖ ਬਰਕਰਾਰ ਬਣੇ ਰਹੇ। ਮੈਂ ਆਪਣੀ ਇਕ ਪਹਿਲੀ ਲਿਖਤ ਵਿਚ ਲਿਖਿਆ ਸੀ ਕਿ ਸਿੱਖ ਵਧੇਰੇ ਹਿੰਦੂਆਂ ਵਿਚੋਂ ਆਏ। ਮੈਂ ਇਸ ਨੂੰ ਇਥੇ ਸਪੱਸ਼ਟ ਕਰਨਾ ਚਾਹਾਂਗਾ ਕਿ ਜਿਵੇਂ ਯਹੂਦੀ, ਅਰਬੀ, ਪਾਰਸੀ, ਜਰਮਨ, ਮੰਗੋਲ, ਚੀਨੀ ਲੋਕ ਆਪਣੀ ਆਪਣੀ ਵਿਸ਼ੇਸ਼ ਨਸਲ (ਬਲੱਡ ਲਾਈਨ) ਦੇ ਹਨ ਉਵੇਂ ਭਾਰਤੀ ਹਿੰਦੂ, ਮੁਸਲਮਾਨ ਜਾਂ ਸਿੱਖ ਨਹੀਂ ਹਨ। ਬੇਸ਼ੱਕ ਹਿੰਦੂਆਂ ਵਿਚ ਵਰਗ ਵੰਡ ਜਨਮ ਤੋਂ ਹੀ ਹੁੰਦੀ ਹੈ ਪਰ ਸਿੱਖ ਗੁਰੂਆਂ ਨੇ ਜਾਤੀ (ਵਰਗ) ਵੰਡ ਨੂੰ ਨਾ ਮਨਜ਼ੂਰ ਕਰਦੇ ਹੋਏ ਜਾਤੀ ਵੰਡ ਤਾਂ ਕੀਹ ਨਸਲ ਜਾਂ ਕਬੀਲਾਵਾਦ ਨੂੰ ਵੀ ਸਿੱਖ ਪੰਥ ਵਿਚ ਕੋਈ ਥਾਂ ਨਾ ਦਿੱਤੀ। ਜੋ ਲੋਕ ਜਾਤ ਜਾਂ ਨਸਲ ਦਾ ਮਾਣ ਕਰਦੇ ਸਨ ਉਹ ਵੀ ਸਿੱਖ ਹੋਣ ਤੋਂ ਬਾਅਦ ਸਿਰਫ਼ ਸਿੱਖ ਕਹਾਏ। ਮਿੱਟੀ 'ਚੋਂ ਲੋਹ (Iron ore) ਤੇ ਲੋਹ ਤੋਂ ਸਰਵਲੋਹ (ਇਸਪਾਤ) ਹੋ ਜਾਣਾ ਸਿੱਖ ਗੁਰੂਆਂ ਦੀ ਗੁਰਬਾਣੀ (Scriptures) ਤੇ ਅੰਮ੍ਰਿਤ ਦੀ ਜਾਗ ਦੇ ਸਦਕਾ ਸੀ ਤੇ ਇਨ੍ਹਾਂ ਦੀ ਕਰਾਮਾਤੀ ਮਿੱਟੀ ਸੀ, ਜਿਸ ਵਿਚੋਂ ਸਿੱਖ ਬਣੇ। ਭਾਵੇਂ ਕੋਈ ਸਿੱਖ ਹਿੰਦੂਆਂ 'ਚੋਂ ਆਇਆ ਜਾਂ ਕਿਸੇ ਹੋਰ ਜਾਤੀ 'ਚੋਂ, ਉਹ ਖ਼ਾਲਸਾ ਹੋ ਮਿੱਟੀ ਤੋਂ ਸਰਵ-ਲੋਹ ਹੋ ਗਿਆ ਤੇ ਇਸ ਤੋਂ ਅੱਗੇ ਦੋ ਸ਼ਬਦਾਂ ਨੇ ਸਿੱਖਾਂ ਨੂੰ ਸਰਵ-ਲੋਹ ਵਿਚ ਕਾਇਮ ਕਰਨ ਲਈ ਬੜਾ ਵੱਡਾ ਰੋਲ ਅਦਾ ਕੀਤਾ। ਉਹ ਸਨ...ਜੇ ਜੀਵੈ ਪਤਿ ਲਥੀ ਜਾਇ....॥ ਉਹ ਜਿਊਣਾ ਹੀ ਕੀ ਜਿਸ ਨੂੰ ਦਰ-ਦਰ ਧੱਕੇ ਤੇ ਨਮੋਸ਼ੀ ਝੇਲਣੀ ਪਵੇ।....ਤੇ ਦੂਜਾ ਸ਼ਬਦ ਸੀ...ਮੈਂ ਨਾ ਕਰੂੰ ਉਨ ਕੀ ਪ੍ਰਤੀਤ...। ਤੁਹਾਡੇ ਵਿਚ ਤੇਜ ਉਦੋਂ ਤੱਕ ਮੱਚਦਾ ਰਹੇਗਾ ਤੇ ਤੁਸੀਂ ਸਰਵ-ਲੋਹ ਰਹੋਗੇ, ਜਦ ਤੱਕ ਤੁਸੀਂ ਸਾਬਤੀ ਵਿਚ ਬਰਕਰਾਰ ਰਹੋਗੇ।...ਰਤਾ ਜਿੰਨਾ ਡੋਲੇ ਨਹੀਂ ਕਿ ਤੁਸੀਂ ਟੁੱਟ-ਭੱਜ ਤੇ ਖੰਡੋ-ਖੰਡ ਹੋ ਡਿੱਗੋਗੇ। ਇਨ੍ਹਾਂ ਦੋਹਾਂ ਦੀ ਤਾਕਤ ਨਾਲ ਇਤਿਹਾਸ ਵਿਚ ਸਿੱਖ ਜਿੱਤਦੇ ਤੇ ਬਹੁਤ ਕੁਝ ਪਾਉਂਦੇ ਰਹੇ, ਪਰ ਜਦੋਂ-ਜਦੋਂ ਇਹ ਸ਼ਬਦ ਖੰਡਤ ਹੋਏ ਸਿੱਖ ਹਾਰੇ ਤੇ ਗੁਆਉਂਦੇ ਰਹੇ। ਇਨ੍ਹਾਂ ਵਿਚੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਤਾਕਤ ਪਾਈ ਤੇ ਇਨ੍ਹਾਂ ਦੇ ਵਿਪਰਨ ਕਾਰਨ ਸਿੱਖਾਂ ਦੀ ਆਪਸੀ ਫੁੱਟ ਨੇ ਗੁਰਦਾਸ ਨੰਗਲ ਵਿਚ ਦੁਸ਼ਮਣ ਫ਼ੌਜਾਂ ਨੇ ਖ਼ਾਲਸਾ ਸ਼ੇਰ ਨੂੰ ਫੜ ਕੇ ਪਿੰਜਰੇ ਵਿਚ ਬੰਦ ਕਰ ਲਿਆ ਤੇ ਅਜਿਹੇ ਕਾਰਨਾਮੇ ਦੇ ਕਾਰਨ ਹੀ ਸਿੱਖ ਰਾਜ ਦੀਆਂ ਆਖਰੀ ਲੜਾਈਆਂ ਵਿਚ ਸਿੱਖ ਸਾਰੀ ਕਮਾਈ ਗੁਆ ਬੈਠੇ। ਗੁਰਦਾਸ ਨੰਗਲ ਵਿਚ ਬਾਬਾ ਬੰਦਾ ਸਿੰਘ ਦੀ ਹਾਰ ਨਹੀਂ ਸੀ ਬਲਕਿ ਸਿੱਖਾਂ ਵਿਚ ਪਈ ਫੁੱਟ ਸੀ ਤੇ ਇਸੇ ਤਰ੍ਹਾਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਆਖਰੀ ਲੜਾਈਆਂ ਵਿਚ ਵੀ ਗੈਰ-ਸਿੱਖ ਅਨਸਰਾਂ ਨੇ ਜੋ ਅਦਾਇਗੀ ਪੇਸ਼ ਕੀਤੀ ਜਿਸ ਨੇ ਸਿੱਖ-ਤਾਕਤ ਦੀਆਂ ਜੜ੍ਹਾਂ ਹੀ ਵੱਢ ਦਿੱਤੀਆਂ। ਸਾਜ਼ਸ਼ ਦੇ ਐਨੇ ਬੇ-ਹਯਾਅ ਵਾਕਿਆ ਤੇ ਫਿਰ

*(ਬਾਕੀ ਦੇਖੋ ਸਫ਼ਾ 27 'ਤੇ)*

# ਸਰਦਾਰ ਹਰੀ ਸਿੰਘ ਨਲਵਾ

ਡਾ: ਗੰਡਾ ਸਿੰਘ

ਸਰਦਾਰ ਹਰੀ ਸਿੰਘ ਦਾ ਜਨਮ ਸ਼ੁਕਰਚੱਕੀਆ ਮਿਸਲ ਦੇ ਕੁਮੇਦਾਨ ਸਰਦਾਰ ਗੁਰਦਿਆਲ ਸਿੰਘ ਦੇ ਘਰ ਗੁਜਰਾਂਵਾਲੇ ਸੰਮਤ 1848 ਬਿ:, ਸੰਨ 1791 ਈਸਵੀ, ਨੂੰ ਹੋਇਆ। ਇਹ ਉਸ ਮਿਸਲ ਦੇ ਸਰਦਾਰ ਰਣਜੀਤ ਸਿੰਘ ਨਾਲੋਂ ਗਿਆਰਾਂ ਸਾਲ ਛੋਟੇ ਸਨ। ਹਰੀ ਸਿੰਘ ਦੀ ਉਮਰ ਅਜੇ ਸੱਤ ਸਾਲ ਦੀ ਹੀ ਸੀ ਕਿ ਪਿਤਾ ਚਲਾਣਾ ਕਰ ਗਏ ਅਤੇ ਆਪ ਦੀ ਪਾਲਣਾ-ਪੋਸ਼ਣਾ ਆਪ ਜੀ ਦੇ ਮਾਮਿਆਂ ਦੇ ਘਰ ਹੋਈ।

ਉਹ ਜ਼ਮਾਨਾ ਜੰਗਾਂ-ਯੁੱਧਾਂ ਦਾ ਸੀ। ਹਰ ਪਾਸੇ ਸਰਦਾਰ ਰਣਜੀਤ ਸਿੰਘ ਦਾ ਡੰਕਾ ਵੱਜ ਰਿਹਾ ਸੀ। ਸੰਨ 1799 ਈ: ਵਿਚ ਉਸਦਾ ਲਾਹੌਰ ਉੱਤੇ ਕਬਜ਼ਾ ਹੋ ਚੁੱਕਾ ਸੀ ਅਤੇ ਉਹ ਮਹਾਰਾਜਾ ਬਣ ਗਿਆ ਸੀ। ਜੰਮੂ ਨਿਉਂ ਚੁੱਕਾ ਸੀ; ਸਿਆਲਕੋਟ, ਗੁਜਰਾਤ, ਪਿੰਡੀ ਭੱਟੀਆਂ, ਡਸਕਾ ਉਸ ਨੇ ਫ਼ਤਹਿ ਕਰ ਲਏ ਸੀ; ਮੁਲਤਾਨ ਨੇ ਈਨ ਮੰਨ ਲਈ ਸੀ। ਅੰਮ੍ਰਿਤਸਰ, ਝੰਗ ਅਤੇ ਉੱਚ ਦਾ ਇਲਾਕਾ ਮਹਾਰਾਜੇ ਦੇ ਰਾਜ ਵਿਚ ਮਿਲ ਚੁੱਕਾ ਸੀ ਅਤੇ ਅੰਗਰੇਜ਼ਾਂ ਨਾਲ ਦੋਸਤੀ ਹੋ ਗਈ ਸੀ। ਇਸ ਵੇਲੇ ਹਰੀ ਸਿੰਘ ਪੰਦਰਾਂ ਵਰ੍ਹਿਆਂ ਦਾ ਮਸ-ਫੁੱਟ , ਭਰਵਾਂ ਅਤੇ ਡੀਲ-ਡੌਲ ਵਾਲਾ ਸ਼ਕੀਲ ਨੌਜੁਆਨ ਸੰਮਤ 1862 (ਸੰਨ 1805 ਈ:) ਦੇ ਬਸੰਤ ਦੇ ਸ਼ਾਹੀ ਦਰਬਾਰ ਵਿਚ ਪਹਿਲੀ ਵਾਰੀ ਜਵਾਨਾਂ ਦੇ ਪਿੜ ਵਿਚ ਆਇਆ ਅਤੇ ਆਪਣੀ ਫੁਰਤੀ, ਪਲੱਥੇ, ਚਾਬਕ-ਸਵਾਰੀ, ਨੇਜ਼ੇ-ਬਾਜ਼ੀ ਅਤੇ ਤਲਵਾਰ ਦੀ ਮਾਰ ਵਿਚ ਕਈ ਬੜੇ ਪੁਰਾਣੇ ਨਾਮਵਰਾਂ ਨੂੰ ਮਾਤ ਪਾ ਗਿਆ। ਇਹ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਇਤਨੇ ਪ੍ਰਸੰਨ ਹੋਏ ਕਿ ਆਪਣੇ ਖਾਸ ਹਜ਼ੂਰੀ ਖਿਦਮਤਗਾਰਾਂ ਵਿਚ ਰੱਖ ਲਿਆ। ਅਜੇ ਕੁਝ ਹੀ ਮਹੀਨੇ ਗੁਜ਼ਰੇ ਸਨ ਕਿ ਮਹਾਰਾਜੇ ਨਾਲ ਇਕ ਦਿਨ ਸ਼ਿਕਾਰ 'ਤੇ ਗਇਆਂ ਹੱਲਾ ਕਰਨ ਪਏ ਇਕ ਚੀਤੇ ਨੂੰ ਜਬਾੜਿਆਂ ਤੋਂ ਫੜ ਕੇ ਹਰੀ ਸਿੰਘ ਨੇ ਇਕ ਐਸੀ ਭੁਆਂਟਨੀ ਦਿੱਤੀ ਕਿ ਉਹ ਬੇ-ਦਮ ਹੋ ਕੇ ਪਰੇ ਜਾ ਡਿੱਗਿਆ। ਫੇਰ ਹਰੀ ਸਿੰਘ ਨੇ ਬੜੀ ਫੁਰਤੀ ਨਾਲ, ਤਲਵਾਰ ਦੇ ਵਾਰ ਨਾਲ, ਉਸ ਦਾ ਸਿਰ ਜਾ ਵੱਢਿਆ। ਇਹ ਬਹਾਦਰੀ ਵੇਖ ਕੇ ਮਹਾਰਾਜੇ ਨੇ ਅਗਲੇ ਦਿਨ ਹੀ ਉਸ ਨੂੰ ਸੂਰਬੀਰਾਂ ਦੀ ਅੱਠ ਸੌ ਸਵਾਰ ਅਤੇ ਪਿਆਦਿਆਂ ਦੀ ਸ਼ੇਰ-ਦਿਲ ਨਾਮੀ ਪਲਟਣ ਦਾ ਵੱਡਾ ਅਫ਼ਸਰ ਨਿਯਤ ਕਰ ਦਿੱਤਾ।

ਸੰਨ 1807 ਵਿਚ ਕਸੂਰ ਦੀ ਲੜਾਈ ਵਿਚ ਹਰੀ ਸਿੰਘ ਨੇ ਬੜੀ ਬਹਾਦਰੀ ਵਿਖਾਈ ਅਤੇ ਸ਼ੇਰ-ਦਿਲ ਪਲਟਣ ਦੇ ਜੁਆਨਾਂ ਨੇ ਨਵਾਬ ਕੁਤਬੁਦੀਨ ਖਾਨ ਨੂੰ ਜਿਉਂਦੇ ਜੀਅ ਹੀ ਫੜ ਲਿਆ ਅਤੇ ਮਹਾਰਾਜੇ ਦੇ ਲਿਆ ਪੇਸ਼ ਕੀਤਾ। ਸੰਨ 1810 ਵਿਚ ਮੁਲਤਾਨ ਦੇ ਕਿਲ੍ਹੇ ਨੂੰ ਉਡਾਉਣ ਲਈ ਬਾਰੂਦ ਦਾ ਕੁੱਪਾ ਰੱਖਣ ਗਿਆ ਸਰਦਾਰ ਹਰੀ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ, ਪਰ ਛੇਤੀ ਹੀ ਮਿੱਠੇ ਟਿਵਾਣੇ ਦੀ ਮੁਹਿੰਮ ਵਿਚ ਜਾ ਪੁੱਜਾ ਅਤੇ ਉੱਚ ਦੇ ਪੀਰਾਂ ਨੂੰ ਸੋਧਣ ਵਿਚ ਨਾਮਣਾ ਖੱਟਿਆ। ਜੁਲਾਈ ਸੰਨ 1813 ਨੂੰ ਅਟਕ ਦੇ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਪਠਾਣਾਂ ਨਾਲ ਅਤੇ ਖ਼ਾਸ ਕਰ ਸਰਦਾਰ ਦੋਸਤ ਮੁਹੰਮਦ ਖ਼ਾਨ ਨਾਲ, ਲੜਾਈ ਵਿਚ ਜੋ ਸੂਰਬੀਰਤਾ ਵਿਖਾਈ, ਉਸ ਨਾਲ ਹਰੀ ਸਿੰਘ ਦਾ ਉਨ੍ਹਾਂ ਉੱਤੇ ਰੋਅਬ ਪੈ ਗਿਆ।

ਸੰਨ 1818 ਦੀ ਮੁਲਤਾਨ ਦੀ ਮੁਹਿੰਮ ਅਤੇ ਅੰਤਮ ਫ਼ਤਹਿ ਵਿਚ ਸਰਦਾਰ ਹਰੀ ਸਿੰਘ ਅਤੇ ਬਾਬਾ ਫੂਲਾ ਸਿੰਘ ਅਕਾਲੀ ਦਾ ਬੜਾ ਉੱਘਾ ਹਿੱਸਾ ਸੀ ਇਸ ਨਾਲ ਲਗਭਗ ਸਾਰਾ ਪੰਜਾਬ ਰਣਜੀਤ ਸਿੰਘ ਦੇ ਰਾਜ ਦੀ ਲੜੀ ਵਿਚ ਪਰੋ ਕੇ ਇਕੱਠਾ ਹੋ ਗਿਆ।

ਹੁਣ ਕਸਰ ਸੀ ਸਿਰਫ਼ ਉਸ ਇਲਾਕੇ ਨੂੰ ਕਾਬੂ ਕਰਨ ਦੀ ਜੋ ਪ੍ਰਾਚੀਨ ਸਮੇਂ ਵਿਚ ਭਾਰਤ ਦਾ ਹੀ ਇਕ ਹਿੱਸਾ ਹੁੰਦਾ ਸੀ, ਪਰ ਹਾਲਾਤ ਦੇ ਗੇੜ ਨਾਲ ਇਥੇ ਪਠਾਣਾਂ ਨੇ ਕਬਜ਼ਾ ਕਰ ਲਿਆ ਸੀ। ਇਹ ਸੀ ਕਸ਼ਮੀਰ ਦਾ ਪਹਾੜੀ ਇਲਾਕਾ ਅਤੇ ਸਿੰਧੋਂ ਪਾਰ ਪਿਸ਼ਾਵਰ ਦਾ ਇਲਾਕਾ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਕਸ਼ਮੀਰ ਵੱਲ ਧਿਆਨ ਦਿੱਤਾ। ਕਈ ਦੇਰ ਤੋਂ ਪਠਾਣ ਹਾਕਮਾਂ ਦੇ ਅੱਤਿਆਚਾਰ ਨਾਲ ਇਥੇ ਕੁਰਲਾਹਟ ਮਚੀ ਹੋਈ ਸੀ। ਚੁਨਾਂਚਿ ਮੁਲਾਣਾ ਮੁਹੰਮਦ ਦੀਨ ਆਪਣੀ 'ਮੁਕੰਮਲ ਤਵਾਰਿਖਿ ਕਸ਼ਮੀਰ' ਵਿਚ ਲਿਖਦੇ ਹਨ :

**ਪੁਰਸੀਦਮ ਅਜ਼ ਖਰਾਬੀਇ ਗੁਲਸ਼ਨ ਜ਼ਿ ਬਾਗਬਾਂ।**
**ਫ਼ੁਗਾਂ ਕਸ਼ੀਦ ਵਾ ਗੁਫ਼ਤ, ਕਿ ਅਫ਼ਗਾਂ ਖ਼ਰਾਬ ਕਰਦ।**

... ... ... ... ...

**ਸਾਮਤਿ ਇਹਮਾਲ ਸੇ ਅਫ਼ਗਾਨ ਹਾਕਮ ਹੋ ਗਏ।**
**ਆਏ ਉਹ ਅਵਰ ਡਾਲਿਹ, ਬੇਦਾਰ ਅਪਨੇ ਸੋ ਗਏ।..**
**ਯਿਹ ਸ਼ਕਤੀ ਔਰ ਯਿਹ ਜ਼ੁਲਮ ਫਿਲ ਵਾਕਿਆ ਨਾ-ਕਾਬਲਿ ਬਰਦਾਸ਼ਤ ਥਾ।**

**ਚੂੰਕਿ ਅੱਲਾ ਤਾਲਾ ਕੋ ਅਫ਼ਗਾਨੋਂ ਕੇ ਇਨ ਮੁਜ਼ਾਲਮ ਪਰ ਅਪਨਾ ਕਹਿਰ ਓ ਗ਼ਜ਼ਬ ਦਿਖਾਨਾ ਔਰ ਕਸ਼ਮੀਰ ਸੇ ਨਿਕਾਲਨਾ ਮਕਸੂਦ ਥਾ, ਇਸ ਲੀਏ ਪੰਡਤ ਬੀਰਬਲ ਔਰ ਉਸ ਕੀ ਜਮਾਇਤ ਕੋ ਅਫ਼ਗਾਨੋਂ ਕੀ ਸ਼ਾਮਤਿ-ਇਹਮਾਲ ਕਾ ਮੁਜੱਸਮ ਨਮੂਨਾ ਬਨਾ ਕਰ ਮਹਾਰਾਜਾ ਰਣਜੀਤ ਸਿੰਘ ਕੇ ਪਾਸ ਭੇਜਾ, ਜਿਸ ਨੇ ਮੁਲਕ ਔਰ ਅਹਿਲਿ-ਮੁਲਕ ਕੋ ਨਾ-ਖ਼ੁਦਾ-ਤਰਸੋਂ ਕੇ ਪੰਜੇ ਸੇ ਰਿਹਾਈ ਦੀ। (ਹਿੱਸਾ ਸੋਮ, ਪੰਨਾ 3-4)**

ਸੰਨ 1819 ਦੀ ਵਿਸਾਖੀ ਤੋਂ ਬਾਅਦ ਕਸ਼ਮੀਰ ਉੱਤੇ ਚੜ੍ਹਾਈ ਕੀਤੀ ਅਤੇ ਤਿੰਨਾਂ ਮਹੀਨਿਆਂ ਵਿਚ ਮਹਾਰਾਜੇ ਦਾ ਸਿਰੀਨਗਰ ਉੱਤੇ ਕਬਜ਼ਾ ਹੋ ਗਿਆ। ਕੁਝ ਹੋਰ ਪ੍ਰਬੰਧ ਤੋਂ ਬਾਅਦ ਸੰਨ 1820 ਵਿਚ ਸਰਦਾਰ ਹਰੀ ਸਿੰਘ ਨੂੰ ਇਥੇ ਦਾ ਗਵਰਨਰ ਨਿਯਤ ਕੀਤਾ ਗਿਆ। ਇਨ੍ਹਾਂ ਦੇ ਮੁਲਕੀ ਪ੍ਰਬੰਧ ਤੋਂ ਖੁਸ਼ ਹੋ ਕੇ **ਮਹਾਰਾਜੇ ਨੇ ਸਰਦਾਰ ਨੂੰ ਆਪਣੇ ਨਾਉਂ ਦਾ ਸਿੱਕਾ ਚਲਾਉਣ ਦਾ ਅਧਿਕਾਰ ਬਖ਼ਸ਼ ਦਿੱਤਾ। ਇਹ ਇਕ ਅਦੁੱਤੀ ਬਖ਼ਸ਼ਿਸ਼ ਸੀ, ਜੋ ਮਹਾਰਾਜੇ ਨੇ ਕਿਸੇ ਹੋਰ ਸਰਦਾਰ ਜਾਂ ਆਪਣੇ ਸ਼ਾਹਜ਼ਾਦਿਆਂ ਉੱਪਰ ਵੀ ਨਹੀਂ ਸੀ ਕੀਤੀ।** ਇਹ ਗੱਲ ਸੰਨ 1821 ਦੀ ਹੈ।

ਮਾਂਗਲੀ, ਮੁੰਘੇਰ ਅਤੇ ਡੇਰਾ-ਜਾਤ ਦੀ ਫ਼ਤਹਿ ਤੋਂ ਬਾਅਦ ਸਰਦਾਰ ਹਰੀ ਸਿੰਘ ਹਜ਼ਾਰੇ ਦੇ ਗਵਰਨਰ ਨਿਯਤ ਕੀਤੇ ਗਏ। ਇਥੇ ਆਪ ਨੇ ਇਕ ਕਿਲ੍ਹਾ ਹਰਿਕਿਸ਼ਨ ਗੜ੍ਹ ਬਣਵਾਇਆ ਅਤੇ ਸ਼ਹਿਰ ਹਰੀਪੁਰ ਆਬਾਦ ਕੀਤਾ ਜੋ ਹੁਣ ਤੱਕ ਉਨ੍ਹਾਂ ਦੀ ਯਾਦ ਵਿਚ ਕਾਇਮ ਹੈ।

ਇਸ ਵੇਲੇ ਤੱਕ ਪਠਾਣਾਂ ਦੇ ਯਾਰ ਮੁਹੰਮਦ ਖ਼ਾਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਲਈ ਹੋਈ ਸੀ ਅਤੇ ਉਹ ਉਥੇ ਦਾ ਮਾਮਲਾ ਸਰਕਾਰ ਪੰਜਾਬ ਨੂੰ ਭਰਿਆ ਕਰਦਾ ਸੀ। ਫਰਵਰੀ 1823 ਵਿਚ ਜਦ ਉਸ ਦੇ ਵੱਡੇ ਭਾਈ ਮੁਹੰਮਦ ਅਜ਼ੀਮ ਖ਼ਾਨ ਨੇ ਪਿਸ਼ਾਵਰ ਉੱਤੇ ਆ ਕਬਜ਼ਾ ਕੀਤਾ, ਸਰਦਾਰ ਹਰੀ ਸਿੰਘ ਨੇ ਇਸ ਦੇ ਲਸ਼ਕਰ ਨੂੰ ਅਟਕ ਉੱਤੇ ਜਾ ਰੋਕ ਪਾਈ ਅਤੇ ਛੇਤੀ ਹੀ ਖੁਦ ਮਹਾਰਾਜਾ ਰਣਜੀਤ ਸਿੰਘ ਭੀ ਪੁੱਜ ਗਏ। ਮੁਹੰਮਦ ਅਜ਼ੀਮ ਖ਼ਾਨ ਹਾਰ ਕੇ ਭੱਜ ਗਿਆ ਅਤੇ ਸਾਰੇ ਸਰਹੱਦੀ ਇਲਾਕੇ ਨੇ ਸਰਕਾਰ ਦੀ ਈਨ ਮੰਨ ਲਈ।

ਸੰਨ 1828 ਵਿਚ ਸਰਦਾਰ ਹਰੀ ਸਿੰਘ ਕਟੌਂਚੀਆਂ ਦੀ ਮੁਹਿੰਮ 'ਤੇ ਗਏ ਅਤੇ 1829 ਵਿਚ ਸੱਯਦ ਅਹਿਮਦ ਬਰੇਲਵੀਂ ਨੂੰ ਤਕੜੀ ਹਾਰ ਦਿੱਤੀ। ਇਸ ਤੋਂ ਬਾਅਦ ਆਪ ਮੁੜ ਹਜ਼ਾਰੇ ਆ ਗਏ ਅਤੇ ਪੰਜਾ ਸਾਹਿਬ ਹਸਨ-ਅਬਦਾਲ ਦੀ ਸੇਵਾ ਕਰਵਾਈ।

ਭਾਵੇਂ ਪਿਸ਼ਾਵਰ ਵਿਚ ਮਹਾਰਾਜੇ ਵਲੋਂ ਯਾਰ ਮੁਹੰਮਦ ਖ਼ਾਨ ਨਿਯਤ ਸੀ ਪਰ ਉਸ ਇਲਾਕੇ ਵਿਚ ਪੂਰੀ ਤਰ੍ਹਾਂ ਅਮਨ-ਅਮਾਨ ਨਹੀਂ ਸੀ ਹੋਇਆ। ਖ਼ੁਦ ਯਾਰ ਮੁਹੰਮਦ ਖਾਨ ਦੇ ਭਾਈ

ਅਤੇ ਭਾਈਚਾਰਾ ਮੌਕੇ ਦੀ ਤਾੜ ਵਿਚ ਸਨ ਕਿ ਸਿੰਧੋਂ ਪੱਛਮ ਦੇ ਪਠਾਣੀ ਇਲਾਕੇ ਅਤੇ ਪਿਸ਼ਾਵਰ ਨੂੰ ਸਿੱਖਾਂ ਦੀ ਈਨ ਵਿਚ ਨਾ ਰਹਿਣ ਦਿੱਤਾ ਜਾਏ। ਇਸਦਾ ਸਪੱਸ਼ਟ ਮਤਲਬ ਸੀ ਕਿ ਉਹ ਜਦ ਚਾਹੁਣ ਬਿਨਾਂ ਕਿਸੇ ਨੂੰ ਪਤਾ ਲੱਗੇ ਪੰਜਾਬ ਵਿਰੁੱਧ ਖੁਫੀਆ ਜੰਗੀ ਤਿਆਰੀ ਕਰੀ ਜਾਣ ਅਤੇ ਮੌਕਾ ਤਾੜ ਕੇ ਜਦ ਭੀ ਦਾਉ ਲੱਗੇ ਹੱਲਾ ਬੋਲ ਦੇਣ। ਇਹੋ ਕੁਝ ਮੁੱਢ ਕਦੀਮਾਂ ਤੋਂ ਉੱਤਰ-ਲਹਿੰਦੇ ਦੇ ਹੱਲਿਆਂ ਵੇਲੇ ਤੋਂ ਹੁੰਦਾ ਆ ਰਿਹਾ ਸੀ। ਪੰਜਾਬ ਦੇ ਸਿਰ ਉੱਤੇ ਇਸ ਸਦਾ ਦੇ ਖਤਰੇ ਦੇ ਅੱਡੇ ਨੂੰ ਟਿਕੇ ਰਹਿਣ ਦੇਣਾ ਇਕ ਸਿਆਸੀ ਭੁੱਲ ਸੀ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਟਿਕੀ ਨਹੀਂ ਸੀ ਰਹਿਣ ਦੇਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਉਤੇ ਸਿੱਧੀ ਆਪਣੀ ਹਕੂਮਤ ਕਾਇਮ ਕਰ ਲੈਣ ਲਈ ਹੁਕਮ ਭੇਜ ਦਿੱਤਾ। ਚੰਮਕੰਨੀ ਵਿਚ ਪਠਾਣਾਂ ਨੇ ਮੋਰਚੇ ਪੁੱਟੇ ਹੋਏ ਸਨ, ਪਰ ਸਰਦਾਰ ਹਰੀ ਸਿੰਘ ਨਲਵਾ ਦਾ ਟਾਕਰਾ ਕਰ ਸਕਣਾ ਕੋਈ ਸੌਖੀ ਗੱਲ ਨਹੀਂ ਸੀ। ਪਠਾਣਾਂ ਨੂੰ ਭਾਂਜ ਪੈ ਗਈ ਅਤੇ 6 ਮਈ, 1834 ਨੂੰ ਸਰਦਾਰ ਹਰੀ ਸਿੰਘ ਨੇ ਪਿਸ਼ਾਵਰ ’ਤੇ ਪੂਰਾ ਕਬਜ਼ਾ ਕਰ ਲਿਆ ਅਤੇ ਖੈਬਰ ਤੱਕ ਪੰਜਾਬ ਦੀ ਹੱਦ ਪਹੁੰਚਾ ਦਿੱਤੀ। ਇਸ ਦੇ ਰਾਜ ਪ੍ਰਬੰਧ ਤੋਂ ਪ੍ਰਸੰਨ ਹੋ ਕੇ ਮਹਾਰਾਜੇ ਨੇ ਉਥੇ ਵੀ ਇਨ੍ਹਾਂ ਨੂੰ ਆਪਣਾ ਸਿੱਕਾ ਜਾਰੀ ਕਰਨ ਦੀ ਆਗਿਆ ਕੀਤੀ।

ਪਿਸ਼ਾਵਰ ਨੂੰ ਸਿੰਘਾਂ ਤੋਂ ਛੁਡਾਉਣ ਦਾ ਇਕ ਜਤਨ ਕਾਬੁਲ ਦੇ ਬਾਦਸ਼ਾਹ ਅਮੀਰ ਦੋਸਤ ਮੁਹੰਮਦ ਖ਼ਾਨ ਦੇ ਪੁੱਤਰ ਮੁਹੰਮਦ ਅਕਬਰ ਖ਼ਾਨ ਨੇ ਸੰਨ 1837 ਵਿਚ ਕੀਤਾ। ਇਹ ਲੜਾਈ ਜਮਰੌਦ ਦੇ ਮੈਦਾਨ ਵਿਚ ਹੋਈ, ਜਿਸ ਵਿਚ 30 ਅਪ੍ਰੈਲ ਨੂੰ ਸਰਦਾਰ ਹਰੀ ਸਿੰਘ ਭਾਵੇਂ ਸ਼ਹੀਦ ਹੋ ਗਏ, ਪਰ ਉਨ੍ਹਾਂ ਦਾ ਰੋਹਬ ਅਤੇ ਦਬਦਬਾ ਪਠਾਣਾਂ ਉਤੇ ਇਤਨਾ ਬੈਠਿਆ ਹੋਇਆ ਸੀ ਅਤੇ ਸਿੰਘਾਂ ਨੇ ਇਸ ਤਰ੍ਹਾਂ ਤਲਵਾਰਾਂ ਵਾਹੀਆਂ ਕਿ ਮੈਦਾਨ ਖ਼ਾਲਸੇ ਦੇ ਹੱਥ ਰਿਹਾ ਅਤੇ ਪਿਸ਼ਾਵਰ ਅਤੇ ਇਹ ਕੁਲ ਇਲਾਕਾ ਪੰਜਾਬ ਦਾ ਹਿੱਸਾ ਬਣਿਆ ਰਿਹਾ।

ਇਹ ਹੀ ਨਹੀਂ। ਸਰਦਾਰ ਹਰੀ ਸਿੰਘ ਨੂੰ ਸ਼ਹੀਦ ਹੋਇਆਂ ਭਾਵੇਂ 138 ਵਰ੍ਹੇ (ਹੁਣ 172 ਵਰ੍ਹੇ) ਬੀਤ ਗਏ ਹਨ ਅਤੇ ਇਸ ਸਮੇਂ ਹੋਰ ਵੀ ਅਨੇਕਾਂ ਸੂਰਬੀਰ ਹੋ ਗੁਜ਼ਰੇ ਹਨ ਪਰ ਹਾਲੇ ਤੱਕ ਭੀ ਨਿਧੜਕ ਬਹਾਦਰੀ ਅਤੇ ਪੰਜਾਬ ਦੇ ਉੱਤਰ-ਲਹਿੰਦੇ ਨੂੰ ਸਰ ਕਰਨ ਅਤੇ ਕਾਬੂ ਰੱਖਣ ਵਿਚ ਉਸ ਦਾ ਕੋਈ ਸਾਨੀ ਪੈਦਾ ਨਹੀਂ ਹੋਇਆ। ਉਹ ਹਾਲੇ ਤੱਕ ਪਠਾਣੀ ਇਲਾਕੇ ਵਿਚ ਇਕ ਹਊਆ ਬਣਿਆ ਹੋਇਆ ਹੈ ਅਤੇ ਪਠਾਣ ਮਾਵਾਂ ਆਪਣੇ ਤੰਗ ਕਰਨ ਵਾਲੇ ਅਤੇ ਸ਼ਰਾਰਤੀ ਬੱਚਿਆਂ ਨੂੰ ਡਰਾਉਣ ਲਈ ਸਰਦਾਰ ਹਰੀ ਸਿੰਘ ਦਾ ਨਾਉਂ ਲੈਂਦੀਆਂ ਅਤੇ ਕਹਿੰਦੀਆਂ ਹਨ :

**ਚੁੱਪ ਸ਼ਾ ਬੱਚੈ, ਹਰੀਆ ਰਾਗ਼ੈ**—ਚੁੱਪ ਕਰ ਪੁੱਤਰਾ, ਹਰੀਆ (ਹਰੀ ਸਿੰਘ) ਆ ਰਿਹਾ ਈ!

ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਸੱਯਦ ਮੁਹੰਮਦ ਲਤੀਫ਼ ਆਪਣੀ ਪੁਸਤਕ ‘ਸਟੋਰੀ ਔਫ਼ ਦੀ ਪੰਜਾਬ’ (ਸੰਨ 1891) ਵਿਚ ਲਿਖਦਾ ਹੈ ਕਿ :

Such was the dread in which the Afghans held him, that to this day, the name HARIA is repeated by mothers in Peshawar and its neighbourhood in frightening their little children. (Page 383)

ਅਰਥਾਤ : ਉਸ ਦਾ ਪਠਾਣਾਂ ਉਤੇ ਅਜਿਹਾ ਭੈ ਬੈਠਾ ਹੋਇਆ ਸੀ ਕਿ ਅੱਜ ਤੱਕ ਅਤੇ ਪਿਸ਼ਾਵਰ ਦੇ ਆਲੇ-ਦੁਆਲੇ ਵਿਚ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਡਰਾਉਣ ਲਈ ਮੁੜ-ਮੁੜ ਹਰੀਆ (ਹਰੀ ਸਿੰਘ) ਦਾ ਨਾਉਂ ਵਰਤਦੀਆਂ ਹਨ।

*(‘ਸੀ ਹਰਫ਼ੀਆਂ : ਹਰੀ ਸਿੰਘ ਨਲਵਾ’ ਦੀ ਭੂਮਿਕਾ ਵਿਚੋਂ)*

**ਗ਼ੈਨ ਗੁੱਸਾ ਪਠਾਣਾਂ ਨੇ ਬਹੁਤ ਖਾਧਾ,**
**ਐਪਰ ਪੇਸ਼ ਨਾ ਜਾਂਵਦੀ ਕਾਈ ਮੀਆਂ।**
**ਹਰੀ ਸਿੰਘ ਦਲੇਰ ਜੁਆਨ ਦੀ ਜੀ**
**ਫਿਰੀ ਵਿਚ ਜਹਾਨ ਦੁਹਾਈ ਮੀਆਂ।**
**ਪਕੜ ਤੇਗ ਨੰਗੀ ਚੰਗੀ ਸ਼ਕਲ ਵਾਲਾ,**
**ਐਸਾ ਡਿੱਠਾ ਨਾ ਜੰਗੀ ਸਿਪਾਹੀ ਮੀਆਂ।**
**ਕਾਦਰਯਾਰ ਹਰੀ ਸਿੰਘ ਸੂਰਮੇ ਨੇ,**
**ਅੱਜ ਕੀਤੀ ਏ ਵੱਡੀ ਕਮਾਈ ਮੀਆਂ।**

---

## ਜ਼ਿੰਦਗੀ ਦਾ ਦੂਸਰਾ ਬਾਅਬ (ਵੈਰਾਗੀ ਤੋਂ ਖ਼ਾਲਸਾ)........(ਸਫ਼ਾ 25 ਦੀ ਬਾਕੀ)

ਵੀ ਇਹ ਸਿੱਖਾਂ ਵਾਸਤੇ ਸਬਕ ਨਾ ਬਣ ਸਕੇ। ਜਿੰਨੀ ਤਾਕਤ ਯੁਰੇਨੀਅਮ ਦੇ ਅਣੂ ਵਿਚ ਹੈ, ਓਨੀ ਹੀ ਤਾਕਤ ਇਨ੍ਹਾਂ ਦੋ ਸਤਰਾਂ (ਸ਼ਬਦਾਂ) ਵਿਚ ਹੈ; ਗੁਰੂ ਦਾ ਸੰਦੇਸ਼ ਸੀ ਜੇ ਤੂੰ ਬਰਕਰਾਰ ਨਾ ਰਿਹਾ ਤਾਂ ਮੈਂ ਤੇਰੇ ਵਿਚੋਂ ਗਾਇਬ ਹੋ ਜਾਵਾਂਗਾ। ਇਹ ਤੁਸੀਂ ਹੁਣ ਖੁਦ ਆਪ ਆਪਣੇ ਅੰਦਰ ਝਾਤੀ ਮਾਰ ਕੇ ਵੇਖ ਲਵੋ ਕਿ ਗੁਰੂ ਤੁਹਾਡੇ ਵਿਚ ਬਰਕਰਾਰ ਹੈ ਜਾਂ ਗਾਇਬ ਹੋ ਚੁੱਕਾ ਹੈ।

ਲਛਮਣ ਦਾਸ ਜਿਸ ਨੇ ਗਰਭਵਤੀ ਹਰਨੀ ਦਾ ਸ਼ਿਕਾਰ ਕੀਤਾ ਤੇ ਪਸ਼ਚਾਤਾਪ ਵਿਚ ਮਾਧੋ ਦਾਸ ਬਣ ਕੇ ਵੈਰਾਗੀ ਹੋ ਗਿਆ ਉਹੀ ਮਨੁੱਖ ਜੋ ਹੁਣ ਬੰਦਾ ਸਿੰਘ ਬਹਾਦਰ ਸੀ ਤੇ ਉਸਦੇ ਮੂੰਹ ਵਿਚ ਉਸ ਦੇ ਹੀ ਪੁੱਤਰ ਦਾ ਦਿਲ ਕੱਢ ਕੇ ਪਾਇਆ ਗਿਆ ਪਰ ਉਹ ਸਿਦਕ ਤੋਂ ਨਾ ਡੋਲਿਆ। ਜੇ ਉਹ ਡੋਲਦਾ ਤੇ ਪਹਿਚਾਣ ਨੂੰ ਦੁਰਕਾਰ ਮੁਗਲ ਫੌਜ ਵਿਚ ਰਲ ਜਾਂਦਾ। ਪਰ ਨਹੀਂ ਉਸ ਤਸੀਹੇ ਸਹਿ ਕੇ ਸਿਦਕ ਨੂੰ ਬਰਕਰਾਰ ਰੱਖਿਆ। ਇਸ ਦੇ ਦੂਸਰੇ ਪੱਖ ਨੂੰ ਇਸ ਤਰ੍ਹਾਂ ਵੀ ਸੋਚੋ! ਕਿ ਜੇਕਰ ਮਾਧੋ ਦਾਸ (ਲਛਮਣ ਦਾਸ) ਗੁਰੂ ਗੋਬਿੰਦ ਸਿੰਘ ਨੂੰ ਨਾ ਮਿਲਦਾ, ਨਾ ਅੰਮ੍ਰਿਤ ਲੈਂਦਾ ਤਾਂ ਉਸਦੀ ਹੋਂਦ ਕੀ ਸੀ? ਉਹੀ ਜੋ ਹਜ਼ਾਰਾਂ ਸਾਧੂ ਗੋਦਾਵਰੀ ਨਦੀ ਤੇ ਸਮਾਂ ਕੱਟ ਕੇ ਖ਼ਤਮ ਹੋ ਜਾਂਦੇ ਰਹੇ ਹਨ, ਉਵੇਂ ਹੀ ਮਾਧੋ ਦਾਸ (ਲਛਮਣ ਦਾਸ) ਨੇ ਵੀ ਬਿਨਾਂ ਪਹਿਚਾਣ ਤੋਂ ਸਮਾਪਤ ਹੋ ਜਾਣਾ ਸੀ (ਨਾ ਪੰਜਾਬ ਦਾ ਉਹ ਇਤਿਹਾਸ ਬਦਲਦਾ ਤੇ ਨਾ ਹੀ ਬੈਰਾਗੀ ਬਰਾਦਰੀ ਮਾਧੋ ਦਾਸ ਨੂੰ ਬਤੌਰ ਬੰਦਾ ਸਿੰਘ ਬਹਾਦਰ ਅਪਣਾਉਂਦੀ)। ਉਸਦਾ ਜੀਵਨ ਜ਼ਿੰਦਗੀ ਦੇ ਪਹਿਲੇ ਬਾਅਬ ਵਿਚ ਹੀ ਮੁੱਕ ਜਾਂਦਾ। ਕੀ ਤੁਸੀਂ ਵੀ ਪਹਿਲੇ ਬਾਅਬ ਵਿਚ ਮੁੱਕਣਾ ਚਾਹੁੰਦੇ ਹੋ?

ਇਸੇ ਤਰ੍ਹਾਂ ਮੈਂ ਸਭ ਸਿਖ ਨੌਜੁਆਨਾਂ ਤੇ ਹਰੇਕ ਕੌਮ ਦੇ ਫਿਰਕੇ ਦੀ ਪਨੀਰੀ ਨੂੰ ਵੰਗਾਰਦਾ ਹਾਂ ਕਿ ਤੁਸੀਂ ਆਪਣੇ ਆਪ ਨੂੰ ਹਲੂਣੋਂ ਤਾਂ ਸਹੀ। ਪਤਾ ਨਹੀਂ ਕਿਹੜਾ ਨਾ-ਮਾਲੂਮ ਹੁਨਰ ਜੋ ਤੁਹਾਡੇ ਵਿਚ ਖਾਮੋਸ਼ ਮੌਜੂਦ ਪਿਆ ਹੈ, ਉਹ ਤੁਹਾਡੀ ਹਰਕਤ ’ਚੋਂ ਜਾਗ ਉੱਠੇ। ਅੱਜ ਦੁਨੀਆਂ ਨੂੰ ਲਿਆਕਤ (ਬੋਧ) ਤੇ ਨਿਪੁੰਨ ਕੰਮ ਕਰਨ ਵਾਲੇ ਹੁਨਰਮੰਦ ਹੱਥਾਂ ਦੀ ਲੋੜ ਹੈ, ਜਿਨ੍ਹਾਂ ਨਾਲ ਤੁਸੀਂ ਬਹੁਤ ਕੁਝ ਬਦਲ ਕੇ ਹਾਸਲ ਕਰ ਸਕਦੇ ਹੋ। ਬਾਕੀ ਫਾਸਲਾ! ਤੁਹਾਡੇ ਤੇ ਤੁਹਾਡੀ ਜ਼ਿੰਦਗੀ ਦੇ ਦੂਸਰੇ ਬਾਅਬ ਦੇ ਵਿਚਕਾਰ ਸਿਰਫ਼ ਇਕ ਕਦਮ ਹੋਰ ਹੈ।...ਤੇ ਇਹ ਫ਼ਾਸਲਾ ਖੁਦ ਤੁਸੀਂ ਤੁਰਨਾ ਹੈ।...

Come On! Victory awaits you a minute longer.

ਨੋਟ : ਬੰਦਾ ਸਿੰਘ ਜਿਸ ਦਾ ਪਹਿਲਾ ਨਾਮ ਲਛਮਣ ਦੇਵ ਜਾਂ ਲਛਮਣ ਦਾਸ ਰਖਿਆ ਗਿਆ ਸੀ। ਸ਼ਿਕਾਰ ਹਾਦਸੇ ਤੋਂ ਬਾਅਦ ਇਹ ਜਾਨਕੀ ਦਾਸ ਬੈਰਾਗੀ ਦਾ ਚੇਲਾ ਬਣਿਆ ਤੇ ਉਸ ਨੇ ਇਸ ਦਾ ਨਾਮ ਮਾਧੋ ਦਾਸ ਰੱਖ ਦਿੱਤਾ। ਜਦੋਂ ਇਸ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਤਾਂ ਇਸ ਦਾ ਨਾਮ ਬੰਦਾ ਸਿੰਘ ਰੱਖਿਆ ਗਿਆ। ਇਨ੍ਹਾਂ ਦਾ ਜਨਮ 16 ਅਕਤੂਬਰ 1670 ਈਸਵੀ ਦਾ ਮੰਨਿਆ ਗਿਆ ਹੈ।

# ਕਹਹੁ ਗੁਸਾਈ ਮਿਲੀਐ ਕੇਹ

ਰਮੇਸ਼ ਸਿੰਘ, ਜਮਸ਼ੇਦਪੁਰ*

ਨਮਸਕਾਰ ਕਰਾਂ, ਮੱਥਾ ਟੇਕਾਂ, ਡੰਡਉਤ ਕਰਾਂ, ਪੈਰ ਚੁੰਮਾਂ, ਮਨ ਅਰਪਾਂ, ਤਨ ਅਰਪਾਂ, ਸਭ ਦੇਸ਼ ਅਰਪਾਂ, ਸਿਰ ਅਰਪਾਂ, ਬਲਿਹਾਰੀ ਜਾਵਾਂ, ਸਦਕੇ ਜਾਵਾਂ, ਘੋਲੀ ਜਾਵਾਂ, ਵਾਰੀ ਜਾਵਾਂ, ਲੱਖ-ਲੱਖ ਵਾਰੀ ਉਸ ਮੀਤ ਪਿਆਰੇ ਸਤਿਗੁਰੂ ਤੋਂ ਜੋ ਮੈਨੂੰ ਕੋਟਿ ਬ੍ਰਹਮੰਡ ਦੇ ਠਾਕੁਰ, ਮੇਰੇ ਅਰਸ਼ੀ ਪ੍ਰੀਤਮ ਦਾ ਸੰਦੇਸ਼ਾ ਹੀ ਨਹੀਂ ਦੇਂਦਾ, ਉਸ ਦੀਆਂ ਬਾਤਾਂ ਹੀ ਨਹੀਂ ਸੁਣਾਂਦਾ, ਉਸਦੀਆਂ ਕਥਾ-ਕਹਾਣੀਆਂ ਹੀ ਨਹੀਂ ਦੱਸਦਾ, ਉਸਦੇ ਗੀਤ ਹੀ ਨਹੀਂ ਸੁਣਾਂਦਾ ਬਲਕਿ ਵਿਚੋਲਾ ਬਣ ਕੇ ਮੈਨੂੰ ਉਸ ਨਾਲ ਮਿਲਣ ਦਾ ਰਾਹ ਵੀ ਸੁਝਾਂਦਾ ਹੈ, ਰਾਹ ਦੀਆਂ ਰੁਕਾਵਟਾਂ ਦੀ ਜਾਣਕਾਰੀ ਵੀ ਦੇਂਦਾ ਹੈ ਤੇ ਉਨ੍ਹਾਂ ਨੂੰ ਦੂਰ ਵੀ ਕਰਦਾ ਹੈ। ਜਦੋਂ ਵੀ ਮੈਂ ਕਿਸੇ ਕਾਰਨ ਢਿੱਲਾਂ ਪਵਾਂ, ਗਲਤੀਆਂ ਕਰਾਂ, ਢਹਿ ਪਵਾਂ, ਉਹ ਮੇਰੀ ਮਦਦ ਹੀ ਨਹੀਂ ਕਰਦਾ, ਮੈਨੂੰ ਸੁਧਾਰਦਾ ਹੀ ਨਹੀਂ, ਮੁਆਫ਼ ਹੀ ਨਹੀਂ ਕਰਦਾ, ਸਗੋਂ ਮੈਨੂੰ ਹਰ ਵੇਲੇ ਤੇ ਹਰ ਪਲ ਇਹੀ ਤਾਕੀਦ ਕਰਦਾ ਹੈ :

***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥**
**ਮਾਨਸ ਜਨਮ ਕਾ ਏਹੀ ਲਾਹੁ ॥**
*(੧੧੫੯)*

***ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥**
**ਹਰਿ ਜਸੁ ਵਖਰੁ ਲੈ ਚਲਹੁ**
**ਸਹੁ ਦੇਖੈ ਪਤੀਆਇ ॥**
*(੨੨)*

***ਮੇਰੇ ਮਨ ਏਕਸ ਸਿਉ ਚਿਤੁ ਲਾਇ ॥**
**ਏਕਸ ਬਿਨੁ ਸਭ ਧੰਧੁ ਹੈ**
**ਸਭ ਮਿਥਿਆ ਮੋਹੁ ਮਾਇ ॥** *(੪੪)*

***ਕਿਆ ਤੂ ਸੋਇਆ ਜਾਗੁ ਇਆਨਾ ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥**
*(੭੯੪)*

**ਮੇਰੀ ਮੇਰੀ ਕਿਆ ਕਰਹਿ**
**ਜਿਨਿ ਦੀਆ ਸੋ ਪ੍ਰਭੁ ਲੋੜਿ ॥**
**ਸਰਪਰ ਉਠੀ ਚਲਣਾ**
**ਛਡਿ ਜਾਸੀ ਲਖ ਕਰੋੜਿ ॥** *(੫੦)*

ਗੁਰੂ ਦੀ ਇਸ ਬਖ਼ਸ਼ਿਸ਼, ਇਸ ਕਿਰਪਾ ਦਾ ਨਤੀਜਾ ਹੋਇਆ ਕਿ ਮੇਰੇ ਪੱਥਰ ਮਨ ਅੰਦਰ ਵੀ ਹਲਚਲ ਸ਼ੁਰੂ ਹੋਈ, ਮੇਰਾ ਮਨ ਵੀ ਜਾਗਣ ਲੱਗਾ, ਮੇਰੇ ਵੀ ਭਰਮ-ਭੁਲੇਖੇ, ਡਰ ਦੂਰ ਹੋਣ ਲੱਗੇ, ਮੇਰੇ ਅੰਦਰ ਦਾ ਹਨੇਰਾ ਵੀ ਛਟਣ ਲੱਗਾ, ਮੈਨੂੰ ਵੀ ਸੱਚ ਦੀ ਪਛਾਣ ਹੋਣੀ ਸ਼ੁਰੂ ਹੋਈ, ਮੇਰੇ ਅੰਦਰ ਵੀ ਪ੍ਰਭੂ ਪਿਆਰ ਦਾ ਚਾਅ ਪੈਦਾ ਹੋਇਆ, ਕੀੜੀ ਵੀ ਸੁਪਨੇ ਲੈਣ ਲੱਗੀ ਆਕਾਸ਼ ਦੀ ਸੈਰ ਦੇ; ਕੰਗਾਲ ਵੀ ਸਾਰੀ ਸ੍ਰਿਸ਼ਟੀ ਦੇ ਰਾਜੇ ਦੇ ਦਰਸ਼ਨ ਤੇ ਉਸਦੀ ਗੁਲਾਮੀ ਬਾਰੇ ਸੋਚਣ ਲੱਗਾ ਅਤੇ ਜਦੋਂ ਗੁਰੂ ਕੋਲੋਂ ਇਹ ਸੁਣਿਆ, **"ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ"** (੮੦੨) ਫਿਰ ਤਾਂ ਇਤਨੀ ਹਿੰਮਤ ਆ ਗਈ ਕਿ ਮੈਂ ਪੁਛ ਲਿਆ, **"ਕਹਹੁ ਗੁਸਾਈ ਮਿਲੀਐ ਕੇਹ"** (੧੯੫) ਦੱਸੋ ਹੁਣ, ਦੇਰ ਨਾ ਕਰੋ ਕਿਉਂਕਿ **"ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥"** (੩੭੪)। ਉਸ ਬਗੈਰ ਹੁਣ ਮੈਨੂੰ ਹੋਰ ਕੁਝ ਨਹੀਂ ਸੁਝਦਾ, ਹੋਰ ਕੁਝ ਨਹੀਂ ਬੁਝਦਾ, ਹੋਰ ਕੁਝ ਨਹੀਂ ਚਾਹੀਦਾ, ਹੁਣ ਹਰ ਵੇਲੇ ਇਹੀ ਤਲਾਸ਼ ਹੈ, ਇਹੀ ਸਵਾਲ ਹੈ, **"ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ....ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥"** (੧੦੯੮)

ਮੇਰੀਆਂ ਜੋਦੜੀਆਂ, ਬੇਨਤੀਆਂ, ਅਰਜ਼ੋਈਆਂ ਵੇਖ ਕੇ ਦਇਆਲੂ, ਕਿਰਪਾਲੂ, ਮਿਹਰਵਾਨ, ਸਦ ਬਖਸ਼ਿੰਦ, ਜੀਅ ਸਗਲ ਕੋ ਦੇਇ ਦਾਨ—ਐਸੇ ਸੁਭਾਅ ਵਾਲੇ ਸਤਿਗੁਰਾਂ ਜੁਆਬ ਦਿੱਤਾ, ਭਾਈ ਤੂੰ ਪੁੱਛਿਆ ਹੈ, ਹੁਣ ਸੁਣ ਲੈ ਧਿਆਨ ਲਾ ਕੇ, ਮਿਲਣ ਦਾ ਤਰੀਕਾ ਤਾਂ ਇਹੀ ਹੈ :

***ਆਪੁ ਸਵਾਰਹਿ ਮੈ ਮਿਲਹਿ,**
**ਮੈ ਮਿਲਿਆ ਸੁਖੁ ਹੋਇ ॥**
**ਫਰੀਦਾ ਜੇ ਤੂੰ ਮੇਰਾ ਹੋਇ ਰਹਹਿ**
**ਸਭੁ ਜਗੁ ਤੇਰਾ ਹੋਇ ॥**
*(੧੩੮੨)*

ਪਰ ਨਾਲ ਇਕ ਸ਼ਰਤ, ਇਕ ਚੇਤਾਵਨੀ ਵੀ ਹੈ—**"ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥"** (੧੩੮੧)

ਮੈਂ ਕਿਹਾ, ਮਹਾਰਾਜ ਆਪ ਨੇ ਤਾਂ ਕਮਾਲ ਕਰ ਦਿੱਤਾ; ਚਾਰ ਲਾਈਨਾਂ ਵਿਚ ਹੀ ਪ੍ਰਭੂ ਮਿਲਣ ਦੀ ਸਾਰੀ ਕਹਾਣੀ ਦੱਸ ਦਿੱਤੀ, ਪਰ ਆਪ ਤਾਂ ਜਾਣਦੇ ਹੋ, ਮੈਂ ਅਗਿਆਨੀ, ਅਨਪੜ੍ਹ, ਮੂਰਖ, ਜਾਹਿਲ, ਗਵਾਰ ਤੇ ਨਾਸਮਝ ਹਾਂ, ਮੈਨੂੰ ਤਾਂ ਸਾਰੀ ਗੱਲ ਖੋਲ੍ਹ ਕੇ ਦੱਸੋਗੇ ਤਾਂ ਹੀ ਕੁਝ ਮੇਰੇ ਪੱਲੇ ਪਵੇਗਾ। ਸੋ ਵਿਸਤਾਰ ਨਾਲ ਸਮਝਾਉ, ਇਕ-ਇਕ ਨੁਕਤਾ ਦੱਸੋ। ਮੇਰੀ ਮੂਰਖਤਾ ਤੇ ਸਤਿਗੁਰੂ ਨਾ ਹੱਸੇ, ਨਾ ਨਾਰਾਜ਼ ਹੋਏ, ਨਾ ਹੀ ਕਾਹਲੇ ਪਏ, ਬਸ ਸ਼ੁਰੂ ਹੋ ਗਏ :

1. ਪ੍ਰਭੂ ਨੂੰ ਮਿਲਣ ਦਾ ਤਰੀਕਾ ਹੈ—ਆਪਣੇ ਮਨ ਨੂੰ ਸਾਫ਼ ਕਰਨਾ, ਸੁਆਰਨਾ, ਨਿਰਮਲ ਕਰਨਾ। ਸਾਡੇ ਮਨ ਨੂੰ ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੈ, ਅਉਗੁਣਾਂ ਦਾ ਭਰਿਆ ਹੋਇਆ ਹੈ, ਇਸ ਤੋਂ ਛੁਟਕਾਰਾ ਪਾਉਣਾ ਪਵੇਗਾ।

2. ਪ੍ਰਭੂ ਮਨ ਦੀ ਸੁੰਦਰਤਾ ਵੇਖ ਕੇ ਰੀਝਦੇ ਹਨ, ਪਰ ਸਾਰੀ ਦੁਨੀਆਂ ਤਨ ਨੂੰ ਜਾਂ ਆਲੇ-ਦੁਆਲੇ ਨੂੰ ਸੁਹਣਾ ਬਣਾਉਣ ਵਿਚ ਲੱਗੀ ਹੋਈ ਹੈ। ਇਹ ਸਾਰਾ ਕੁਝ ਤਾਂ ਇਥੇ ਰਹਿ ਜਾਣ ਵਾਲਾ ਹੈ।

3. ਮਨ ਦੀ ਸੁੰਦਰਤਾ ਹੈ, ਪ੍ਰਭੂ ਦੇ ਗੁਣਾਂ ਨੂੰ ਧਾਰਨ ਕਰਨਾ। ਜਿਤਨੇ ਗੁਣ ਵਧਣਗੇ ਉਤਨਾ ਹੀ ਮਨ ਸੁਹਣਾ ਹੁੰਦਾ ਜਾਏਗਾ ਤੇ ਜਿਤਨੇ ਅਵਗੁਣ ਵਧਣਗੇ ਮਨ ਕਰੂਪ ਹੁੰਦਾ ਜਾਏਗਾ।

ਪ੍ਰਭੂ ਸੁੰਦਰ ਹਨ, ਉਨ੍ਹਾਂ ਨੂੰ ਸੁੰਦਰਤਾ ਪਿਆਰੀ ਹੈ ਤੇ ਮਨ ਨੂੰ ਸੁਹਣਾ ਬਣਾਉਣ ਦਾ ਤਰੀਕਾ ਹੈ, ਇਸ ਨੂੰ ਸਤਿਸੰਗਤ ਦੇ ਦਾਇਰੇ ਅੰਦਰ ਰੱਖਣਾ—**"ਸੇਈ ਸੁੰਦਰ ਸੋਹਣੇ ॥ ਸਾਧ ਸੰਗੇ ਜਿਨ ਬੈਹਣੇ ॥"** (੧੩੨)

4. ਸਤਿਸੰਗਤ ਉਹ ਅਸਥਾਨ ਹੈ ਜਿਥੇ ਪ੍ਰਭੂ ਦੇ ਗੁਣ ਪੜ੍ਹੇ, ਸੁਣੇ, ਗਾਏ, ਵੀਚਾਰੇ ਜਾਂਦੇ ਹਨ। ਇਨ੍ਹਾਂ ਰਾਹੀਂ ਪ੍ਰਭੂ ਦੀ ਮਹਾਨਤਾ ਵੇਖ ਕੇ ਮਨ ਪ੍ਰਭੂ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਉਸ ਅੰਦਰ ਪ੍ਰਭੂ ਨੂੰ ਮਿਲਣ ਦਾ ਚਾਅ ਪੈਦਾ ਹੁੰਦਾ ਹੈ। ਕਿਉਂਕਿ ਮਨ ਦਾ ਸੁਭਾਅ ਹੈ ਕਿ ਉਸਨੂੰ ਸਾਰਾ ਕੁਝ ਅਤਿ ਉੱਤਮ ਚਾਹੀਦਾ ਹੈ—ਸਭ ਤੋਂ ਚੰਗਾ ਭੋਜਨ, ਸਭ ਤੋਂ ਚੰਗਾ ਕੱਪੜਾ, ਸਭ ਤੋਂ ਚੰਗਾ ਮਕਾਨ, ਸਭ ਤੋਂ ਚੰਗੀ ਸਵਾਰੀ....ਤੇ ਪ੍ਰਭੂ ਦੀ ਪਛਾਣ ਹੋਣ 'ਤੇ ਪਤਾ ਲਗਦਾ ਹੈ ਕਿ ਹਰ ਗੱਲ ਵਿਚ ਤੇ ਹਰ ਪਾਸਿਉਂ ਪ੍ਰਭੂ ਹੀ ਉੱਤਮ ਹਨ। ਨਾਮ ਸਭ ਤੋਂ ਉੱਤਮ ਭੋਜਨ ਹੈ, ਨਾਮ ਹੀ ਸਭ ਤੋਂ ਉੱਤਮ ਕੱਪੜਾ ਹੈ, ਨਾਮ ਹੀ ਸਭ ਤੋਂ ਵਧੀਆ ਮਕਾਨ ਹੈ, ਨਾਮ ਹੀ ਸਭ ਤੋਂ ਚੰਗਾ ਗਹਿਣਾ ਹੈ, ਨਾਮ ਹੀ ਸਭ ਤੋਂ ਉੱਤਮ ਧਨ ਹੈ, ਨਾਮ ਹੀ ਅਸਲ ਮਾਂ-ਪਿਉ, ਭਰਾ-ਪੁੱਤਰ, ਰਿਸ਼ਤੇਦਾਰ, ਪਰਿਵਾਰ, ਲੋਕ-ਪਰਲੋਕ ਦਾ ਸਹਾਈ ਤੇ

*C-131, Sonari West, Jamshedpur-831011 (Jharkhand)

ਸੰਗੀ-ਸਾਥੀ ਹੈ। ਇਸ ਲਈ ਰਾਮਾਨੰਦ ਜੀ ਆਖਦੇ ਹਨ, ਹੁਣ ਮੇਰਾ ਮਨ ਹੋਰ ਕਿਤੇ ਜਾਂਦਾ ਹੀ ਨਹੀਂ, ਹਰ ਵੇਲੇ ਅੰਦਰ ਹੀ ਪ੍ਰਭੂ ਚਰਨਾਂ ਦਾ ਰੰਗ ਮਾਣਦਾ ਰਹਿੰਦਾ ਹੈ—"**ਕਤ ਜਾਈਐ ਰੇ ਘਰਿ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥**" (੧੧੯੫)। ਗੁਰੂ ਦੀ ਕਿਰਪਾ, ਗੁਰੂ ਦੀ ਸੰਗਤ ਕਰਕੇ ਇਹ ਸੋਝੀ ਆਈ, ਭੁਲੇਖੇ ਦੂਰ ਹੋਏ ਤੇ ਉਸ 'ਤੇ ਅਮਲ ਦੁਆਰਾ ਮਨ ਦੀ ਇਹ ਅਵਸਥਾ ਬਣ ਗਈ, ਸੋ ਗੁਰੂ ਦਾ ਕੋਟਿ-ਕੋਟਿ ਧੰਨਵਾਦ ਹੈ, "**ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**" (੧੧੯੫)

5. "**ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥**" (੭੨੯)—ਪਿਆਰੇ ਸਾਜਨ ਪ੍ਰਭੂ ਨੂੰ ਮਿਲਣ ਚੱਲੇ ਹਾਂ, ਕਿਵੇਂ ਮੇਲ ਹੋਵੇਗਾ? ਉੱਤਰ ਮਿਲਦਾ ਹੈ, "**ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥**" (੭੨੯)। ਪ੍ਰਭੂ ਸੱਚ ਹੈ, ਗੁਣ ਵੀ ਸੱਚੇ ਹਨ। ਅਉਗੁਣ ਮਾਇਆ ਦਾ ਰੂਪ ਹਨ, ਮਾਇਆ ਦੀ ਉਪਜ ਹਨ। ਸੋ ਪ੍ਰਭੂ ਨੂੰ ਮਿਲਣ ਲਈ ਪ੍ਰਭੂ ਵਰਗੇ ਗੁਣ ਧਾਰਨ ਕਰਨੇ ਪੈਂਦੇ ਹਨ, "**ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥**" (੧੩੭੨)। ਭਾਈ ਗੁਰਦਾਸ ਜੀ ਐਸੇ ਗੁਰੂ ਪਿਆਰਿਆਂ ਤੋਂ ਸਦਕੇ ਜਾਂਦੇ ਹਨ, ਜਿਨ੍ਹਾਂ ਮਨ ਅੰਦਰ ਪ੍ਰਭੂ ਵਰਗੇ ਗੁਣ ਪੈਦਾ ਕਰ ਪ੍ਰਭੂ ਨਾਲ ਮੇਲ ਕਰ ਲਿਆ—"**ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ ॥**" (ਵਾਰ ੧੨/੨)।

6. ਗੁਣਾਂ 'ਚੋਂ ਸੁਖ ਨਿਕਲਦਾ ਹੈ। ਪ੍ਰਭੂ ਗੁਣਾਂ ਦੇ ਸਾਗਰ ਹਨ, ਇਸ ਲਈ ਸੁਖ ਸਾਗਰ ਵੀ ਹਨ। ਅਉਗੁਣ ਦੁੱਖ ਦੇਂਦੇ ਹਨ, ਮਾਇਆ ਦੁੱਖਾਂ ਦੀ ਤੇ ਅਉਗੁਣਾਂ ਦੀ ਜਨਨੀ ਹੈ। ਪ੍ਰਭੂ ਨੂੰ ਭੁਲਾ ਕੇ ਕੀਤਾ ਹਰ ਕੰਮ ਤ੍ਰੈਗੁਣੀ ਮਾਇਆ ਵਿਚ ਫਸਾਂਦਾ ਹੈ ਤੇ ਦੁੱਖ ਪੈਦਾ ਕਰਦਾ ਹੈ।

7. ਪ੍ਰਭੂ ਨੂੰ ਭੁਲਾ ਕੇ ਕੋਈ ਕੰਮ ਨਾ ਕਰੀਏ, ਅਰਥਾਤ ਜੋ ਕੰਮ ਗੁਰੂ ਨੇ ਮਨ੍ਹਾਂ ਕੀਤੇ ਹਨ (ਬਿਬਰਜਿਤ ਹਨ), ਉਹ ਨਾ ਕਰੀਏ, ਵਰਨਾ ਦੁਖੀ ਹੋਵਾਂਗੇ ਕਿਉਂਕਿ ਐਸੇ ਕੰਮਾਂ ਵਿਚੋਂ ਕੋਈ ਗੁਣ ਨਹੀਂ ਉਪਜਦਾ। ਉਦਾਹਰਣ ਲਈ, ਜੋ ਵੀ ਕੰਮ ਲੋਕਾਂ ਨੂੰ ਖੁਸ਼ ਕਰਨ ਲਈ ਕਰਦੇ ਹਾਂ ਉਹ ਤਾਂ ਸਾਡੀ ਹਉਮੈ ਨੂੰ ਹੀ ਪੱਠੇ ਪਾਂਦੇ ਹਨ (ਸਾਡੀ ਵਾਹ-ਵਾਹ ਜੋ ਹੁੰਦੀ ਹੈ) ਤੇ ਹਉਮੈ ਤਾਂ ਸਾਰੇ ਅਉਗੁਣਾਂ ਦੀ ਜੜ੍ਹ ਹੈ, ਦੀਰਘ ਰੋਗ ਹੈ, ਪ੍ਰਭੂ ਨੂੰ ਬਿਲਕੁਲ ਪਸੰਦ ਨਹੀਂ; ਇਸ ਵਿਚੋਂ ਸਿਵਾਇ ਦੁੱਖ ਦੇ ਕੁਛ ਨਹੀਂ ਨਿਕਲਦਾ। ਇਸ ਲਈ ਗੁਰੂ ਦਾ ਫੁਰਮਾਨ ਹੈ, "**ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ ਨਾਨਕ ਸਾਈ ਭਲੀ ਪਰੀਤ ਜਿਤੁ ਸਾਹਿਬ ਸੇਤੀ ਪਤਿ ਰਹੈ ॥**" (੫੯੦)

8. ਹਰ ਕੰਮ ਪ੍ਰਭੂ ਦੀ ਖੁਸ਼ੀ ਲਈ, ਪ੍ਰਭੂ ਦੀ ਸੇਵਾ ਸਮਝ ਕੇ ਕਰਨਾ ਹੈ, ਇਸ ਤਰ੍ਹਾਂ ਨਿਸ਼ਕਾਮ ਭਾਵਨਾ ਨਾਲ ਕੀਤੀ ਸੇਵਾ ਪ੍ਰਭੂ ਨਾਲ ਮਿਲਾਂਦੀ ਹੈ—"**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**" (੧੨੯੬) ਆਪਣੀ "ਮੈਂ ਦਾ ਤਿਆਗ ਕਰਨਾ" ਵੱਡਾ ਗੁਣ ਹੈ, "ਮੈਂ" ਤੋਂ ਰਹਿਤ ਸੇਵਾ ਵੀ ਨਾਮ ਹੈ ਪਰ ਅਸਲੀਅਤ ਇਹ ਹੈ ਕਿ ਅਸੀਂ ਮੈਂ-ਮੇਰੀ ਦਾ ਤਿਆਗ ਸੇਵਾ ਵੇਲੇ ਵੀ ਨਹੀਂ ਕਰਦੇ। ਇਸ ਲਈ ਸਾਡੀ ਸੇਵਾ ਨਾਮ ਤੋਂ ਸੱਖਣੀ ਹੋਣ ਕਰਕੇ ਦੂਜਾ ਭਾਉ ਹੈ ਤੇ ਦੂਜਾ ਭਾਉ ਤਾਂ ਸਦਾ ਦੁੱਖ ਦੇਂਦਾ ਹੈ—"**ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥**" (੩੯੧) ਦੂਜੇ ਭਾਉ ਵਿਚ ਕੀਤੀ ਸੇਵਾ ਹੀ ਧਰਮ ਅਸਥਾਨਾਂ ਵਿਚ, ਘਰਾਂ ਵਿਚ, ਸਮਾਜ ਵਿਚ ਕਲੇਸ਼ ਪੈਦਾ ਕਰ ਰਹੀ ਹੈ। ਸਿੱਖ-ਸਿੱਖ ਦਾ ਦੁਸ਼ਮਨ ਹੋ ਗਿਆ ਹੈ, ਗੁਰਦੁਆਰੇ ਲੜਾਈਆਂ ਦੇ ਅੱਡੇ ਬਣ ਗਏ ਹਨ, ਭਾਵੇਂ ਬਾਹਰੋਂ ਸੇਵਾ ਵੀ ਬਹੁਤ ਹੋ ਰਹੀ ਹੈ—ਬਿਲਡਿੰਗਾਂ ਦੀ ਸੇਵਾ, ਲੰਗਰ ਦੀ ਸੇਵਾ, ਅਖੰਡ ਪਾਠਾਂ ਦੀ ਸੇਵਾ, ਕੀਰਤਨ ਦੀ ਸੇਵਾ, ਰੁਮਾਲਿਆਂ ਦੀ ਸੇਵਾ, ਜੋੜਿਆਂ ਦੀ ਸੇਵਾ, ਚੌਰ ਕਰਨ ਦੀ ਸੇਵਾ, ਕੜਾਹ ਪ੍ਰਸ਼ਾਦ ਦੀ ਸੇਵਾ, ਫੁੱਲਾਂ ਦੀ ਸੇਵਾ, ਨਿਸ਼ਾਨ ਸਾਹਿਬ ਦੀ ਸੇਵਾ, ਝਾੜੂ ਪੋਚੇ ਦੀ ਸੇਵਾ...ਇਤਿਆਦਿ। ਇਸ ਗੱਲ ਨੂੰ ਕਬੀਰ ਸਾਹਿਬ ਨੇ ਆਪਣੇ ਅੰਦਾਜ਼ ਵਿਚ ਇੰਜ ਸਮਝਾਣ ਦੀ ਕੋਸ਼ਿਸ਼ ਕੀਤੀ—"**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥**" (੧੩੭੨)। ਗੁਰੂ ਅਰਜਨ ਦੇਵ ਜੀ ਨੇ ਦ੍ਰਿੜ੍ਹ ਕਰਾਇਆ ਸੀ ਕਿ ਪੰਜਾਂ ਚੋਰਾਂ ਦਾ ਸੰਗ ਛੱਡਣਾ ਹੀ ਸਭ ਤੋਂ ਵੱਡਾ ਤਿਆਗ ਹੈ—"**ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥**" (੧੦੧੮)। ਇਨ੍ਹਾਂ ਦਾ ਤਿਆਗ ਕੀਤੇ ਬਗੈਰ ਕੀਤੀ ਸੇਵਾ ਥਾਇ ਨਹੀਂ ਪੈ ਸਕਦੀ।

9. "ਨਾਮ ਸੁਖ ਦੇਂਦਾ ਹੈ ਤੇ ਪ੍ਰਭੂ ਦੀ ਸੇਵਾ (ਮੈਂ-ਮੇਰੀ ਦਾ ਤਿਆਗ ਕਰਕੇ ਕੀਤੇ ਕੰਮ) ਵੀ ਸੁਖ ਦੇਂਦੀ ਹੈ। ਅਰਥਾਤ ਸੇਵਾ ਤੇ ਸਿਮਰਨ ਦੁਹਾਂ ਨੂੰ ਅਲੱਗ-ਅਲੱਗ ਨਹੀਂ ਕੀਤਾ ਜਾ ਸਕਦਾ, ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ। ਗੁਰਬਾਣੀ ਦਾ ਕਥਨ ਹੈ :

**—ਹਰਿ ਕੋ ਨਾਮੁ ਸਦਾ ਸੁਖਦਾਈ ॥**
(੧੦੦੮)

**—ਹਰਿ ਕੀ ਤੁਮ ਸੇਵਾ ਕਰਹੁ**
**ਦੂਜੀ ਸੇਵਾ ਕਰਹੁ ਨ ਕੋਇ ਜੀ ॥**
(੪੯੦)

ਕਿਉਂਕਿ :

"**ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ॥ ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥ ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ॥**" (੫੮੬)

ਸੁ, ਜੇ ਵਾਕਈ ਗੁਰੂ ਦੇ ਤਰੀਕੇ ਨਾਲ ਗੁਰੂ ਦੀ ਸੇਵਾ ਕਰਾਂਗੇ ਤਾਂ "**ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ ॥**" (੫੪੮)। ਕਿਸੇ ਨੇ ਬਹੁਤ ਹੀ ਸੁੰਦਰ ਕਿਹਾ ਹੈ Sewa without Simran is a tree without roots and Simran without sewa is a tree without fruits–ਬਗ਼ੈਰ ਸਿਮਰਨ ਦੇ ਸੇਵਾ ਉਹ ਦਰਖ਼ਤ ਹੈ ਜਿਸਦੀ ਕੋਈ ਜੜ੍ਹ ਨਹੀਂ ਅਤੇ ਬਗੈਰ ਸੇਵਾ ਦੇ ਸਿਮਰਨ ਉਹ ਦਰਖ਼ਤ ਹੈ ਜਿਸਨੂੰ ਕੋਈ ਫਲ ਨਹੀਂ ਲਗਦਾ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਜਿਸਨੂੰ ਬ੍ਰਹਮ ਦਾ ਗਿਆਨ (ਪ੍ਰਭੂ ਦੀ ਪਛਾਣ) ਹੋ ਗਇਆ ਉਸ ਅੰਦਰੋਂ ਪਰ-ਉਪਕਾਰ (ਨਿਸ਼ਕਾਮ ਸੇਵਾ) ਦਾ ਫੁਟਣਾ ਲਾਜ਼ਮੀ ਹੈ, "**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**" (੨੭੩)।

10. ਇਕ ਵੱਡਾ ਭੁਲੇਖਾ ਅਸਾਂ ਪਾਲਿਆ ਹੋਇਆ ਹੈ ਕਿ ਜੇ ਪੂਰੀ ਤਰ੍ਹਾਂ ਗੁਰੂ ਨੂੰ ਜੀਵਨ ਸਮਰਪਿਤ ਕਰ ਦਿੱਤਾ ਤਾਂ ਦੁਨੀਆਂ ਵਿਚ ਕਿਵੇਂ ਵਿਚਰਾਂਗੇ, ਦੁਨੀਆਂ ਨਾਲ ਕਿਵੇਂ ਵਰਤਾਂਗੇ ਤੇ ਦੁਨੀਆਂ ਬਗੈਰ ਸਾਡੇ ਕੰਮ ਕਿਵੇਂ ਚੱਲਣਗੇ? ਗੁਰੂ ਸਾਹਿਬ ਆਖਦੇ ਹਨ ਜੇ ਕੋਈ ਗੁਰੂ ਹੁਕਮਾਂ ਦੇ ਉਲਟ ਜਾ ਕੇ ਕੇਵਲ ਦੁਨੀਆਂ ਦੀ ਖੁਸ਼ੀ ਲੈਣ ਲਈ ਕੰਮ ਕਰਦਾ ਹੈ—ਜਦ ਗੁਰੂ ਨੇ ਸਪੱਸ਼ਟ ਕਿਹਾ ਹੈ ਕਿ ਲੋਕਪਚਾਰਾ ਨਹੀਂ ਕਰਨਾ "**ਪਰਹਰੁ ਲੋਭੁ ਅਰੁ ਲੋਕਾਚਾਰੁ ॥**" (੩੨੪) ਤਾਂ ਉਸਨੂੰ ਸਿਵਾਇ ਦੁੱਖ ਦੇ ਕੁਝ ਨਹੀਂ ਮਿਲੇਗਾ—"**ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥**" (੧੨੮੭)। ਫਿਰ ਵੀ ਅਸੀਂ ਨਹੀਂ ਮੰਨਦੇ, ਦੁਨੀਆਂ ਨੂੰ ਖੁਸ਼ ਕਰਨ ਵਿਚ ਲੱਗੇ ਰਹਿੰਦੇ ਹਾਂ ਤੇ ਦੁਖੀ ਹੁੰਦੇ ਹਾਂ। ਸੋਚਦੇ ਹਾਂ, ਕੋਈ ਕਰਮਕਾਂਡ ਕਰ ਕੇ—ਪੈਸੇ ਦੇ ਕੇ ਧਾਰਮਿਕ ਕੰਮ ਕਰਾਉਣੇ ਆਪਣੇ ਮਤਲਬ ਲਈ—ਪ੍ਰਭੂ ਨੂੰ

ਖੁਸ਼ ਕਰ ਲਵਾਂਗੇ ਤੇ ਦੁੱਖਾਂ ਤੋਂ ਬਚ ਜਾਵਾਂਗੇ, ਪਰ ਐਸਾ ਹੁੰਦਾ ਨਹੀਂ (ਕਿਉਂਕਿ ਗੁਰੂ ਦਾ ਫੈਸਲਾ ਹੈ, ਪ੍ਰਭੂ ਨੂੰ ਭੁਲਾਣ ਨਾਲ ਅਰਥਾਤ ਗੁਰੂ ਹੁਕਮਾਂ ਦੇ ਉਲਟ ਕੰਮ ਕਰਨ ਨਾਲ ਕਰੋੜਾਂ ਵਿਘਨ ਪੈਦਾ ਹੋਣਗੇ—"**ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥**" (੫੨੨)। ਫਿਰ ਰੋਂਦੇ-ਪਿੱਟਦੇ ਹਾਂ, ਸ਼ਿਕਾਇਤਾਂ ਕਰਦੇ ਹਾਂ ਕਿ, ਪਤਾ ਨਹੀਂ ਕਿਉਂ ਪ੍ਰਭੂ ਤਾਂ ਸਾਨੂੰ ਵੇਖਦਾ ਹੀ ਨਹੀਂ, ਸਾਡੇ ਤੇ ਕਿਰਪਾ ਕਿਉਂ ਨਹੀਂ ਕਰਦਾ। ਸੜਕ ਦੁੱਖ ਦੀ ਪਕੜਦੇ ਹਾਂ (ਮਾਇਆ ਦੀ) ਤੇ ਕਹਿੰਦੇ ਰਹਿੰਦੇ ਹਾਂ, ਪਤਾ ਨਹੀਂ ਸਾਡੇ ਦੁੱਖ ਕਿਉਂ ਨਹੀਂ ਜਾਂਦੇ ? ਸੁਖ ਲੈਣ ਲਈ ਸੁਖ ਦੀ (ਗੁਰਮਤਿ ਮਾਰਗ), ਗੁਰੂ ਦੀ ਸੜਕ ਪਕੜਨੀ ਪੈਂਦੀ ਹੈ—"**ਗੁਰਸਿਖ ਮੀਤ ਚਲਹੁ ਗੁਰ ਚਾਲੀ॥**" (੬੬੭) ਇਹ ਸਾਧਾਰਨ ਸਮਝ (Common Sense) ਦੀ ਗੱਲ ਮਾਇਆਧਾਰੀ ਮਨ ਨੂੰ, ਅੰਨ੍ਹਾ ਤੇ ਬੋਲਾ ਹੋਣ ਕਰਕੇ ਸਮਝ ਨਹੀਂ ਆਉਂਦੀ, "**ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥**" (੩੧੩)। ਤਾਂ ਹੀ ਗੁਰੂ ਸਾਹਿਬ ਨੇ ਕਿਹਾ ਸੀ, "**ਐਸਾ ਜਗੁ ਦੇਖਿਆ ਜੂਆਰੀ॥ ਸਭਿ ਸੁਖ ਮਾਗੈ ਨਾਮੁ ਬਿਸਾਰੀ॥**" (੨੨੨)

ਬਾਬਾ ਫਰੀਦ ਜੀ ਆਪਣੇ ਸਲੋਕ ਵਿਚ ਭਰੋਸਾ ਦੇਂਦੇ ਹਨ (ਪ੍ਰਭੂ ਵਲੋਂ) ਕਿ ਜੋ ਵੀ ਪੂਰੀ ਦ੍ਰਿੜ੍ਹਤਾ ਨਾਲ ਗੁਰੂ ਦੀ ਗੁਲਾਮੀ ਕਰੇਗਾ, ਪ੍ਰਭੂ ਚਰਨੀਂ ਲੱਗੇਗਾ, ਗੁਰੂ ਹੁਕਮਾਂ 'ਤੇ ਜੀਵਨ ਢਾਲੇਗਾ, ਇਕ ਪ੍ਰਭੂ ਦਾ ਬਣੇਗਾ, ਉਸਦੀ ਦੁਨੀਆਂ ਵੀ ਕਿਤੇ ਨਹੀਂ ਜਾਏਗੀ, ਸਗੋਂ ਸਾਰੀ ਦੁਨੀਆਂ ਉਸ ਨੂੰ ਪਿਆਰ ਕਰੇਗੀ—"**ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ...**" (੫੫੫)। ਸਾਰੀ ਸ੍ਰਿਸ਼ਟੀ ਉਸਦੇ ਚਰਨ ਪਰਸੇਗੀ, ਉਸਦੀ ਸੇਵਾ ਕਰੇਗੀ :

"**ਜਾ ਕੈ ਨਿਕਟਿ ਨ ਆਵੈ ਕੋਈ॥**
**ਸਗਲ ਸ੍ਰਿਸਟਿ ਉਆ ਕੇ**
**ਚਰਨ ਮਲਿ ਧੋਈ॥**" *(੩੮੬)*
"**ਲਖ ਚਉਰਾਸੀਹ ਮੇਦਨੀ**
**ਸਭ ਸੇਵ ਕਰੇਂਦਾ॥**" *(੧੦੯੬)*

ਬਾਬਾ ਫਰੀਦ ਜੀ ਨੇ ਆਪਣੇ ਦੂਜੇ ਸਲੋਕ ਵਿਚ ਸਪੱਸ਼ਟ ਵਾਰਨਿੰਗ ਦਿੱਤੀ ਹੈ ਕਿ ਜਿਸ ਕੰਮ ਵਿਚੋਂ ਕੋਈ ਗੁਣ ਨਹੀਂ ਨਿਕਲਦਾ ਉਸਨੂੰ ਭੁੱਲ ਜਾਣਾ ਚਾਹੀਦਾ ਹੈ, ਅਰਥਾਤ ਉਸ ਕੰਮ ਬਾਰੇ ਸੋਚਣਾ ਵੀ ਗ਼ਲਤ ਹੈ। ਮਸਲਨ, ਨਿੰਦਾ-ਚੁਗਲੀ ਕਰਨ/ਸੁਣਨ ਵਿਚ ਕਿਹੜਾ ਗੁਣ ਹੈ, ਆਕੜ ਕਰਨ ਵਿਚ ਕਿਹੜਾ ਗੁਣ ਹੈ ? ਲਾਲਚ ਵੱਸ ਹੋ ਕੇ ਪੈਸਾ ਕਮਾਣ ਵਿਚ ਕਿਹੜਾ ਗੁਣ ਹੈ ? (ਭਾਵੇਂ ਸਾਰੀ ਦੁਨੀਆਂ ਦਾ ਧਨ ਮੇਰੇ ਕੋਲ ਆ ਜਾਏ), ਲਾਲਚ ਤਾਂ ਹੈ ਹੀ ਅਵਗੁਣ। ਪ੍ਰਭੂ ਨੂੰ ਭੁਲਾ ਕੇ (ਅਰਥਾਤ ਗੁਰੂ ਦੇ ਆਖੇ ਨਾ ਲੱਗਣਾ) ਜੀਵਨ ਗੁਜ਼ਾਰਨ ਵਿਚ ਕਿਹੜਾ ਗੁਣ ਹੈ ? ਐਸਾ ਕਰਨ ਨਾਲ ਸਾਨੂੰ ਪ੍ਰਭੂ ਅੱਗੇ ਸ਼ਰਮਿੰਦਾ ਹੋਣਾ ਪਵੇਗਾ; ਸਾਡੇ ਮੂੰਹ 'ਤੇ ਕਾਲਖ਼ ਲੱਗੇਗੀ, ਅਸੀਂ ਨਰਕਾਂ ਦੇ ਭਾਗੀ ਬਣਾਂਗੇ, ਕਿਤੇ ਵੀ ਸਾਨੂੰ ਢੋਈ ਨਹੀਂ ਮਿਲੇਗੀ, ਸਾਡਾ ਲੋਕ-ਪਰਲੋਕ ਦੋਵੇਂ ਦੁਖਦਾਈ ਹੋਣਗੇ।

ਗੁਰੂ ਦੁਆਰਾ ਮੇਰੇ ਪ੍ਰਤੀ ਕੀਤੀ ਜਾ ਰਹੀ ਇਤਨੀ ਕਰੜੀ ਘਾਲਣਾ ਦੇ ਬਾਵਜੂਦ ਮੇਰਾ ਮਨ ਕੁੱਤੇ ਦੀ ਪੂਛ ਵਾਂਗ ਸਿੱਧਾ ਨਹੀਂ ਹੁੰਦਾ, ਵਾਰ-ਵਾਰ ਮਾਇਆ ਵਿਚ ਫਸ ਜਾਂਦਾ ਹੈ ਤੇ ਉਹ ਕੁਝ ਕਰ ਬੈਠਦਾ ਹੈ ਜੋ ਗੁਰੂ ਨੇ ਮਨ੍ਹਾ ਕੀਤਾ ਸੀ ਤੇ ਜਿਸ ਕਰਕੇ ਸ਼ਰਮਿੰਦਗੀ ਉਠਾਣੀ ਪੈਂਦੀ ਹੈ। ਮਨ ਜਦੋਂ ਮਾਇਆ ਵਿਚ ਫਸਿਆ ਹੁੰਦਾ ਹੈ ਤਾਂ ਉਹ ਬਸ ਬਾਣੀ ਪੜ੍ਹ-ਸੁਣ ਕੇ ਸਮਝਦਾ ਹੈ, ਇਤਨਾ ਹੀ ਕਾਫੀ ਹੈ। ਉਹ ਸੋਚਦਾ ਹੈ ਅਜੋਕੇ ਸਮੇਂ ਵਿਚ ਗੁਰੂ ਦੇ ਮਾਰਗ 'ਤੇ ਚੱਲਣਾ ਸੰਭਵ ਨਹੀਂ ਤੇ ਕਹਿੰਦਾ ਹੈ ਬੰਦੇ ਨੂੰ Practical ਹੋਣਾ ਚਾਹੀਦਾ ਹੈ, ਭਾਵੇਂ ਪਾਠ ਵਿਚ ਰੋਜ਼ ਇਹ ਪੜ੍ਹਦਾ/ਸੁਣਦਾ ਹੈ, "**ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**" (ਪੰਨਾ ੧)। ਅਰਥਾਤ ਗੁਰੂ ਉਪਦੇਸ਼ ਦੀ Relevance ਸਦਾ-ਸਦਾ ਲਈ ਹੈ। ਐਸਾ ਮਨ ਭਾਵੇਂ ਜਿੰਨਾ ਮਰਜ਼ੀ ਚੀਖ-ਚੀਖ ਕੇ, ਰਾਗ ਕੱਢ ਕੇ, ਸੁਰੀਲੀ ਆਵਾਜ਼ ਵਿਚ, ਅੱਖਾਂ ਮੀਟ ਕੇ ਤੇ ਮੋਢੇ ਹਿਲਾ-ਹਿਲਾ ਕੇ ਗਾਏ—"**ਕਹਹੁ ਗੁਸਾਈ ਮਿਲੀਐ ਕੇਹ॥**" (੧੮੫) ਪ੍ਰਭੂ ਨਾਲ ਤਾਂ ਉਸਦਾ ਮੇਲ ਨਹੀਂ ਹੋ ਸਕਦਾ। ਭਾਈ ਗੁਰਦਾਸ ਜੀ ਦਾ ਵੀ ਇਹ ਸਪੱਸ਼ਟ ਫੈਸਲਾ ਹੈ, "**ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ॥**" (ਕਬਿੱਤ ੪੩੯)।

ਪ੍ਰਭੂ ਕਿਰਪਾ ਕਰਨ ਮੈਨੂੰ ਸੁਮਤਿ ਆਵੇ, ਮੈਂ ਕੇਵਲ ਗੁਰੂ ਵਾਲਾ ਅਖਵਾਵਾਂ ਹੀ ਨਾ, ਸਗੋਂ ਕਿਰਦਾਰ ਕਰਕੇ ਗੁਰੂ ਵਾਲਾ ਬਣ ਜਾਵਾਂ ਤਾਂ ਹੀ ਮੇਰਾ 300 ਸਾਲਾ ਗੁਰਤਾਗੱਦੀ ਗੁਰਪੁਰਬ ਮਨਾਇਆ ਸਫ਼ਲਾ ਹੋਵੇਗਾ।


**ਪਾਠਕ ਜੀ !**
**ਸਿੱਖ ਫੁਲਵਾੜੀ ਦੇ ਲਾਈਫ ਮੈਂਬਰ ਬਣੋ ਜੀ।**


## ਧੀ ਦੀ ਅਰਜ਼ੋਈ

ਮਾਂ, ਮਾਂ ਦੇ ਨਾਂ ਨੂੰ ਦਾਗ ਨਾ ਲਾ।
ਹਾਏ ਇਕ ਵਾਰੀ ਜੱਗ ਤੂੰ ਵਿਖਾ।
ਨੰਨੀ ਜਿੰਦ ਮੈਂ ਕਰਾਂ ਅਰਜ਼ੋਈ,
ਇਸ ਜੱਗ ਅੱਗੇ ਜ਼ੋਰ ਨਾ ਕੋਈ।
ਕੀ ਬਾਬਲ ਵੀ ਬੇ-ਮੁੱਖ ਹੋਇਆ
ਤੈਥੋਂ ਤੇਰਾ ਅਧਿਕਾਰ ਹੈ ਖੋਹਿਆ
ਧੀ ਤੋਂ ਕਿਉਂ ਰਿਹਾ ਘਬਰਾਅ,
ਮਾਂ, ਮਾਂ ਦੇ ਨਾਂ ਨੂੰ ਦਾਗ ਨਾ ਲਾ।
ਹਾਏ ਇਕ ਵਾਰੀ ਜੱਗ ਤੂੰ ਵਿਖਾ।

ਤੇਰੇ ਅੱਗੇ ਹਾਂ ਵਾਸਤੇ ਪਾਉਂਦੀ,
ਹੁਣ ਤੱਕ ਹਾਂ ਮੈਂ ਰਹੀ ਕੁਰਲਾਉਂਦੀ।
ਕੀ ਤੂੰ ਕੇਵਲ ਪੁੱਤਰਾਂ ਦੀ ਮਾਂ ਹੈਂ
ਧੀਆਂ ਦੀ ਮਾਂ ਕਦੋਂ ਆਵੇਗੀ
ਧੀ ਨੂੰ ਜੋ ਘੁੱਟ ਗਲ ਲਾਵੇਗੀ
ਨੰਨੀ ਜਿੰਦ ਮੇਰੀ ਰਹੀ ਕੁਰਲਾ...
ਮਾਂ, ਮਾਂ ਦੇ ਨਾਂ ਨੂੰ ਦਾਗ ਨਾ ਲਾ,
ਹਾਏ ਇਕ ਵਾਰੀ ਜੱਗ ਤੂੰ ਵਿਖਾ।

ਰੱਬ ਘੱਲੇ ਮੈਨੂੰ ਜੱਗ ਵਿਖਾਉਣ ਨੂੰ
ਕਿਉਂ ਪਾਪਾਂ ਦੀ ਤੂੰ ਗੱਠੜੀ ਚੁੱਕਦੀ
ਤੂੰ ਵੀ ਨਾਰੀ ਜਾਤ ਹੈਂ ਮਾਂ
ਕਿਉਂ ਮਰਦਾਂ ਦੇ ਅੱਗੇ ਝੁਕਦੀ,
ਦਿਲ ਥੋੜ੍ਹਾ ਜਿਹਾ ਦਲੇਰੀ 'ਚ ਲਿਆ
ਮਾਂ, ਮਾਂ ਦੇ ਨਾਂ ਨੂੰ ਦਾਗ ਨਾ ਲਾ
ਹਾਏ, ਇਕ ਵਾਰੀ ਜੱਗ ਤੂੰ ਵਿਖਾ।

ਜਨਮ ਦੇ-ਦੇ ਇਕ ਵਾਰੀ ਮੈਨੂੰ
ਪੜ੍ਹ ਲਿਖਕੇ ਮੈਂ ਕਰੂੰ ਤਰੱਕੀ
ਵੀਰੇ ਨਾਲੋਂ ਵੱਧ ਕਮਾਊਂ
ਰਹਿ ਜਾਏਂਗੀ ਤੂੰ ਹੱਕੀ ਬੱਕੀ
ਕੀ ਧੀਆਂ ਕੁਝ ਕਰ ਨਹੀਂ ਸਕਦੀਆਂ
ਇਸ ਮਨ ਨੂੰ ਜ਼ਰਾ ਸਮਝਾ।
ਮਾਂ, ਮਾਂ ਦੇ ਨਾਂ ਨੂੰ ਦਾਗ ਨਾ ਲਾ,
ਹਾਏ ਇਕ ਵਾਰੀ ਜੱਗ ਤੂੰ ਵਿਖਾ।

ਧੀਆਂ ਬਿਨਾਂ ਇਹ ਜੱਗ ਅਧੂਰਾ
ਧੀਆਂ ਦਾ ਘਾਟਾ ਕਰੂ ਕੌਣ ਪੂਰਾ।
ਧੀਆਂ ਬਿਨਾਂ ਕੀ ਜੱਗ ਤੇ ਰਹਿਣਾ ਏਂ
ਧੀਆਂ ਹੀ ਘਰ ਦਾ ਗਹਿਣਾ ਏਂ।
ਜੋਸ਼ 'ਚ ਆ ਜਾ, ਨਾਰੀ ਜਾਤ ਦਾ
ਅੱਜ ਤੂੰ ਹੌਂਸਲਾ ਵਧਾ
ਮਾਂ, ਮਾਂ ਦੇ ਨਾਂ ਨੂੰ ਦਾਗ਼ ਨਾ ਲਾ
ਹਾਏ! ਇਕ ਵਾਰੀ ਜੱਗ ਤੂੰ ਵਿਖਾ।


***—ਮੈਡਮ ਵਰਿੰਦਰ ਕੌਰ***
*ਸ੍ਰੀ ਗੁਰੂ ਹਰਕ੍ਰਿਸ਼ਨ ਮਾਡਲ ਸਕੂਲ*
*ਰੱਤੇਵਾਲਾ (ਸੋਹਨਗੜ੍ਹ), ਫ਼ਿਰੋਜ਼ਪੁਰ*

# ਪੈਦਲ ਤੁਰੋ, ਤੰਦਰੁਸਤ ਰਹੋ

ਅੱਜ ਦੇ ਰੁਝੇਵਿਆਂ ਅਤੇ ਭੱਜ-ਦੌੜ ਵਾਲੇ ਜੀਵਨ ਵਿਚ ਦਿਲ ਦੇ ਰੋਗ, ਸ਼ੂਗਰ, ਜੋੜਾਂ ਦੇ ਦਰਦ, ਮੋਟਾਪਾ ਤੇ ਮਾਨਸਿਕ ਤਣਾਓ ਜਿਹੀਆਂ ਚਿੰਬੜੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਕਸਰਤ ਕਰਨੀ ਬੜੀ ਲਾਹੇਵੰਦ ਸਾਬਤ ਹੁੰਦੀ ਹੈ। ਡਾਕਟਰਾਂ ਕੋਲ ਜਾਓ ਤਾਂ ਉਹ ਥੱਬਾ ਦਵਾਈਆਂ ਦਾ ਲਿਖ ਦਿੰਦੇ ਹਨ ਜਿਨ੍ਹਾਂ ਨੂੰ ਖਾ-ਖਾ ਕੇ ਰੋਗੀ ਅੱਕ ਥੱਕ ਜਾਂਦਾ ਹੈ। ਕੋਈ ਨਾ ਕੋਈ ਸਿਆਣਾ ਡਾਕਟਰ ਦਵਾਈਆਂ ਦੇ ਨਾਲ-ਨਾਲ ਕਸਰਤ ਕਰਨ ਦੀ ਵੀ ਸਲਾਹ ਦਿੰਦਾ ਹੈ ਪਰ ਲੋਕ ਕਸਰਤ ਦਾ ਭਾਵ ਜੋਗਿੰਗ, ਏਰੋਬਿਕ ਕਸਰਤਾਂ, ਡੰਡ-ਬੈਠਕਾਂ ਲਾਉਣੀਆਂ ਤੇ ਥਕਾ ਦੇਣ ਵਾਲੀਆਂ ਖੇਡਾਂ, ਦੌੜਨਾ, ਸਾਈਕਲ ਚਲਾਉਣਾ, ਤੈਰਨਾ, ਫੁੱਟਬਾਲ, ਹਾਕੀ, ਬਾਸਕਟਬਾਲ ਤੇ ਟੈਨਿਸ ਖੇਡਣ ਨੂੰ ਔਖੀਆਂ ਕਸਰਤਾਂ ਦਾ ਭੁਲੇਖਾ ਖਾ ਕੇ ਅਕਸਰ ਮਨੋਂ ਵਿਸਾਰ ਦਿੰਦੇ ਹਨ। ਹਰ ਕਿਸੇ ਨੂੰ ਖੇਡਾਂ ਖੇਡਣ ਦਾ ਸ਼ੌਕ ਨਹੀਂ ਹੁੰਦਾ। ਖੇਡਾਂ ਵਿਚ ਉਂਝ ਵੀ ਕੋਈ ਨਾ ਕੋਈ ਸੱਟ ਲੱਗਣ ਦਾ ਅੰਦੇਸ਼ਾ ਹੁੰਦਾ ਹੈ। ਏਰੋਬਿਕ ਕਸਰਤਾਂ ਲਈ ਕਸਰਤ-ਘਰਾਂ ਵਿਚ ਰੁਝੇਵਿਆਂ ਕਾਰਨ ਜਾਣਾ ਮੁਸ਼ਕਿਲ ਹੁੰਦਾ ਹੈ। ਤੁਰਨਾ ਹੀ ਇਕੋ-ਇਕ ਅਜਿਹੀ ਕਸਰਤ ਹੈ ਜਿਸ ਵਿਚ ਇਸ ਸਭ ਕਾਸੇ ਦੇ ਝੰਜਟਾਂ ਦੀ ਕੋਈ ਲੋੜ ਨਹੀਂ ਹੁੰਦੀ। ਸਾਧਾਰਨ ਢੰਗ ਦੇ ਨਾਲ ਤੁਰਨ ਨਾਲ ਹੀ ਸਾਰੇ ਸਰੀਰ ਦੀ ਪੂਰੀ ਕਸਰਤ ਹੋ ਜਾਂਦੀ ਹੈ ਜਿਸ ਨਾਲ ਸਰੀਰ ਸਿਹਤਮੰਦ ਤੇ ਰਿਸ਼ਟ-ਪੁਸ਼ਟ ਹੋ ਉਠਦਾ ਹੈ। ਤੁਰਨ ’ਤੇ ਕੋਈ ਖਰਚਾ ਨਹੀਂ ਆਉਂਦਾ ਤੇ ਨਾ ਹੀ ਕੋਈ ਸੱਟ ਲੱਗਣ ਦਾ ਖਤਰਾ ਹੁੰਦਾ ਹੈ। ਨਾ ਹੀ ਕੋਈ ਹੋਰ ਕਸ਼ਟ ਤੇ ਦੁੱਖ-ਤਕਲੀਫ਼। ਬਸ ਉਠੋ ਤੇ ਤੁਰਨਾ ਸ਼ੁਰੂ ਕਰ ਦਿਓ। ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਕਸਰਤ ਦਾ ਸਭ ਤੋਂ ਸੌਖਾ ਢੰਗ ਤੁਰਨਾ ਹੀ ਤਾਂ ਹੈ। ਸਕੂਟਰਾਂ ਅਤੇ ਕਾਰਾਂ ਵਾਲੇ ਤਾਂ ਅੱਜਕੱਲ੍ਹ ਪੈਰ ਥੱਲੇ ਰੱਖਣੋਂ ਹੀ ਝਿਜਕਦੇ ਤੇ ਸ਼ਰਮ ਖਾਂਦੇ ਹਨ। ਖੁਦਾ ਨਾ ਖਾਸਤਾ ਜੇ ਕਿਤੇ ਉਨ੍ਹਾਂ ਨੂੰ ਤੁਰਨਾ ਪੈ ਜਾਵੇ ਤੇ ਰਾਹ ਵਿਚ ਕੋਈ ਜਾਣਦਾ ਹੋਇਆ ਦੋਸਤ-ਮਿੱਤਰ ਉਨ੍ਹਾਂ ਨੂੰ ਦੇਖ ਲਵੇ ਤਾਂ ਉਹ ਅੰਦਰੋਂ ਹੀ ਅੰਦਰ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦੇ ਹਨ। ਪਹਿਲਾਂ ਲੋਕ ਇਕ ਪਿੰਡ ਤੋਂ ਦੂਜੇ ਪਿੰਡ ਤੱਕ ਜਾਣ ਲਈ ਕੋਹਾਂ ਮੀਲਾਂ ਦਾ ਲੰਮਾ ਪੈਂਡਾ ਤੈਅ ਕਰਕੇ ਤੁਰ ਕੇ ਜਾਇਆ ਕਰਦੇ ਸਨ ਜਿਸ ਕਰਕੇ ਹੀ ਉਹ ਅੱਜ ਦੇ ਮਨੁੱਖ ਨਾਲੋਂ ਕਿਤੇ ਵੱਧ ਤਾਕਤਵਰ, ਤਕੜੇ ਤੇ ਸਿਹਤਮੰਦ ਹੁੰਦੇ ਸਨ। ਇਸ ਲਈ ਅੱਜ ਤੋਂ ਹੀ ਤੁਰਨ ਦੀ ਆਦਤ ਪਾਵੋ। ਕਿਸੇ ਕੰਮ ਲਈ ਬਾਹਰ ਜਾਣਾ ਹੈ ਜੇ ਸਮਾਂ ਹੋਵੇ ਤਾਂ ਤੁਰ ਕੇ ਹੀ ਜਾਵੋ। ਤੁਰਨ ਦਾ ਫਾਸਲਾ ਹੌਲੀ-ਹੌਲੀ ਵਧਾਉਂਦੇ ਰਹੋ। ਤੁਰਨ-ਫਿਰਨ ਨਾਲ ਰੋਗ ਕਦੇ ਨੇੜੇ ਨਹੀਂ ਫਟਕਦੇ। ਤੁਰਨਾ ਹੀ ਇਕ ਅਜਿਹੀ ਸਧਾਰਨ ਕਿਰਿਆ ਹੈ ਜੋ ਸਰੀਰ ਨੂੰ ਨਿਰੋਗ ਤਾਂ ਰੱਖਦੀ ਹੀ ਹੈ, ਸਗੋਂ ਉਸ ਨੂੰ ਲੱਗੀਆਂ ਹੋਈਆਂ ਕਈ ਬਿਮਾਰੀਆਂ ਦੇ ਇਲਾਜ ਵਿਚ ਵੀ ਕਾਫੀ ਸਹਾਇਕ ਹੁੰਦੀ ਹੈ। ਤੁਰਨ ਨਾਲ ਸਰੀਰ ਦੇ ਸਾਰੇ ਅੰਗਾਂ ਦੀ ਕੁਦਰਤੀ ਢੰਗ ਨਾਲ ਕਸਰਤ ਹੋ ਜਾਂਦੀ ਹੈ।

ਤੁਰਨਾ ਇਕ ਬਹੁਤ ਹੀ ਸਰਲ ਕਿਰਿਆ ਹੈ ਜਿਸ ਵਿਚ ਕਿਸੇ ਪ੍ਰਕਾਰ ਦੇ ਉਪਕਰਨ ਦੀ ਕੋਈ ਲੋੜ ਨਹੀਂ ਹੁੰਦੀ। ਬਸ ਇਕ ਜੋੜੀ ਜੁੱਤੀ ਪਾਓ ਤੇ ਤੁਰਨਾ ਸ਼ੁਰੂ ਕਰ ਦਿਓ। ਜ਼ਮੀਨ ’ਤੇ ਤੁਰੋ, ਪਹਾੜਾਂ ’ਤੇ ਚੜ੍ਹੋ ਜਾਂ ਫਿਰ ਖਾਈਆਂ ਵਿਚ ਉਤਰੋ, ਕਸਰਤ ਹੁੰਦੀ ਚਲੀ ਜਾਂਦੀ ਹੈ। ਕੋਈ ਵੀ ਮੌਸਮ ਹੋਵੇ। ਕੋਈ ਵੀ ਸਮਾਂ ਹੋਵੇ, ਤੁਰਨਾ ਸਦਾ ਜਾਰੀ ਰੱਖਿਆ ਜਾ ਸਕਦਾ ਹੈ। ਗਰਮੀ ਹੋਵੇ, ਸਰਦੀ ਹੋਵੇ ਹਰ ਦਿਨ ਨਿਰੰਤਰਤਾ ਤੇ ਨਿਯੰਤਰਤਾ ਨਾਲ ਤੁਰਨ ਵਿਚ ਕੋਈ ਰੋਕ ਨਹੀਂ ਆਉਂਦੀ। ਗਰਮੀ ਵਿਚ ਧੁੱਪ ਨਿਕਲਣ ਤੋਂ ਪਹਿਲਾਂ-ਪਹਿਲਾਂ ਸਵੇਰੇ-ਸਵੇਰੇ ਤੁਰਨਾ-ਫਿਰਨਾ ਬਹੁਤ ਗੁਣਕਾਰੀ ਹੁੰਦਾ ਹੈ। ਸਿਆਲ ਦੀ ਕੜਕਵੀਂ ਠੰਢ ਵਿਚ ਧੁੱਪ ਨਿਕਲਣ ’ਤੇ ਹੀ ਤੁਰਨਾ ਠੀਕ ਰਹਿੰਦਾ ਹੈ। ਬਹੁਤੀ ਕੜਕਵੀਂ ਧੁੱਪ ਹੋਵੇ ਜਾਂ ਫਿਰ ਮੀਂਹ ਪੈ ਰਿਹਾ ਹੋਵੇ ਤਾਂ ਛਤਰੀ ਲੈ ਕੇ ਤੁਰਨ ਦਾ ਅਨੰਦ ਲੈ ਸਕਦੇ ਹੋ। ਕਿਸੇ ਸਮੇਂ ਵੀ ਤੁਰਿਆ-ਫਿਰਿਆ ਜਾ ਸਕਦਾ ਹੈ। ਇਕੱਲੇ ਵੀ ਤੁਰ ਸਕਦੇ ਹੋ ਪਰ ਜੇ ਕਿਤੇ ਕੋਈ ਸਾਥ ਹੋਵੇ ਤਾਂ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ।

ਤੁਰਨ ਦੇ ਨਾਲ-ਨਾਲ ਗੱਲਾਂ ਕਰਦੇ ਹੋਏ ਗੱਪਾਂ ਦਾ ਮਜ਼ਾ ਵੀ ਲਿਆ ਜਾ ਸਕਦਾ ਹੈ। ਅੱਜਕੱਲ੍ਹ ਦੁਨੀਆਂ ਭਰ ਵਿਚ ਤੁਰਨ ਵਾਲਿਆਂ ਦੀਆਂ ਕਲੱਬਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚ ਉਹ ਆਪਣੀ ਉਮਰ ਦਾ ਸਾਥ ਲੱਭ ਕੇ ਤੁਰਨ ਲਈ ਹੋ ਨਿਕਲਦੇ ਹਨ। ਜੇ ਇਕ ਸਮੂਹ ਵਿਚ ਘੁੰਮਿਆ-ਫਿਰਿਆ ਜਾਵੇ ਤਾਂ ਉਸ ਨਾਲ ਨਾ ਤਾਂ ਬਹੁਤੀ ਥਕਾਵਟ ਮਹਿਸੂਸ ਹੁੰਦੀ ਹੈ ਤੇ ਨਾ ਹੀ ਅਕਾਊ ਬੋਰੀਅਤ। ਸਗੋਂ ਤੁਰਨ ਵਿਚ ਬਹੁਤ ਮਜ਼ਾ ਆਉਂਦਾ ਹੈ। ਹਰ ਰੋਜ਼ ਬਿਨਾਂ ਨਾਗਾ ਪਾਇਆਂ ਤੁਰਨ ਦੀ ਆਦਤ ਪਾਵੋ। ਜਿਹੜੇ ਲੋਕ ਆਪਣੀ ਸਿਹਤ ਤੰਦਰੁਸਤ ਰੱਖਣ ਲਈ ਬਚਪਨ ਤੋਂ ਹੀ ਆਦਤ ਪਾ ਲੈਂਦੇ ਹਨ ਉਹ ਸਾਰੀ ਉਮਰ ਠੀਕ-ਠਾਕ ਰਹਿੰਦੇ ਹਨ। ਕੋਈ ਬੀਮਾਰੀ ਉਨ੍ਹਾਂ ਦੇ ਨੇੜੇ ਨਹੀਂ ਢੁੱਕਦੀ। ਹੌਲੀ-ਹੌਲੀ ਤੁਰਨ ਨਾਲੋਂ ਤੇਜ਼ ਤੁਰਨਾ ਬਹੁਤ ਗੁਣਕਾਰੀ ਹੈ। ਤੇਜ਼ ਤੁਰੋ ਤੇ ਬੀਮਾਰੀਆਂ ਨੂੰ ਅੱਗੇ-ਅੱਗੇ ਭਜਾਓ। ਪਿੱਛੇ ਜਿਹੇ ਅਮਰੀਕਾ ਦੀ ਬੋਸਟਨ ਯੂਨੀਵਰਸਿਟੀ ਦੇ ਡਾਕਟਰ ਰਾਬਰਟ ਲੇਵਿਨ ਨੇ ਇਕ ਖੋਜ ਰਾਹੀਂ ਸਾਬਤ ਕਰਕੇ ਦਿਖਾਇਆ ਕਿ ਹਫਤੇ ਵਿਚ ਤਿੰਨ ਦਿਨ ਪੰਤਾਲੀ-ਪੰਤਾਲੀ ਮਿੰਟ ਤੇਜ਼ ਤੁਰਨ ਨਾਲ ਹੀ ਸਰੀਰ ਦੀ ਪੂਰੀ ਕਸਰਤ ਹੋ ਜਾਂਦੀ ਹੈ।

*(ਗੁਰਸਿੱਖ ਸੰਜੋਗ ’ਚੋਂ ਧੰਨਵਾਦ ਸਹਿਤ)*

## ਸਿੱਖ ਫੁਲਵਾੜੀ ਦੇ ਸੰਪਾਦਕ ਸ: ਹਰਜੀਤ ਸਿੰਘ ਦਾ ਡੁਬਈ ਅਤੇ ਅਮਰੀਕਾ ਦਾ ਪ੍ਰਚਾਰਕ ਦੌਰਾ

**ਸਿੱਖ ਫੁਲਵਾੜੀ ਮਾਸਿਕ ਪੱਤਰ ਦੇ ਸੰਪਾਦਕ ਸ: ਹਰਜੀਤ ਸਿੰਘ, ਜਲੰਧਰ 12 ਮਈ 2009 ਨੂੰ ਡੁਬਈ ਤੇ 16 ਮਈ 2009 ਨੂੰ ਯੂ.ਐਸ.ਏ. ਪਹੁੰਚ ਰਹੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਉਹਨਾਂ ਨੂੰ ਪੂਰਨ ਸਹਿਯੋਗ ਦੇ ਕੇ ਧਰਮ ਪ੍ਰਚਾਰ ਵਿਚ ਆਪਣਾ ਪੂਰਾ ਯੋਗਦਾਨ ਪਾਉਣ। ਆਪਣੇ ਛੋਟੇ ਜਿਹੇ ਟੂਰ ਵਿਚ ਉਹ ਕੁਝ ਦਿਨ ਸਰੀ ਕੈਨੇਡਾ ਅਤੇ ਟੋਰਾਂਟੋ ਵੀ ਜਾਣਗੇ। ਯੂ.ਐਸ.ਏ. ਵਿਖੇ ਉਹਨਾਂ ਨਾਲ ਫੋਨ ਨੰ: 347-282-4723 ’ਤੇ ਸੰਪਰਕ ਕੀਤਾ ਜਾ ਸਕਦਾ ਹੈ।**

ਕਾਵਿ-ਫੁਲਵਾੜੀ

# ਸੱਚ ਦਿਆਂ ਰਾਖਿਆਂ ਨੇ ਸੱਚ ਨੂੰ ਹੈ ਰੋਲਿਆ

ਪ੍ਰਭੂ ਦੇ ਦੁਆਰਿਓਂ ਪਾਇਆ ਸੀ ਜੋ ਗੁਰੂ ਨਾਨਕ, ਭਰ ਭਰ ਮੁੱਠਾਂ ਉਸ ਵੰਡਿਆ ਜਹਾਨ ਨੂੰ।
ਭਰ ਲਈਆਂ ਝੋਲੀਆਂ, ਰੱਬ ਦੇ ਪਿਆਰਿਆਂ ਨੇ, ਲੱਗੇ ਨੇ ਪਿਆਰੇ ਬੋਲ ਹਰ ਇਨਸਾਨ ਨੂੰ।
ਬਿਨਾਂ ਵਖਰੇਵੇਂ ਅਤੇ ਬਿਨਾਂ ਕਿਸੇ ਭਿੰਨ ਭੇਦ, ਦਿੱਤਾ ਉਸ ਖੁਲ੍ਹਾ ਸੱਦਾ ਹਰ ਹਿੰਦੂ ਮੁਸਲਮਾਨ ਨੂੰ।
'ਅਲਾਹ ਰਾਮ ਇਕ ਹੈ' ਤਾਂ ਹੀ ਗੁਰੂ ਬੋਲਾਂ ਤਾਈਂ, ਝੁੱਕਦਾ ਏ ਜੱਗ ਸਾਰਾ ਮਿੱਠੜੀ ਜ਼ੁਬਾਨ ਨੂੰ।
ਦਿਲਾਂ ਨੂੰ ਫਰੋਲਣੇ ਲਈ ਸੱਚ ਕੀ ਏ ਟੋਲਣੇ ਲਈ, ਗੁਰਮੁਖਾਂ ਨੂੰ ਖੋਜਦਾ ਉਦਾਸੀ ਬਾਬਾ ਹੋ ਗਿਆ।
ਦਿਲਾਂ 'ਚ ਵਸੇਂਦਾ ਰੱਬ ਹੋਰ ਕੁਝ ਝੂਠਾ ਸਭ, ਸੱਚ ਹੈ ਸਦੀਵੀ ਵਿਸ਼ਵਾਸੀ ਬਾਬਾ ਹੋ ਗਿਆ।
ਕਰੋਂ ਨਾ ਵਿਖਾਵੇ ਐਵੇਂ, ਰਹੋ ਨਾ ਭੁਲੇਖੇ ਵਿਚ, ਬਾਹਰੀ ਕਰਮ ਕਾਂਡਾਂ ਉੱਤੇ ਰੱਬ ਨਹੀਂ ਜੇ ਰੀਝਦਾ।
ਪਾਣੀਆਂ ਦੀ ਲੋੜ ਨਹੀਂ ਸੂਰਜਾਂ ਨੂੰ ਕਦੇ ਪਈ, ਏਹੋ ਜਿਹੇ ਬੋਲ ਸੀ ਉਹ ਹਿਰਦਿਆਂ 'ਚ ਬੀਜਦਾ।
ਭੁੱਲ ਜਾਓ ਆਪਾ ਤੁਸੀਂ ਕੀ ਹੋ ਤੇ ਕੀ ਹੋਣਾ, ਰਿਹਾ ਏ ਮੁੱਦਈ ਸਦਾ ਏਸੇ ਇਕ ਚੀਜ਼ ਦਾ।
ਲੁੱਟ ਦਿਆਂ ਮਾਲਾਂ ਵਿਚੋਂ, ਖਾਣਾ ਵੀ ਹਰਾਮ ਦਿੱਸੇ, ਦਿਲ ਓਹਦਾ ਕਿਰਤੀਆਂ ਦੀ ਕਿਰਤ ਤੇ ਪਸੀਜਦਾ।
ਅੰਬਰਾਂ ਦੇ ਥਾਲ ਵਿਚ ਸੂਰਜ ਤੇ ਚੰਦ ਦੀਵੇ, ਤਾਰਿਆਂ ਦੇ ਹੀਰੇ ਮੋਤੀ, ਮਹਿਕੀ ਪੌਣ ਚੌਰ ਕਰੇ।
ਫੁੱਲਾਂ ਲੱਦੀ ਬਨਸਪਤੀ ਆਰਤੀ ਕਰੇਂਦੀ ਦਿੱਸੇ, ਅਜੇ ਵੀ ਨਾ ਬਾਬਾ ਜੱਗ ਏਸ ਉਤੇ ਗੌਰ ਕਰੇ।
ਬਥੇਰਾ ਮੱਥਾ ਮਾਰਿਆ ਈ ਪਈ ਨਹੀਓਂ ਗੱਲ ਪੱਲੇ, ਸੱਜਣਾਂ ਨੇ ਛੱਡੀਆਂ ਨਹੀਂ ਅਜੇ ਤੱਕ ਠੱਗੀਆਂ।
ਰੱਤ ਪੀਣ ਮਾਣਸਾਂ ਦੀ ਚਿੱਤ ਨਹੀਓਂ ਮੈਲਾ ਹੁੰਦਾ, ਵਫਾ ਦੀਆਂ ਲਾਲੀਆਂ ਨਾ ਰੱਤਾਂ ਹੋਈਆਂ ਲੱਗੀਆਂ।
ਭੁੱਲ ਗੁਫਤਾਰਾਂ ਗਈਆਂ, ਉੱਡ ਦਸਤਾਰਾਂ ਗਈਆਂ ਹਉਮੈ ਹੰਕਾਰ ਦੀਆਂ ਨ੍ਹੇਰੀਆਂ ਨੇ ਵੱਗੀਆਂ।
ਚੌਧਰਾਂ ਤੇ ਦੌਲਤਾਂ ਦੀ, ਸ਼ੈਦਾਈ ਹੈ ਲੁਕਾਈ ਹੋਈ, ਨੀਂਦ ਕਿੱਥੇ ਆਵੇ ਜਦੋਂ ਇਹਨਾਂ ਨਾਲ ਲੱਗੀਆਂ।
ਵਿਚਾਰਦੇ ਨਹੀਂ ਬੋਲ ਤੇਰੇ ਮਾਲਕ ਖ਼ਜ਼ਾਨਿਆਂ ਦੇ, ਜਿੰਦਾ ਲਾ ਕੇ ਕੁੰਜੀ ਇਹਨਾਂ ਜੇਬ ਵਿਚ ਪਾਈ ਏ।
ਤੇਰੇ ਬੋਲਾਂ ਉੱਤੇ ਪਹਿਰਾ ਦੇਣ ਨੂੰ ਨਾ ਚਿੱਤ ਕਰੇ, ਸਾਧਾਂ ਦੇ ਮੁਰੀਦ ਬਣੇ ਸਾਧਾਂ ਦੀ ਚੜ੍ਹਾਈ ਏ।
ਰਾਗੀਆਂ ਨੂੰ ਰਾਗ ਭੁੱਲੇ, ਭਉ ਰਿਹਾ ਗੁਰੂ ਦਾ ਨਾ, ਇਕੋ ਇਕ ਰਾਗ ਹੁਣ ਪੈਸੇ ਦਾ ਅਲਾਪਦੇ।
ਮਹਾਨ ਰਾਗੀ ਉਂਞ ਅਖਵਾਉਣ ਸਿੱਖ ਪੰਥ ਦੇ ਇਹ, ਮੈਨੂੰ ਤੇ ਨੇ ਸਦਾ ਜਗਰਾਤੇ ਵਾਲੇ ਜਾਪਦੇ।
ਫਿਲਮੀ ਧੁਨਾਂ ਉਤੇ ਥਿਰਕਦੇ ਨੇ ਬੋਲ ਤੇਰੇ, ਲਗਦੇ ਨੇ ਭਾਗੀ ਹੁੰਦੇ ਗੁਰੂ ਦੇ ਸਰਾਪ ਦੇ।
ਕਿਸੇ ਪੱਲੇ ਕੀ ਪਿਆ ਗੁਰੂ ਨੇ ਹੈ ਕੀ ਕਿਹਾ? ਕੀਰਤੀ ਗੁਰੂ ਦੀ ਇਹ ਤਾਂ ਨੋਟਾਂ ਨਾਲ ਨਾਪਦੇ।
ਅਖੌਤੀ ਵਿਦਵਾਨਾਂ ਦੀ ਤਾਂ ਗੱਲ ਹੀ ਨਾ ਕਰੋ ਕੋਈ, ਹੰਨੇ ਹੰਨੇ ਮੀਰੀ ਕੋਈ ਕਿਸੇ ਨਾਲੋਂ ਘੱਟ ਨਹੀਂ।
ਸ਼ਰਧਾ ਪਿਆਰ ਤਾਂ ਉੱਡ ਗਿਆ ਖੰਭ ਲਾ ਕੇ, ਹਉਮੈ ਹੰਕਾਰ ਬਾਝੋਂ ਲੰਘਦਾ ਹੀ ਝੱਟ ਨਹੀਂ।
ਪਤਿਤ ਔਲਾਦ ਦਿੱਸੇ, ਕਰਦਾ ਸ਼ਰਾਧ ਦਿੱਸੇ, ਨਸ਼ਿਆਂ ਦੇ ਪਏ ਦਰਿਆ ਏਥੇ ਵਗਦੇ।
ਕੁੱਖਾਂ ਨੂੰ ਇਹ ਧੀਆਂ ਦੀਆਂ ਕਬਰਾਂ ਬਣਾਈ ਜਾਂਦੇ, ਪਾਪ ਕਰ ਦਿਲ ਨੇ ਚਿਤਾਵਾਂ ਵਾਂਗੂੰ ਮਘਦੇ।
ਮਾਲ ਹੀ ਵਿਕਾਊ ਸਾਰਾ ਕੀਹਦੀ ਕੀਹਦੀ ਗੱਲ ਕਰਾਂ, ਲਗਦੇ ਨੇ ਕਾਰੇ ਹੁਣ ਮਾੜੇ ਸਾਰੇ ਜਗ ਦੇ।
ਕੁਰਸੀਆਂ ਤੇ ਦੌਲਤਾਂ ਲਈ, ਆਗੂ ਬਦਨਾਮ ਹੋਏ, ਦਿਨੇ ਰਾਤੀਂ ਦੇਸ਼ ਅਤੇ ਕੌਮ ਨੂੰ ਈ ਠੱਗਦੇ।
ਲੱਟ ਲੱਟ ਬਲਦੀ ਜਵਾਨੀ ਖਾ ਲਈ ਨਸ਼ਿਆਂ ਨੇ, ਨੱਤੀਆਂ ਨੇ ਕੰਨੀ ਸਿਰ ਟੋਪੀ ਇਸ ਪਾਈ ਏ।
ਜਵਾਨੀ ਵਾਲਾ ਜੋਸ਼ ਹੈ ਨਈਂ ਦਾਨੇ ਵਾਲਾ ਹੋਸ਼ ਹੈ ਨਈਂ, ਜ਼ਿੰਦਗੀ ਵੀ ਐਵੇਂ ਜੀਕੂੰ ਮੌਤ ਪਰਨ੍ਹਾਈ ਏ।
ਇਹਨਾਂ ਵਿਚੋਂ ਮੈਂ ਵੀ ਇਕ, ਰੋਂਦਾ ਦਿਲ ਦਿਨੇ ਰਾਤੀਂ, ਤਾਈਓਂ ਹੀ ਮੈਂ ਅੱਕ ਦੁੱਖ ਤੇਰੇ ਨਾਲ ਫੋਲਿਆ।
ਸੋਲਾਂ ਆਨੇ ਸੱਚ ਹੈ ਕਿ ਰੁਲ ਜਾਣੀ ਏਵੇਂ ਸਿੱਖੀ, ਤੇਰੇ ਅੱਗੇ ਬਾਬਾ ਮੈਂ ਤਾਂ ਝੂਠ ਨਹੀਂ ਬੋਲਿਆ।
ਇਹ ਤਾਂ ਉਹ ਸੱਚ ਹੈ ਹੰਢਾਵਾਂ ਹੱਡੀਂ ਆਪਣੀ ਮੈਂ, ਤਲਖ ਹਕੀਕਤਾਂ ਨੇ ਕੁਫਰ ਨਹੀਓਂ ਤੋਲਿਆ।
ਕੌਮ ਦੀ ਤਰਾਸਦੀ ਹੈ ਰਤੀ ਭਰ ਝੂਠ ਨਹੀਓਂ ਸੱਚ ਦਿਆਂ ਰਾਖਿਆਂ ਨੇ ਸੱਚ ਨੂੰ ਹੈ ਰੋਲਿਆ।
ਰਾਜਨੀਤੀ ਹਾਵੀ ਹੋ ਗਈ ਅੱਜ ਹੈ ਧਰਮ ਉੱਤੇ, ਇਸ ਉੱਤੇ ਕੁੰਡਾ ਸਦਾ ਧਰਮ ਹੈ ਚਾਹੀਦਾ।
ਗੁਰੂ ਦੀਆਂ ਗੋਲਕਾਂ ਨਾਲ ਚਲਦੀ ਹੈ ਰਾਜਨੀਤੀ, ਕਹੀ ਜਾਣ ਭਾਵੇਂ ਰੂਪ ਸੰਤ ਤੇ ਸਿਪਾਹੀ ਦਾ।
ਜੋਦੜੀ ਹੈ ਤੇਰੇ ਅੱਗੇ, ਬਖ਼ਸ਼ ਦੇ ਸੁਮੱਤ ਇਹਨਾਂ, ਬਣ ਜਾਣ ਪਾਂਧੀ ਗੁਰਮਤਿ ਗਾਡੀ ਰਾਹ ਦੇ।
ਨਾਮ ਦਾ ਵਣਜ ਕਰਨ ਸੱਚ ਉੱਤੇ ਦੇਣ ਪਹਿਰਾ, ਬਣ ਜਾਣ ਸਿੱਖ 'ਕੋਮਲ' ਨਾਨਕ ਪਾਤਸ਼ਾਹ ਦੇ।

–ਸਤਿਨਾਮ ਸਿੰਘ 'ਕੋਮਲ', ਲੁਧਿਆਣਾ
ਫੋਨ : 94173-72345

# ਯੁਵਕ ਸ਼ਕਤੀ, ਦਸ਼ਾ ਤੇ ਦਿਸ਼ਾ

ਪ੍ਰਿੰ: (ਰਿਟਾ:) ਹਰੀ ਸਿੰਘ

ਮਨੁੱਖ ਦੇ ਤਿੰਨ ਸਮੇਂ ਹੁੰਦੇ ਹਨ—ਬਚਪਨ, ਜਵਾਨੀ ਅਤੇ ਬੁਢਾਪਾ। ਇਨ੍ਹਾਂ ਵਿਚੋਂ ਜਵਾਨੀ ਦਾ ਸਮਾਂ ਬਹੁਤ ਸਰਗਰਮ ਅਤੇ ਸ਼ਕਤੀਸ਼ਾਲੀ ਹੁੰਦਾ ਹੈ। ਜਵਾਨੀ 'ਚ ਜੋਸ਼ ਬਹੁਤ ਹੁੰਦਾ ਹੈ ਪਰ ਹੋਸ਼ ਅਤੇ ਸੂਝ ਦੀ ਘਾਟ ਹੁੰਦੀ ਹੈ। ਜੇ ਇਸ ਸਮੇਂ ਨੌਜੁਆਨ ਨੂੰ ਚੰਗੀ ਸੇਧ, ਚੰਗੀ ਸੰਗਤ ਅਤੇ ਚੰਗੀ ਸਿਖਿਆ ਮਿਲ ਜਾਵੇ ਤਾਂ ਉਹ ਇਕ ਕਾਮਯਾਬ ਇਨਸਾਨ ਬਣ ਜਾਂਦਾ ਹੈ ਪਰ ਜੇ ਇਸ ਦੇ ਉਲਟ ਉਸ ਨੂੰ ਚੰਗੇ ਨੈਤਿਕ ਗੁਣ ਨਾ ਦਿੱਤੇ ਜਾਣ ਜਾਂ ਉਸ ਦੀ ਸਿਖਲਾਈ ਠੀਕ ਨਾ ਹੋ ਪਾਵੇ ਤਾਂ ਉਹ ਕੁਰਾਹੇ ਪੈ ਜਾਂਦਾ ਹੈ ਅਤੇ ਸਮਾਜ ਦਾ ਅਤੇ ਆਪਣੇ ਆਪ ਦਾ ਉਹ ਵਿਨਾਸ਼ ਕਰਦਾ ਹੈ।

ਨੌਜੁਆਨ 'ਚ ਚੰਗੀਆਂ ਸੋਚਾਂ ਹੁੰਦੀਆਂ ਹਨ। ਉਹ ਸਮਾਜ 'ਚ ਇਨਸਾਫ਼ ਅਤੇ ਸਚਾਈ ਚਾਹੁੰਦਾ ਹੈ ਪਰ ਜਦ ਉਸ ਨੂੰ ਸਮਾਜ 'ਚ ਬੁਰਾਈ ਦਿੱਸਦੀ ਹੈ ਤਾਂ ਉਹ ਉਸ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ ਅਤੇ ਬਾਗੀ ਵੀ ਹੋ ਜਾਂਦਾ ਹੈ। ਇਹੋ ਜਿਹੇ ਸਮੇਂ ਕਈ ਲੋਕ ਜਾਂ ਪਾਰਟੀਆਂ ਨੌਜੁਆਨਾਂ ਨੂੰ ਆਪਣੇ ਹਿਤਾਂ ਲਈ ਵੀ ਵਰਤੋਂ ਕਰਦੀਆਂ ਹਨ। ਕਾਲਜਾਂ/ਸਕੂਲਾਂ ਵਿਚ ਕਈ ਪ੍ਰੋਫੈਸਰ ਅਤੇ ਅਧਿਆਪਕ ਵੀ ਵਿਦਿਆਰਥੀਆਂ ਨੂੰ ਆਪਣੇ ਨਿੱਜੀ ਸਵਾਰਥਾਂ ਲਈ ਕੁਰਾਹੇ ਪਾਉਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਕਦਰਾਂ-ਕੀਮਤਾਂ ਦਾ ਵਿਰੋਧ ਕੀਤਾ ਅਤੇ ਰੱਬੀ ਗਿਆਨ ਦਾ ਪ੍ਰਕਾਸ਼ ਕਰਨ ਲਈ ਉਦਾਸੀਆਂ 'ਤੇ ਗਏ। ਆਪਣੇ ਸੂਝ ਅਤੇ ਗਿਆਨ ਸਦਕਾ ਸਿੱਖ ਧਰਮ ਦੀ ਨੀਂਹ ਰੱਖੀ ਜਿਸ ਨੇ ਹਿੰਦੁਸਤਾਨ ਦੀ ਸੋਚ ਦਾ ਨਕਸ਼ਾ ਬਦਲ ਕੇ ਰੱਖ ਦਿੱਤਾ ਜਿਸ ਬਾਰੇ ਇਲਾਮਾ ਇਕਬਾਲ ਨੇ ਇੰਝ ਬਿਆਨ ਕੀਤਾ :

**ਫਿਰ ਉਠੀ ਸਦਾ ਤੋਹੀਦ ਕੀ ਪੰਜਾਬ ਸੇ।**
**ਇਕ ਮਰਦੇ ਕਾਮਲ ਨੇ**
**ਹਿੰਦ ਕੋ ਜਗਾਇਆ ਖ਼ੁਾਬ ਸੇ।**

ਇੰਝ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 11 ਸਾਲ ਦੀ ਉਮਰ 'ਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਕੇ ਸਿੱਖ ਧਰਮ ਵਿਚ ਸੰਤ-ਸਿਪਾਹੀ ਦੇ ਸੰਕਲਪ ਦੁਆਰਾ ਨਵੀਂ ਸ਼ਕਤੀ ਪੈਦਾ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ 'ਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। 33 ਸਾਲ ਦੀ ਉਮਰ 'ਚ ਖ਼ਾਲਸਾ ਪੰਥ ਸਜਾਇਆ ਅਤੇ ਮੁਗਲ ਰਾਜ ਵਿਰੁੱਧ ਇਕ ਸ਼ਕਤੀਸ਼ਾਲੀ ਤਾਕਤ ਖੜ੍ਹੀ ਕਰ ਦਿੱਤੀ। 42 ਸਾਲ ਦੀ ਕੁੱਲ ਉਮਰ ਵਿਚ ਵੱਡੇ-ਵੱਡੇ ਕਾਰਨਾਮੇ ਕਰ ਵਿਖਾਏ।

ਮਹਾਰਾਜਾ ਰਣਜੀਤ ਸਿੰਘ 21 ਸਾਲ ਦੀ ਉਮਰ ਵਿਚ ਪੰਜਾਬ ਦਾ ਮਹਾਰਾਜਾ ਬਣਿਆ ਅਤੇ 38 ਸਾਲ ਡਟ ਕੇ ਰਾਜ ਕੀਤਾ ਜਿਸ ਪੰਜਾਬ ਦੀਆਂ ਹੱਦਾਂ ਸਤਲੁਜ ਤੋਂ ਕਾਬਲ ਤੱਕ ਸਨ।

ਸ਼ਹੀਦ ਭਗਤ ਸਿੰਘ ਹੋਰਾਂ ਦੀ ਨੌਜੁਆਨ ਹਿੰਦ ਸਭਾ ਨੇ ਅੰਗਰੇਜ਼ੀ ਤਾਕਤ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਇੰਝ ਹੀ ਨੌਜੁਆਨਾਂ ਦੀ ਨਕਸਲੀ ਲਹਿਰ ਅਤੇ ਪੰਜਾਬ 'ਚ ਖਾੜਕੂ ਲਹਿਰ ਚੱਲੀ। ਅੱਜਕੱਲ੍ਹ ਮੁਸਲਮਾਨਾਂ ਦੀ ਤਾਲਿਬਾਨ ਲਹਿਰ ਚੱਲ ਰਹੀ ਹੈ, ਜੋ ਸਮਾਜ ਦਾ ਨੁਕਸਾਨ ਕਰ ਰਹੀ ਹੈ।

ਇਥੋਂ ਸਪੱਸ਼ਟ ਹੁੰਦਾ ਹੈ ਕਿ ਨੌਜੁਆਨ ਇਕ ਸ਼ਕਤੀ ਹੈ। ਜੇ ਇਹ ਚੰਗੇ ਪਾਸੇ ਤੁਰ ਪੈਣ ਤਾਂ ਰੇਗਿਸਤਾਨ ਨੂੰ ਗੁਲਸਤਾਨ ਬਣਾ ਦਿੰਦੇ ਹਨ ਪਰ ਜੇ ਪੁੱਠੇ ਪਾਸੇ ਚੱਲ ਪੈਣ ਤਾਂ ਇਹ ਆਪਣਾ ਅਤੇ ਸਮਾਜ ਦਾ ਸੱਤਿਆਨਾਸ ਕਰ ਦਿੰਦੇ ਹਨ।

ਅੱਜ ਸਾਡੇ ਦੇਸ਼ ਵਿਚ 20-30 ਸਾਲ ਦੀ ਉਮਰ ਦੇ 32 ਕਰੋੜ ਨੌਜੁਆਨ ਹਨ। ਇਹ ਨੌਜੁਆਨ ਬਹੁਤ ਸਰਗਰਮ ਹਨ। ਇਹ ਨਵੇਂ ਯੁੱਗ ਦੇ ਨੌਜੁਆਨ ਹਨ ਜੋ ਕੰਪਿਊਟਰ, ਮੋਬਾਈਲ, ਇੰਟਰਨੈਟ, ਮੋਟਰਸਾਈਕਲ, ਕਾਰਾਂ ਆਦਿ ਦੀ ਵਰਤੋਂ ਕਰਦੇ ਹਨ। ਟੀ. ਵੀ. ਰਾਹੀਂ ਇਨ੍ਹਾਂ ਦਾ ਗਿਆਨ ਬਹੁਤ ਹੈ ਅਤੇ ਇਨ੍ਹਾਂ ਦੀਆਂ ਆਸ਼ਾਵਾਂ ਅਤੇ ਮੰਗਾਂ ਵੀ ਬਹੁਤ ਹਨ। ਵਿਸ਼ਵੀਕਰਨ (Globalization) ਕਾਰਨ ਇਹ ਬਾਹਰਲੇ ਦੇਸ਼ਾਂ ਵਿਚ ਵੀ ਜਾਣਾ ਚਾਹੁੰਦੇ ਹਨ। ਇਹ ਇਕ ਵੱਡੀ ਸ਼ਕਤੀ ਹਨ ਅਤੇ ਜੇ ਇਹ ਠੀਕ ਤਰ੍ਹਾਂ ਨਾਲ ਸੰਗਠਿਤ ਹੋ ਜਾਣ ਜਾਂ ਇਹਨਾਂ ਦੀ ਠੀਕ ਸਿਖਲਾਈ ਅਤੇ ਵਿੱਦਿਆ ਹੋਵੇ ਤਾਂ ਇਹ ਸਮਾਜ ਦੀ ਉੱਨਤੀ ਲਈ ਵੱਡਾ ਯੋਗਦਾਨ ਪਾਉਣਗੇ। ਨਹੀਂ ਤਾਂ ਇਹ ਗੈਰ-ਸਮਾਜੀ ਕੰਮਾਂ ਵਿਚ ਰੁੱਝ ਜਾਣਗੇ ਅਤੇ ਦੇਸ਼/ਕੌਮ ਦਾ ਵਿਨਾਸ਼ ਕਰਨਗੇ।

**ਦਸ਼ਾ :**

ਆਓ ਨੌਜੁਆਨਾਂ ਦੀ ਦਸ਼ਾ ਬਾਰੇ ਵਿਚਾਰ ਕਰੀਏ। ਦੇਸ਼ ਵਿਚ ਆਜ਼ਾਦੀ ਤੋਂ ਬਾਅਦ ਬਹੁਤ ਤਰੱਕੀ ਹੋਈ ਹੈ ਅਤੇ ਹੋ ਰਹੀ ਹੈ। ਅੱਜ ਭਾਰਤ ਦੁਨੀਆਂ ਵਿਚ ਵੱਡੀ ਆਰਥਿਕ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ ਪਰ ਇਸ ਉੱਨਤੀ ਰਾਹੀਂ ਅਮੀਰ ਅਤੇ ਗਰੀਬ ਵਿਚ ਪਾੜਾ ਬਹੁਤ ਵਧਿਆ ਹੈ। ਚੰਗੀ ਵਿੱਦਿਆ ਬਹੁਤ ਮਹਿੰਗੀ ਹੋ ਗਈ ਹੈ। ਇਕ ਇੰਜੀਨੀਅਰ ਬਣਨ ਲਈ ਡੇਢ ਲੱਖ ਰੁਪਏ ਸਾਲ ਦੇ ਚਾਹੀਦੇ ਹਨ। ਇੰਝ ਹੀ ਡਾਕਟਰੀ ਵਿੱਦਿਆ ਬਹੁਤ ਮਹਿੰਗੀ ਹੈ। ਪਿੰਡਾਂ ਦੀ ਵਿੱਦਿਆ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ। ਪ੍ਰੋਫੈਸਰ/ਟੀਚਰ ਟੀਊਸ਼ਨਾਂ ਦੇ ਪਿੱਛੇ ਭੱਜੇ ਫਿਰਦੇ ਹਨ। ਵਿਦਿਆਰਥੀਆਂ ਨੂੰ ਗਾਈਡ ਕਰਨਾ ਜਾਂ ਰਸਤਾ ਦੱਸਣ ਲਈ ਅਧਿਆਪਕ ਕੋਈ ਵਿਰਲਾ ਹੀ ਹੈ। ਸਾਡੇ ਸਿਆਸੀ ਤੇ ਧਾਰਮਿਕ ਆਗੂ ਜਾਂ ਵਡੇਰੇ ਲੋਕ ਨੌਜੁਆਨਾਂ ਲਈ ਰੋਲ ਮਾਡਲ ਨਹੀਂ ਬਣ ਰਹੇ। ਵਿੱਦਿਆ ਇਹੋ ਜਿਹੀ ਹੈ ਕਿ ਨੌਜੁਆਨ ਨਾ ਘਰ ਦਾ ਕੰਮ ਕਰਨਾ ਚਾਹੁੰਦਾ ਹੈ ਅਤੇ ਨਾ ਹੀ ਕੋਈ ਬਾਹਰ ਕੰਮ ਮਿਲ ਰਿਹਾ ਹੈ। ਪੰਜਾਬ 'ਚ ਉਦਯੋਗ ਵਧ ਨਹੀਂ ਰਿਹਾ ਬਲਕਿ ਦੂਜੇ ਪ੍ਰਾਂਤਾਂ ਵਿਚ ਜਾ ਰਿਹਾ ਹੈ, ਜਿਥੇ ਸਹੂਲਤਾਂ ਜ਼ਿਆਦਾ ਹਨ। ਬੇਰੁਜ਼ਗਾਰੀ ਵਧ ਰਹੀ ਹੈ ਅਤੇ ਹੱਥੀਂ ਕੰਮ ਕਰਨ ਦਾ ਕਲਚਰ (Working Culture) ਖ਼ਤਮ ਹੁੰਦਾ ਜਾ ਰਿਹਾ ਹੈ। ਟੀ. ਵੀ., ਫਿਲਮਾਂ ਨੌਜੁਆਨਾਂ ਨੂੰ ਉਸਾਰੂ ਸੰਦੇਸ਼ ਨਹੀਂ ਦੇ ਰਹੀਆਂ। ਅੱਜ ਨੌਜੁਆਨ ਖਾਣ-ਪੀਣ ਜਾਂ ਭੰਗੜੇ ਪਾਉਣ ਵਿਚ ਸੁਆਦ ਲੈ ਰਿਹਾ ਹੈ। ਸੇਧ-ਰਹਿਤ, ਬੇਰੁਜ਼ਗਾਰ ਅਤੇ ਨੈਤਿਕ ਕੀਮਤਾਂ ਤੋਂ ਸੱਖਣਾ ਨੌਜੁਆਨ ਉਦਾਸੀ ਅਤੇ ਢਾਊ ਰੁਚੀਆਂ ਦੇ ਵਿਚ ਫਸਿਆ ਪਿਆ ਦਿੱਸਦਾ ਹੈ। ਇਹੋ ਜਿਹੇ ਸਮੇਂ ਡਰੱਗ-ਮਾਫੀਆ (ਨਸ਼ਿਆਂ ਦੇ ਵਪਾਰੀ) ਨੌਜੁਆਨ ਨੂੰ ਘੇਰ ਲੈਂਦੇ ਹਨ। ਅੱਜ ਪਿੰਡਾਂ ਵਿਚ 80-90% ਨੌਜੁਆਨ ਨਸ਼ਿਆਂ ਦੇ ਵਿਚ ਫਸੇ ਪਏ ਹਨ। ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀ ਨਸ਼ਾ ਲੈ ਰਹੇ ਹਨ। ਜਵਾਨੀ ਬਰਬਾਦ ਹੋ ਰਹੀ ਹੈ।

ਭਰੂਣ ਹੱਤਿਆ ਰਾਹੀਂ ਨੌਜੁਆਨਾਂ ਲਈ ਯੋਗ ਲੜਕੀਆਂ ਮਿਲਣੀਆਂ ਸਮੱਸਿਆ ਬਣਦੀ ਜਾ ਰਹੀ ਹੈ। ਵਿਆਹਾਂ-ਸ਼ਾਦੀਆਂ ਤੇ ਹੋ ਰਹੇ ਬਹੁ-ਖਰਚੇ ਨੌਜੁਆਨਾਂ ਦੀ ਸੋਚ ਨੂੰ ਮਾੜਾ ਬਣਾ ਰਹੇ ਹਨ। ਕੁਰੱਪਸ਼ਨ ਨੌਜੁਆਨਾਂ ਵਿਚ ਸਮਾਜ ਲਈ ਨਫ਼ਰਤ ਪੈਦਾ ਕਰ ਰਹੀ ਹੈ।

**ਦਿਸ਼ਾ :**

ਉਪਰੋਕਤ ਦਸ਼ਾ ਵਿਚੋਂ ਕੇਵਲ ਦਿਸ਼ਾ

ਨਿਰਾਸ਼ਾ ਵੱਲ ਜਾਵੇਗੀ ਜਾਂ ਨੌਜੁਆਨ ਬਾਗੀ ਹੋ ਕੇ ਬੁਰੇ ਕੰਮਾਂ 'ਚ ਫਸੇਗਾ। ਜਦ ਵੀ ਕੋਈ ਸਮਾਜ ਚੰਗੇ ਅਸੂਲਾਂ ਤੋਂ ਗਿਰ ਜਾਵੇਗਾ ਜਾਂ ਉਸ ਵਿਚ ਡਸਿਪਲਨ ਨਹੀਂ ਰਹੇਗਾ ਜਾਂ ਨੈਤਿਕ ਕਦਰਾਂ-ਕੀਮਤਾਂ ਖ਼ਤਮ ਹੋ ਜਾਣਗੀਆਂ ਤਾਂ ਉਹ ਦੇਸ਼/ਕੌਮ/ਸਮਾਜ ਖਤਮ ਹੋ ਜਾਵੇਗਾ। ਅੱਜ ਅਮਰੀਕਾ 'ਚ ਜੋ ਆਰਥਿਕ ਮੰਦਵਾੜਾ ਆਇਆ ਹੈ ਉਸ ਦਾ ਕਾਰਨ ਉਸ ਦੇਸ਼ 'ਚ ਆਰਥਿਕ ਕੰਟਰੋਲ 'ਚ ਡਸਿਪਲਨ ਦੀ ਕਮਜ਼ੋਰੀ ਆਈ ਜਿਸ ਨਾਲ ਲੱਖਾਂ ਲੋਕ ਅਮਰੀਕਾ ਵਿਚ ਬੇਰੁਜ਼ਗਾਰ ਹੋ ਗਏ ਅਤੇ ਸਾਰੀ ਦੁਨੀਆਂ ਉੱਪਰ ਮਾੜਾ ਅਸਰ ਪਿਆ ਹੈ। ਦੇਸ਼ ਦੀ ਸਤਿਅਮ ਕੰਪਨੀ 'ਚ ਜੋ ਪ੍ਰਬੰਧਕੀ ਹੇਰਾ ਫੇਰੀ ਹੋਈ, ਉਸ ਨਾਲ ਹਜ਼ਾਰਾਂ ਨਿਵੇਸ਼ਕਾਰਾਂ ਨੂੰ ਘਾਟਾ ਪੈ ਗਿਆ ਅਤੇ ਕੰਪਨੀ ਡੁੱਬ ਗਈ। ਅੱਜ ਦੇਸ਼ ਵਿਚ ਕੁਰੱਪਸ਼ਨ ਬਹੁਤ ਵਧ ਰਹੀ ਹੈ ਅਤੇ ਲੀਡਰ ਈਮਾਨਦਾਰੀ ਅਤੇ ਸੁੱਚੇ ਜੀਵਨ ਦਾ ਨਮੂਨਾ ਪੇਸ਼ ਨਹੀਂ ਕਰ ਰਹੇ। ਇਹੋ ਜਿਹੀ ਦਸ਼ਾ 'ਚ ਦੇਸ਼ ਦੀ ਦਿਸ਼ਾ ਮਾੜੀ ਹੀ ਹੁੰਦੀ ਜਾਵੇਗੀ। ਇਹੋ ਜਿਹੇ ਸਮੇਂ ਨੌਜੁਆਨ ਸਮਾਜ-ਵਿਰੋਧੀ ਕੰਮਾਂ ਵਿਚ ਫਸਦਾ ਜਾਵੇਗਾ। ਗੁਰੂ ਗੋਬਿੰਦ ਸਿੰਘ ਜੀ ਨੇ ਹੋਕਾ ਦਿੱਤਾ ਸੀ ਕਿ ਕੁੜੀ ਮਾਰਨ ਵਾਲੇ ਨਾਲ ਰਿਸ਼ਤਾ ਨਹੀਂ ਕਰਨਾ। ਅੱਜ ਅਸੀਂ ਭਰੂਣ ਹੱਤਿਆ 'ਚ ਸ਼ਰਮ ਮਹਿਸੂਸ ਨਹੀਂ ਕਰ ਰਹੇ। ਸਾਨੂੰ ਗੁਰੂਆਂ ਨੇ ਕਿਰਤ ਕਰੋ ਦਾ ਉਪਦੇਸ਼ ਦਿੱਤਾ ਸੀ ਪਰ ਅਸੀਂ ਹੱਥੀਂ ਕੰਮ ਕਰਨ ਨੂੰ ਮਾੜਾ ਸਮਝਦੇ ਹਾਂ। ਸਾਨੂੰ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦਿੱਤਾ ਸੀ :

**ਸਚਹੁ ਓਰੈ ਸਭੁ ਕੋ**
**ਉਪਰਿ ਸਚੁ ਆਚਾਰੁ ॥** *(੬੨)*

ਪਰ ਅੱਜ ਅਸੀਂ ਪੈਸੇ ਦੀ ਦੌੜ 'ਚ ਰੁਝੇ ਹੋਏ ਇਖਲਾਕੀ ਕਦਰਾਂ-ਕੀਮਤਾਂ ਭੁੱਲੀ ਬੈਠੇ ਹਾਂ। ਅਸੀਂ ਵਡੇਰੇ ਇਹੋ ਜਿਹੇ ਹਰ ਰੋਜ਼ ਕਰਮ ਕਰਦੇ ਹਾਂ ਜੋ ਨੌਜੁਆਨ ਲਈ ਭੈੜੀ ਮਿਸਾਲ ਬਣਦੇ ਹਨ। ਅੱਜ ਲੋਕੀਂ ਤੇ ਖਾਸ ਤੌਰ 'ਤੇ ਨੌਜੁਆਨ ਚੰਗੀ ਲੀਡਰਸ਼ਿਪ, ਚੰਗੇ ਅਧਿਆਪਕਾਂ ਅਤੇ ਚੰਗੇ ਵਿਅਕਤੀਆਂ ਦੀ ਘਾਟ ਕਾਰਨ ਦਿਸ਼ਾ-ਹੀਨ ਹੈ ਅਤੇ ਜੀਵਨ 'ਚ ਭਟਕ ਰਿਹਾ ਹੈ। ਅੱਜ ਲੋੜ ਹੈ ਕਿ ਕਿਵੇਂ ਸਮਾਜ 'ਚ ਚੰਗੇ ਇਖਲਾਕੀ-ਗੁਣ ਪੈਦਾ ਕੀਤੇ ਜਾਣ? ਜਿਵੇਂ ਕਿਰਤ ਕਰਨ ਦੀ ਸੋਚ (Work-Culture) ਪੈਦਾ ਕੀਤਾ ਜਾਵੇ? ਕਿਵੇਂ ਵਿੱਦਿਆ ਦਾ ਪੱਧਰ ਉੱਚਾ ਕੀਤਾ ਜਾਵੇ? ਕਿਵੇਂ ਨਵੇਂ ਚੁਣੌਤੀਆਂ ਭਰੇ (Competition) ਯੁੱਗ 'ਚ ਨੌਜੁਆਨਾਂ 'ਚ ਸ਼ਕਤੀ ਤੇ ਸਵੈਮਾਨ ਭਰਿਆ ਜਾਵੇ? ਕਿਵੇਂ ਨੌਜੁਆਨਾਂ ਨੂੰ ਯੋਗ ਅਗਵਾਈ ਦਿੱਤੀ ਜਾਵੇ? ਕਿਵੇਂ ਹੋਰ ਰੋਜ਼ਗਾਰ ਪੈਦਾ ਕੀਤੇ ਜਾਣ?

ਇਨ੍ਹਾਂ ਸਵਾਲਾਂ ਬਾਰੇ ਹਰ ਸਮਾਜ ਦੇ ਜ਼ਿੰਮੇਵਾਰ ਵਿਅਕਤੀ ਨੂੰ ਗੰਭੀਰਤਾ ਨਾਲ ਸੋਚਣਾ ਅਤੇ ਇਹਨਾਂ ਦਾ ਹੱਲ ਲੱਭਣਾ ਚਾਹੀਦਾ ਹੈ।

---

ਜੀਵਨ-ਚੱਜ

# ਕੋਮਲ ਹਿਰਦੇ ਵਾਲੇ (ਮਹਾਨ ਵਿਦਵਾਨ) ਪ੍ਰੋ: ਸਾਹਿਬ ਸਿੰਘ ਜੀ

✍ **ਗਿਆਨੀ ਹਰਬੰਸ ਸਿੰਘ 'ਤੇਗ', ਨਵਾਂ ਸ਼ਹਿਰ, 98149-44163**

ਸਾਨੂੰ ਗੁਰਬਾਣੀ ਪੜ੍ਹਾਉਣ ਲਈ ਮਾਨਯੋਗ ਪ੍ਰੋ: ਸਾਹਿਬ ਸਿੰਘ ਜੀ ਰੋਜ਼ਾਨਾ ਦੀ ਤਰ੍ਹਾਂ ਹੀ ਪੜ੍ਹਾ ਕੇ ਸਮੇਂ ਸਿਰ ਆਪਣੇ ਘਰ ਨੂੰ ਰਿਕਸ਼ੇ 'ਚ ਬਹਿ ਕੇ ਚਲੇ ਗਏ ਸਨ।

ਲੰਗਰ ਛਕ ਕੇ ਅਸੀਂ ਇਕ ਘੰਟੇ ਦੀ ਛੁੱਟੀ ਜਿਹੀ ਹੀ ਕਰ ਰਹੇ ਸਾਂ। ਸੇਵਾਦਾਰ ਸਾਧੂ ਸਿੰਘ ਨੇ ਘੰਟੀ ਵਜਾ ਕੇ ਸਭ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸਰਦਾਰ ਜੀ! ਸਾਰਿਆਂ ਨੂੰ ਪ੍ਰੋ: ਸਾਹਿਬ ਸਿੰਘ ਜੀ ਨੇ ਗੁਰਦੁਆਰੇ ਵਿਚ ਬੁਲਾਇਆ ਹੈ।

ਅਸੀਂ ਭੀ ਹੈਰਾਨ ਹੋ ਗਏ, ਹੁਣ ਇਸ ਵੇਲੇ ਪ੍ਰੋ: ਸਾਹਿਬ ਸਿੰਘ ਜੀ ਨੇ ਕਿਸ ਲਈ ਇਕੱਠੇ ਕੀਤਾ ਹੋਏਗਾ? ਖੈਰ! ਸਾਰੇ ਹੀ ਪਹੁੰਚ ਗਏ, ਫ਼ਤਹਿ ਬੁਲਾ ਕੇ ਸਾਰੇ ਬੈਠ ਗਏ। ਇਕ ਦੂਜੇ ਵੱਲ ਸੁਆਲੀਆ ਨਜ਼ਰਾਂ ਨਾਲ ਵੇਖਦੇ, ਉਡੀਕ ਕਰਨ ਲੱਗੇ ਕਿ ਪ੍ਰੋ: ਸਾਹਿਬ ਸਿੰਘ ਜੀ ਕੀ ਕਹਿਣਗੇ, ਇਸ ਵੇਲੇ ਕੀ ਕਰਨ ਆਏ ਹੋਣਗੇ?

ਕਹਿਣ ਲੱਗੇ, "ਕਾਕਾ ਦਰਸ਼ਨ ਸਿੰਘਾ ਮੈਂ ਤੇਰੇ ਪਾਸੋਂ ਮੁਆਫੀ ਮੰਗਣ ਆਇਆ ਹਾਂ, ਭਾਵੇਂ ਮੈਂ ਤੈਨੂੰ ਤੇਰੇ ਚੰਗੇ ਭਵਿੱਖ ਲਈ ਹੀ ਝਿੜਕਿਆ ਸੀ ਪਰ ਮੈਂ ਘਰ ਜਾ ਕੇ ਔਖਾ ਮਹਿਸੂਸ ਕੀਤਾ ਕਰਕੇ ਉਥੇ ਬਹਿ ਨਹੀਂ ਸਕਿਆ ਤੇ, ਤੁਹਾਡੇ ਪਾਸ ਆਇਆ ਹਾਂ; ਤੂੰ ਮੈਨੂੰ ਮੁਆਫ਼ ਕਰ ਦੇ।" ਅਸੀਂ ਸਾਰੇ ਸਿਰ ਨੀਵੇਂ ਕਰਕੇ ਬੈਠੇ ਸੀ। "ਜੀ, ਮੈਂ ਤੁਹਾਨੂੰ ਕਾਹਦੀ ਮਾਫ਼ੀ ਦਿਆਂ, ਤੁਸੀਂ ਮੈਨੂੰ ਕੋਈ ਬੁਰੀ ਗੱਲ ਆਖੀ ਹੀ ਨਹੀਂ ਸਗੋਂ ਮੇਰੀ ਗ਼ਲਤੀ ਸੀ ਜਿਸ ਤੋਂ ਤੁਸੀਂ ਮੈਨੂੰ ਵਰਜਿਆ ਸੀ।" ਦਰਸ਼ਨ ਸਿੰਘ ਨੇ ਆਖਿਆ। ਬਾਕੀ ਭੀ ਮੂੰਹ 'ਚੋਂ ਹੌਲੀ-ਹੌਲੀ ਇਹੋ ਹੀ ਕਹਿੰਦੇ ਸੀ ਪਰ ਪ੍ਰੋ: ਸਾਹਿਬ ਸਿੰਘ ਜੀ ਕਹਿੰਦੇ, "ਇਹਦਾ ਮਤਲਬ ਤੂੰ ਮੈਨੂੰ ਮੁਆਫ਼ ਨਹੀਂ ਕਰਨਾ ਚਾਹੁੰਦਾ। ਮੈਂ ਮੁੜ ਕੇ ਤਾਂ ਹੀ ਜਾਣਾ ਹੈ ਜੇ ਤੂੰ ਮੁਆਫ਼ ਕਰੇਂਗਾ।" ਉਸ ਵੇਲੇ ਦਾ ਨਕਸ਼ਾ ਅੱਜ ਵੀ ਜਦੋਂ ਮੇਰੇ ਦਿਮਾਗ਼ ਵਿਚ ਆਉਂਦਾ ਹੈ ਸੋਚਦਾ ਹਾਂ ਸਿੱਖ ਕੌਮ ਦਾ ਮਹਾਨ ਵਿਦਵਾਨ, ਟੀਕਾਕਾਰ ਜਿਸ ਨੂੰ ਵਿਦਵਾਨਾਂ ਨੇ ਗੁਰਬਾਣੀ ਦਾ ਪਾਣਿਨੀ ਮੰਨਿਆ ਹੈ ਕਿਵੇਂ ਘਗਿਆ ਕੇ ਆਪਣੇ ਸ਼ਗਿਰਦਾਂ ਸਾਹਮਣੇ ਆਪਣੇ ਹੀ ਇਕ ਸ਼ਰਾਰਤੀ ਜਿਹੇ ਸ਼ਗਿਰਦ ਪਾਸੋਂ ਵਾਰ-ਵਾਰ ਆਖ ਕੇ ਮੁਆਫ਼ੀ ਚਾਹੁੰਦਾ ਹੈ।

ਆਖ਼ਰ ਮਜਬੂਰੀ ਵੱਸ ਸਾਡੇ ਉਸ ਮਜਬੂਰ ਸਾਥੀ ਨੂੰ ਕਹਿਣਾ ਹੀ ਪਿਆ ਸੀ ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਆਖ ਦਿੰਦਾ ਹਾਂ ਕਿ 'ਮੁਆਫ਼ ਕੀਤਾ'। ਕਹਿਣ ਲੱਗੇ ਤੁਹਾਡਾ ਸਭ ਦਾ ਹੀ ਧੰਨਵਾਦ, ਤੁਸੀਂ ਮੇਰੇ ਆਖੇ ਸਮਾਂ ਕੱਢ ਕੇ ਇਥੇ ਆਏ ਹੋ ਇਹਦਾ ਭੀ ਧੰਨਵਾਦ। ਉਠਕੇ ਵਾਪਿਸ ਉਸੇ ਰਿਕਸ਼ੇ ਵਾਲੇ ਨਾਲ ਘਰ ਨੂੰ ਗਏ।

ਬਾਅਦ ਵਿਚ ਅਸੀਂ ਸਾਰੇ ਆਪਸੀ ਵਿਚਾਰ ਕਰਦੇ ਰਹੇ ਕਿ ਗੱਲ ਤਾਂ ਕੋਈ ਖਾਸ ਹੋਈ ਨਹੀਂ ਸੀ। ਦਰਸ਼ਨ ਸਿੰਘ ਆਪਣੀ ਆਦਤ ਅਨੁਸਾਰ ਕਲਾਸ ਵਿਚ ਗ਼ਲਤ ਇਸ਼ਾਰੇ ਜਿਹੇ ਅਤੇ ਹਿਲਜੁਲ ਜਿਹੀ ਕਰਦਾ ਕਰਕੇ ਹੀ ਪ੍ਰੋ: ਸਾਹਿਬ ਸਿੰਘ ਜੀ ਦੀ ਨਜ਼ਰ ਪੈਣ ਕਰਕੇ ਹੀ ਉਸ ਨੂੰ ਤਾੜਿਆ ਗਿਆ ਸੀ ਕਿ "ਹੋਰਨਾਂ ਦਾ ਸਮਾਂ ਨਸ਼ਟ ਨਾ ਕਰ! ਜਾਹ ਉਠ ਜਾਹ! ਜੇ ਤੇਰੀ ਬਿਰਤੀ ਨਹੀਂ ਬਣਦੀ।"

ਦੂਜੇ ਦਿਨ ਪੜ੍ਹਾਉਣ ਆਏ ਭੀ ਆਪਣੇ ਸ਼ਗਿਰਦ ਤੋਂ ਖਿਮਾਂ ਮੰਗ ਸਕਦੇ ਸੀ ਜਾਂ ਉਸਨੂੰ ਸੁਨੇਹਾ ਭੇਜ ਕੇ ਘਰ ਬੁਲਾ ਕੇ ਭੀ ਉਸ ਤੋਂ ਖਿਮਾਂ ਮੰਗ ਸਕਦੇ ਸਨ।

ਸਾਨੂੰ ਸਭ ਨੂੰ ਸੱਦ ਕੇ ਇਕੱਠੇ ਕਰਕੇ ਸਭ ਦੇ ਸਾਹਮਣੇ ਉਸ ਤੋਂ ਮੁਆਫ਼ੀ ਵਾਲੀ ਗੱਲ ਨੇ ਜੋ ਸਾਨੂੰ ਸੇਧ ਦਿੱਤੀ ਜਾਂ ਉਨ੍ਹਾਂ ਦੀ ਹਿਰਦੇ ਦੀ ਕੋਮਲਤਾ ਦਾ ਪ੍ਰਭਾਵ ਸਾਡੇ ਉੱਤੇ ਪਿਆ ਉਹ ਅੱਜ ਭੀ ਕਾਇਮ ਹੈ ਕਿ ਕਿੰਨੇ ਕੋਮਲ ਹਿਰਦੇ ਦੇ ਮਾਲਕ ਸਨ ਪ੍ਰੋ: ਸਾਹਿਬ ਸਿੰਘ ਜੀ। ਦਰਪਣ ਦੇ ਰਚੇਤਾ ਗੁਰਬਾਣੀ ਦੇ ਮਹਾਨ ਵਿਆਕਰਣ ਖੋਜੀ, ਗੁਰਬਾਣੀ ਦੇ ਪਾਣਿਨੀ ਨੂੰ ਚੇਤੇ ਕਰਦਿਆਂ ਸਿਰ ਝੁਕਦਾ ਹੈ।

# ਬਾਲ ਫੁਲਵਾੜੀ

**ਸਰਲ ਅਰਥ**

**ਗਉੜੀ ਮਹਲਾ ੫ ਮਾਂਝ॥**

(1) **ਦੁਖ ਭੰਜਨੁ ਤੇਰਾ ਨਾਮੁ ਜੀ, ਦੁਖ ਭੰਜਨੁ ਤੇਰਾ ਨਾਮੁ॥**
(2) **ਆਠ ਪਹਰ ਆਰਾਧੀਐ, ਪੂਰਨ ਸਤਿਗੁਰ ਗਿਆਨੁ॥੧॥ਰਹਾਉ॥**
(3) **ਜਿਤੁ ਘਟਿ ਵਸੈ ਪਾਰਬ੍ਰਹਮੁ, ਸੋਈ ਸੁਹਾਵਾ ਥਾਉ॥**
(4) **ਜਮ ਕੰਕਰੁ ਨੇੜਿ ਨ ਆਵਈ, ਰਸਨਾ ਹਰਿ ਗੁਣ ਗਾਉ॥੧॥**
(5) **ਸੇਵਾ ਸੁਰਤਿ ਨ ਜਾਣੀਆ, ਨਾ ਜਾਪੈ ਆਰਾਧਿ॥**
(6) **ਓਟ ਤੇਰੀ ਜਗਜੀਵਨਾ, ਮੇਰੇ ਠਾਕੁਰ ਅਗਮ ਅਗਾਧਿ॥੨॥**
(7) **ਭਏ ਕ੍ਰਿਪਾਲ ਗੁਸਾਈਆ, ਨਠੇ ਸੋਗ ਸੰਤਾਪ॥**
(8) **ਤਤੀ ਵਾਉ ਨ ਲਗਈ, ਸਤਿਗੁਰਿ ਰਖੇ ਆਪਿ॥੩॥**
(9) **ਗੁਰੁ ਨਾਰਾਇਣੁ, ਦਯੁ ਗੁਰੁ, ਗੁਰੁ ਸਚਾ ਸਿਰਜਣਹਾਰੁ॥**
(10) **ਗੁਰਿ ਤੁਠੈ ਸਭ ਕਿਛੁ ਪਾਇਆ, ਜਨ ਨਾਨਕ ਸਦ ਬਲਿਹਾਰ॥੪॥** *(੨੧੮)*

**ਪਦ ਅਰਥ :** **ਦੁਖ ਭੰਜਨ**—ਦੁੱਖਾਂ ਨੂੰ ਨਾਸ (ਖ਼ਤਮ) ਕਰਨ ਵਾਲਾ। **ਘਟਿ**—ਹਿਰਦੇ ਵਿਚ। **ਜਮ ਕੰਕਰ**—ਜਮਦੂਤ। **ਰਸਨਾ**—ਜੀਭ। **ਸੁਰਤਿ**—ਸੂਝ, ਸਮਝ। **ਅਗਮ**—ਜਿਥੋਂ ਤੱਕ ਮਨ ਪਹੁੰਚ ਨਾ ਸਕੇ। **ਅਗਾਧਿ**—ਅਥਾਹ। **ਗੁਸਾਈਆ**—ਸ੍ਰਿਸ਼ਟੀ ਦਾ ਮਾਲਕ। **ਦਯੁ**—ਪਿਆਰ ਕਰਨ ਵਾਲਾ ਪ੍ਰਭੂ! **ਸਚਾ**—ਹਮੇਸ਼ਾ ਕਾਇਮ ਰਹਿਣ ਵਾਲਾ।

**ਅਰਥ :** (1) ਹੇ ਪ੍ਰਭੂ! ਤੇਰਾ ਨਾਮ ਆਤਮਿਕ ਦੁਖਾਂ ਨੂੰ ਖ਼ਤਮ ਕਰਨ ਵਾਲਾ ਹੈ।
(2) ਇਹ ਨਾਮ ਅੱਠੇ ਪਹਿਰ (ਦਿਨ-ਰਾਤ) ਸਿਮਰਨਾ ਚਾਹੀਦਾ ਹੈ—ਪੂਰੇ ਸਤਿਗੁਰੂ ਤੋਂ ਇਹ ਸੋਝੀ (ਸਮਝ) ਮਿਲਦੀ ਹੈ।
(3) ਜਿਸ ਹਿਰਦੇ ਵਿਚ ਪ੍ਰਭੂ ਆ ਵੱਸਦਾ ਹੈ, ਉਹੀ ਹਿਰਦਾ ਰੂਪੀ ਥਾਂ ਸੋਹਣਾ ਬਣ ਜਾਂਦਾ ਹੈ।
(4) ਜਿਹੜਾ ਮਨੁੱਖ ਆਪਣੀ ਜੀਭ ਨਾਲ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਮਦੂਤ (ਮੌਤ ਦਾ ਡਰ) ਉਸ ਦੇ ਨੇੜੇ ਨਹੀਂ ਆਉਂਦਾ।
(5) ਮੈਂ ਤੇਰੀ ਸੇਵਾ-ਭਗਤੀ ਦੀ ਸੂਝ ਦੀ ਕਦਰ ਨਹੀਂ ਜਾਣੀ ਅਤੇ ਨਾ ਹੀ ਤੇਰੇ ਨਾਮ ਦਾ ਅਰਾਧਨ ਕਰਨਾ ਸੁਝਿਆ ਹੈ।
(6) ਹੇ ਮੇਰੇ ਮਾਲਕ, ਹੇ ਅਪਹੁੰਚ ਪ੍ਰਭੂ! ਹੇ ਅਥਾਹ ਪ੍ਰਭੂ! ਹੇ ਜਗਤ ਦੀ ਜ਼ਿੰਦਗੀ ਦੇ ਆਸਰੇ! ਹੁਣ ਮੈਂ ਤੇਰਾ ਆਸਰਾ ਲਿਆ ਹੈ।
(7) ਸ੍ਰਿਸ਼ਟੀ ਦਾ ਮਾਲਕ-ਪ੍ਰਭੂ ਜਿਸ ਮਨੁੱਖ 'ਤੇ ਕਿਰਪਾ ਕਰਦਾ ਹੈ, ਉਸ ਦੇ ਸਾਰੇ ਫ਼ਿਕਰ ਤੇ ਕਲੇਸ਼ ਮਿਟ ਜਾਂਦੇ ਹਨ।
(8) ਜਿਸ ਦੀ ਰੱਖਿਆ ਗੁਰੂ ਆਮ ਕਰਦਾ ਹੈ, ਉਸਨੂੰ (ਦੁੱਖ, ਫ਼ਿਕਰ) ਦਾ ਸੇਕ ਨਹੀਂ ਲਗਦਾ।
(9) ਗੁਰੂ ਨਾਰਾਇਣ (ਪ੍ਰਭੂ) ਦਾ ਰੂਪ ਹੈ, ਗੁਰੂ ਸਭ ਉੱਤੇ ਦਇਆ ਕਰਨ ਵਾਲੇ ਪਰਮਾਤਮਾ ਦਾ ਰੂਪ ਹੈ। ਗੁਰੂ ਉਸ ਕਰਤਾਰ ਦਾ ਰੂਪ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ।
(10) ਜੇ ਗੁਰੂ ਪ੍ਰਸੰਨ ਹੋ ਜਾਵੇ ਤਾਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।
(ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ)—ਹੇ ਦਾਸ ਨਾਨਕ! ਆਖ ਕਿ ਮੈਂ ਗੁਰੂ ਤੋਂ ਸਦਕੇ ਜਾਂਦਾ ਹਾਂ।

## ਹੁਣ ਅਸੀਂ ਜਾਗ ਪਏ ਹਾਂ

*—ਪਰਮਜੀਤ ਸਿੰਘ 'ਪ੍ਰਚਾਰਕ',*
*ਰਾਉਰਕੇਲਾ (ਉੜੀਸਾ)*
*ਮੋਬਾ: 096680-08056*

ਗੁਰੂ ਨਾਨਕ ਦੀ ਬਾਣੀ ਬਾਰੇ, ਕਈ ਗਏ ਭੁਲੇਖੇ ਪਾਏ।
ਅਕਾਲ-ਪੁਜਾਰੀ ਸਿੱਖ ਗੁਰੂ ਦੇ, ਉਲਟੀ ਕਾਰੇ ਲਾਏ।
ਨਾਲੇ ਪੜ੍ਹਦੇ ਰਹੇ ਸੀ ਬਾਣੀ, ਨਾਲੇ ਰਹੇ ਸਰਾਧ ਮਨਾਉਂਦੇ।
ਬਿਪਰ ਵਾਲੀਆਂ ਰੀਤਾਂ ਕਰਕੇ, ਅਸੀਂ ਰਹੇ ਸਿੱਖ ਅਖਵਾਉਂਦੇ।
ਸਾਡੀ ਨੀਂਦਰ ਹੁਣ ਖੁਲ੍ਹੀ ਹੈ, ਗੁਰਮਤਿ ਦੇ ਵੱਲ ਭਾਗ (ਦੌੜ) ਪਏ ਹਾਂ।
ਹੁਣ ਅਸਾਂ ਮਨਮਤ ਨਹੀਂ ਕਰਨੀ, ਕਿਉਂਕਿ ਹੁਣ ਅਸੀਂ ਜਾਗ ਪਏ ਹਾਂ।

ਹੁਣ ਨਹੀਂ ਅਸਾਂ ਪੱਥਰ ਪੂਜਣੇ, ਨਾ ਫੋਟੋ ਦੀ ਪੂਜਾ ਕਰੀਏ।
ਸ਼ਬਦ ਗੁਰੂ ਤੋਂ ਜੀਵਨ ਲੈਣਾ, ਅਰਥਾਂ ਦੇ ਨਾਲ ਬਾਣੀ ਪੜ੍ਹੀਏ।
ਸੱਚੇ-ਸੁੱਚੇ ਪੰਜ ਕਕਾਰੀ, ਪੰਜ ਵਿਕਾਰਾਂ ਦੇ ਨਾਲ ਲੜੀਏ।
ਫਤਿਹ ਵਿਕਾਰਾਂ ਉਤੇ ਪਾਉਣੀ, ਗੁਰੂ ਦੇ ਚਰਨੀ ਲਾਗ ਪਏ ਹਾਂ।
ਹੁਣ ਅਸਾਂ ਮਨਮਤ ਨਹੀਂ ਕਰਨੀ, ਕਿਉਂਕਿ ਹੁਣ ਅਸੀਂ ਜਾਗ ਪਏ ਹਾਂ।

ਸਦੀਆਂ ਪਿਛੋਂ ਸੋਝੀ ਆਈ, ਸਮਝ ਆਈ ਗੁਰੂ ਦੀ ਗੱਲ।
ਹੁਣ ਮੰਜ਼ਿਲ ਤੇ ਪਹੁੰਚ ਜਾਵਾਂਗੇ, ਕਾਫਲੇ ਸਾਡੇ ਪਏ ਨੇ ਚੱਲ।
ਆਵਾਜ਼ ਮਾਰੀ ਦਸਮੇਸ਼ ਪਿਤਾ ਨੇ, ਇਸ ਕਾਫਲੇ ਵਿਚ ਜਾਉ ਰੱਲ।
ਗੁਰੂ ਲਾਗਿਉਂ, ਕੁਫਰ ਕਿਤਾਬਾਂ, ਚੁੱਕ ਦਿਓ ਤੁਸੀਂ ਅੱਜ ਕਿ ਕੱਲ੍ਹ।
ਆਉ ਸਾਰੇ ਰਲ ਕੇ ਕਹੀਏ, ਗੁਰੂ ਦੇ ਚਰਨੀ ਲਾਗ ਪਏ ਹਾਂ।
ਹੁਣ ਨਹੀਂ ਅਸਾਂ ਨੇ ਮਨਮਤ ਸਹਿਣੀ, ਕਿਉਂਕਿ ਹੁਣ ਅਸੀਂ ਜਾਗ ਪਏ ਹਾਂ।

## ਸਿੱਖ ਕੌਮ

*—ਦਾਨ ਸਿੰਘ 'ਕੋਮਲ'*

ਜਿਹੜੀ ਕੌਮ ਦੁਹਰਾਂਦੀ ਇਤਿਹਾਸ ਆਪਣਾ,
ਉਹ ਗੁਲਾਮ ਕਦੇ ਵੀ ਨਹੀਂ ਰਹਿ ਸਕਦੀ।
ਉਹਦੀ ਸ਼ਾਨ ਦਾ ਸੂਰਜ ਹੈ ਸਿਖ਼ਰ ਉੱਤੇ,
ਉਸ 'ਤੇ ਕਦੀ ਵੀ ਸ਼ਾਮ ਨਹੀਂ ਪੈ ਸਕਦੀ।

ਆਪਣੇ ਬਲ 'ਤੇ ਜਿਉਂਦੀ ਹੈ ਕੌਮ ਜਿਹੜੀ,
ਉਹਦੀ ਜੱਗ 'ਤੇ ਰੀਸ ਨਾ ਕੋਈ ਸਮਝੋ।
ਜਿਹੜੀ ਕੌਮ ਵਿਚ ਅਣਖ ਤੇ ਆਸ ਈ ਨਹੀਂ,
ਮੋਈ ਅੱਜ ਵੀ, ਕੱਲ੍ਹ ਵੀ ਮੋਈ ਸਮਝੋ।

ਸਿੱਖ ਕੌਮ ਸੰਪੂਰਨ ਹੈ ਹਰ ਪੱਖੋਂ,
ਜੀਊਂਦੀ ਜਾਗਦੀ ਉੱਚੇ ਨਿਸ਼ਾਨ ਕਰਕੇ।
ਅਣਖ ਨਾਲ ਜਿਊਣਾ, ਗੈਰਤ ਨਾਲ ਮਰਨਾ,
ਸਿੰਘਾਂ ਸਿੱਖਿਆ ਏ ਅੰਮ੍ਰਿਤਪਾਨ ਕਰਕੇ।

## ਕਿਉਂ ਪੰਥ ਨੂੰ ਹਾਨੀ ਪਹੁੰਚਾਈ ਜਾਂਦੇ ?

ਸਿੰਘ ਹੁੰਦੇ ਨੇ ਸਦਾ ਸ਼ੇਰ ਵੀਰੋ!
ਤੇ ਕੇਸ ਤਿਆਗ ਕੇ, ਸ਼ੇਰ ਨਹੀਂ ਕਹਾਏ ਜਾਂਦੇ।
ਜਿਨ੍ਹਾਂ ਸਾਡੀ ਖ਼ਾਤਰ ਖੋਪਰੀ ਲੁਹਾ ਦਿੱਤੀ
ਉਹ ਸ਼ਹੀਦ ਮਹਾਨ ਅਖਵਾਏ ਜਾਂਦੇ।
ਬਾਬਾ ਦੀਪ ਸਿੰਘ ਜਿਹੇ ਬਜ਼ੁਰਗ ਸਾਡੇ,
ਅਸੀਂ ਕੈਂਚੀਆਂ ਸਿਰ 'ਤੇ ਚਲਵਾਈ ਜਾਂਦੇ।
ਸਿਰ ਦੇ ਕੇ ਲਈਆਂ ਸਰਦਾਰੀਆਂ ਨੇ,
ਮੋਨੇ ਹੋ ਗੱਡੀਆਂ ਤੇ 'ਸਰਦਾਰੀਆਂ' ਲਿਖਵਾਈ ਜਾਂਦੇ।
ਗੁਰੂ ਗ੍ਰੰਥ ਤੋਂ ਲੈਣਾ ਸੀ ਗਿਆਨ ਅਸੀਂ,
ਪਰ ਬਾਬਿਆਂ ਤੋਂ ਭੂਤ ਕਢਵਾਈ ਜਾਂਦੇ।
ਸਭ ਤੋਂ ਵਧੀਆ ਨੇ ਸਿਧਾਂਤ ਸਾਡੇ
ਅਸੀਂ ਗੈਰਾਂ ਦੇ ਅਸੂਲ ਅਪਨਾਈ ਜਾਂਦੇ।
ਕੀ ਹੋ ਗਿਐ ਵੀਰੋ ਅੱਜ ਤੁਸਾਂ ਤਾਈਂ,
ਤੁਸੀਂ ਪੰਥ ਨੂੰ ਹਾਨੀ ਪਹੁੰਚਾਈ ਜਾਂਦੇ।
ਕਿਉਂ ਪੰਥ ਨੂੰ ਹਾਨੀ ਪਹੁੰਚਾਈ ਜਾਂਦੇ?

*—ਅਮਨਦੀਪ ਸਿੰਘ, ਲੁਧਿਆਣਾ ਮੋਬਾ: 94649-94705*

## ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਸਾਡੇ ਤੀਜੇ ਗੁਰੂ ਜੀ ਹਨ। ਉਨ੍ਹਾਂ ਦਾ ਜਨਮ 1479 ਵਿਚ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ ਹੋਇਆ ਸੀ। ਉਹ ਖੇਤੀ ਅਤੇ ਦੁਕਾਨਦਾਰੀ 'ਤੇ ਨਿਰਭਰ ਕਰਦੇ ਸਨ। 24 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। ਉਨ੍ਹਾਂ ਦੇ ਘਰ ਦੋ ਪੁੱਤਰ ਮੋਹਨ ਜੀ ਅਤੇ ਮੋਹਰੀ ਜੀ ਅਤੇ ਦੋ ਧੀਆਂ ਬੀਬੀ ਦਾਨੀ ਜੀ ਅਤੇ ਭਾਨੀ ਜੀ ਪੈਦਾ ਹੋਈਆਂ। ਉਹ ਪੱਕੇ ਵੈਸ਼ਨੋ ਸਨ ਤੇ ਹਰ ਸਾਲ ਹਰਿਦੁਆਰ ਵਿਖੇ ਗੰਗਾ ਇਸ਼ਨਾਨ ਲਈ ਜਾਇਆ ਕਰਦੇ ਸਨ।

ਇਕ ਵਾਰ ਇਕ ਸਾਧੂ ਤੋਂ ਗੁਰੂ ਦੀ ਲੋੜ ਬਾਰੇ ਪਤਾ ਲੱਗਣ 'ਤੇ ਆਪ ਨੇ ਗੁਰੂ ਧਾਰਨ ਦੀ ਸੋਚੀ। ਸਬੱਬ ਨਾਲ, ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਆਪ ਉਸ ਦੇ ਨਾਲ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆ ਗਏ। ਉਦੋਂ ਆਪ ਜੀ ਦੀ ਉਮਰ 62 ਸਾਲਾਂ ਦੀ ਸੀ। ਆਪ ਜੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਜੁਟ ਗਏ। ਆਪ ਹਰ ਰੋਜ਼ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਅਤੇ ਸਾਂਝੇ ਲੰਗਰ ਲਈ ਪਾਣੀ ਤੇ ਬਾਲਣ ਲਿਆਉਂਦੇ। ਸੰਨ 1546 ਵਿਚ, ਗੁਰੂ ਅੰਗਦ ਦੇਵ ਜੀ ਦੇ ਹੁਕਮ ਕਰਨ 'ਤੇ ਆਪ ਨੇ ਗੋਇੰਦਵਾਲ ਨਗਰ ਵਸਾਇਆ। ਆਪ ਜੀ ਨੇ ਲਗਾਤਾਰ 11 ਸਾਲ ਸੇਵਾ ਦੀ ਔਖੀ ਘਾਲਣਾ ਘਾਲੀ। ਆਪ ਜੀ ਦੇ ਪ੍ਰਭੂ-ਪਿਆਰ, ਸ਼ਰਧਾ, ਸੇਵਾ ਅਤੇ ਹੁਕਮ ਮੰਨਣ ਦੀ ਭਾਵਨਾ ਨੂੰ ਵੇਖ ਕੇ ਗੁਰੂ ਅੰਗਦ ਦੇਵ ਜੀ ਨੇ ਸੰਨ 1552 ਵਿਚ ਆਪ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਦੋਂ ਆਪ 73 ਸਾਲਾਂ ਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਪੁੱਤਰ ਬਾਬਾ ਦਾਤੂ ਤੇ ਦਾਸੂ ਜੀ ਆਪ ਜੀ ਨਾਲ ਈਰਖਾ ਕਰਨ ਲੱਗੇ। ਦਾਤੂ ਜੀ ਨੇ ਤਾਂ ਇਕ ਦਿਨ ਭਰੇ ਦੀਵਾਨ ਵਿਚ ਗੁਰੂ ਜੀ ਨੂੰ ਲੱਤ ਕੱਢ ਮਾਰੀ। ਗੁਰੂ ਜੀ ਨੇ ਗੁੱਸਾ ਨਾ ਕੀਤਾ ਸਗੋਂ ਇਹ ਕਿਹਾ "ਮੈਨੂੰ ਖ਼ਿਮਾ ਕਰਨਾ, ਮੇਰੀਆਂ ਬੁੱਢੀਆਂ ਅਤੇ ਸਖ਼ਤ ਹੱਡੀਆਂ ਨਾਲ ਤੁਹਾਡੇ ਚਰਨਾਂ ਨੂੰ ਪੀੜ ਹੋਈ ਹੋਵੇਗੀ।" ਇਸ ਤਰ੍ਹਾਂ ਆਪ ਨੇ ਸਿੱਖਾਂ ਨੂੰ ਨਿਮਰਤਾ ਦਾ ਪਾਠ ਪੜ੍ਹਾਇਆ।

ਆਪ ਨੇ ਗੋਇੰਦਵਾਲ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਇਆ। ਆਪ ਨੇ ਗੁਰੂ-ਦਰਬਾਰ ਵਿਚ ਆਉਣ ਵਾਲਿਆਂ ਲਈ ਲੰਗਰ ਛਕਣਾ ਜ਼ਰੂਰੀ ਕਰ ਦਿੱਤਾ। ਇਕ ਵਾਰ ਬਾਦਸ਼ਾਹ ਅਕਬਰ ਦਰਸ਼ਨ ਕਰਨ ਲਈ ਆਇਆ ਤਾਂ ਉਸ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਆਪ ਨੇ ਉਸ ਨੂੰ ਸਤੀ ਦੀ ਰਸਮ ਬੰਦ ਕਰਨ ਲਈ ਪ੍ਰੇਰਿਆ।

ਆਪ ਨੇ ਆਪਣੀ ਧੀ ਬੀਬੀ ਭਾਨੀ ਦਾ ਵਿਆਹ ਇਕ ਅਨਾਥ ਅਤੇ ਗਰੀਬ ਜੁਆਨ ਭਾਈ ਜੇਠਾ ਜੀ ਨਾਲ ਕਰ ਦਿੱਤਾ, ਜੋ ਸੱਚੇ-ਸੁੱਚੇ ਗੁਰਸਿੱਖ ਅਤੇ ਸੇਵਕ ਸਨ। ਮਗਰੋਂ ਜਾ ਕੇ ਉਹ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸਿੱਖਾਂ ਦੇ ਚੌਥੇ ਗੁਰੂ ਬਣੇ।

ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ 22 ਮੁਖ ਪ੍ਰਚਾਰ-ਕੇਂਦਰ (ਮੰਜੀਆਂ) ਅਤੇ 52 ਛੋਟੇ ਪ੍ਰਚਾਰ ਕੇਂਦਰ (ਪੀਹੜੇ) ਥਾਪੇ। ਸਿੱਖ ਬੀਬੀਆਂ ਨੂੰ ਵੀ ਪ੍ਰਚਾਰ ਦੀ ਸੇਵਾ ਵਿਚ ਲਾਇਆ।

ਆਪ ਨੇ ਵਿਸਾਖੀ ਅਤੇ ਦੀਵਾਲੀ ਮੌਕੇ ਸਿੱਖਾਂ ਦੇ ਜੋੜ-ਮੇਲੇ ਕਰਨੇ ਅਰੰਭ ਕੀਤੇ ਅਤੇ (ਗੁਰੂ) ਰਾਮਦਾਸ ਜੀ ਨੂੰ ਅੰਮ੍ਰਿਤਸਰ ਸ਼ਹਿਰ ਵਸਾਉਣ ਦਾ ਹੁਕਮ ਦਿੱਤਾ।

ਭਾਈ ਜੇਠਾ ਜੀ ਦੀ ਪ੍ਰੇਮਾ-ਭਗਤੀ, ਹੁਕਮ ਮੰਨਣ ਦੀ ਭਾਵਨਾ, ਸੇਵਾ ਤੇ ਅਗਵਾਈ ਦੇਣ ਦੇ ਯੋਗ ਜਾਣ ਕੇ, ਗੁਰੂ ਅਮਰਦਾਸ ਜੀ ਨੇ, ਉਨ੍ਹਾਂ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਗੁਰੂ ਅਮਰਦਾਸ ਜੀ 1 ਸਤੰਬਰ, ਸੰਨ 1574 ਨੂੰ ਜੋਤੀ-ਜੋਤਿ ਸਮਾ ਗਏ।

## ਉਹੀ ਹੱਥ ਚੰਗੇ, ਜੋ ਕੰਮ ਕਰਨ ਚੰਗੇ

ਅੱਜ ਤੋਂ 65 ਸਾਲ ਪਹਿਲੇ ਦੀ ਘਟਨਾ ਯਾਦ ਆਉਣ 'ਤੇ ਮੈਂ ਬਾਬਾ ਗੁਰੂ ਨਾਨਕ ਦੇਵ ਜੀ ਦੀ ਸ਼ੁਕਰਗੁਜ਼ਾਰ ਹੋ ਜਾਂਦੀ ਹਾਂ। ਉਸ ਵਕਤ ਮੈਂ ਸਕੂਲ ਵਿਚ ਦੂਸਰੀ ਕਲਾਸ ਵਿਚ ਪੜ੍ਹ ਰਹੀ ਸੀ। ਅੱਜ ਦੇ ਨਿਕੰਮੇ ਤੇ ਹੰਕਾਰੀ ਸਾਥੀਆਂ ਦੀ ਤੁਲਨਾ ਵਿਚ ਇਕ ਪਰਉਪਕਾਰੀ ਗੁਰੂ ਦੀ ਪ੍ਰੀਤਵਾਨ, ਹੰਕਾਰ ਤੋਂ ਪਰੇ ਤੇ ਸੇਵਾ-ਭਾਵ ਵਾਲੀ ਦੀ ਅੱਖੀਂ ਦੇਖੀ ਸੱਚੀ ਘਟਨਾ ਦੱਸ ਰਹੀ ਹਾਂ।

ਤਿੰਨ ਸਹੇਲੀਆਂ ਸਕੂਲ ਜਾ ਰਹੀਆਂ ਸਨ। ਅਚਾਨਕ ਮੀਂਹ ਪੈਣ ਲੱਗ ਪਿਆ। ਅਮੀਰ ਘਰ ਦੀ ਬੱਚੀ ਨੇ ਆਪਣੇ ਕੰਗਨ ਦਿਖਾ ਕੇ ਕਿਹਾ—ਚੱਲੋ ਇਸ ਛੱਪਰ ਦੇ ਹੇਠਾਂ ਰੁਕ ਜਾਂਦੇ ਹਾਂ। ਇਹ ਦੇਖੋ ਮੇਰੇ ਸੋਨੇ ਦੇ ਕੰਗਨ ਕਿਤਨੇ ਚਮਕ ਰਹੇ ਹਨ। ਸੋਹਣੇ ਹਨ। ਦੂਜੀ ਸਹੇਲੀ ਨੇ ਇਤਰਾ ਕੇ ਕਿਹਾ—ਦੇਖੋ ਮੇਰੀ ਮਹਿੰਦੀ ਕਿਤਨੀ ਸੋਹਣੀ ਲੱਗ ਰਹੀ ਹੈ? ਤੀਜੀ ਸਹੇਲੀ ਦੀ ਨਜ਼ਰ ਇਕ ਬੁੱਢੀ ਮਾਂ 'ਤੇ ਪਈ, ਜੋ ਆਪਣੀ ਆਟੇ ਦੀ ਟੋਕਰੀ ਨੂੰ ਗਿੱਲਾ ਹੋਣ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨੇ ਝੱਟ ਉਸ 'ਤੇ ਆਪਣੀ ਸਲੇਟ ਰੱਖ ਕੇ ਢੱਕ ਦਿੱਤਾ। ਤਿੰਨੋਂ ਸਹੇਲੀਆਂ ਅਤੇ ਬੁੱਢੀ ਮਾਂ ਦੇ ਘਰ ਪੁੱਜੀਆਂ। ਮੀਂਹ ਬੰਦ ਹੋ ਚੁੱਕਾ ਸੀ। ਬੁੱਢੀ ਮਾਂ ਨੇ ਤਿੰਨਾਂ ਨੂੰ ਅਸੀਸ ਦਿੱਤੀ। ਤਿੰਨਾਂ ਦੀ ਸਲੇਟ 'ਤੇ ਲਿਖਿਆ ਹੋਇਆ ਸੀ "ਉਹ ਹੱਥ ਚੰਗੇ, ਜੋ ਕੰਮ ਕਰਨ ਚੰਗੇ" ਦੇਖ ਕੇ ਹੈਰਾਨ ਰਹਿ ਗਈਆਂ।

*—ਨਿਰਮਲ ਕੌਰ ਪੰਛੀ, ਬਿਲਾਸਪੁਰ (ਛ.ਗ.)*

## ਸੰਗਤ ਦਾ ਅਸਰ

ਦਾਦਾ-ਪੋਤਰਾ ਇਕ ਫੁਲਵਾੜੀ ਵਿਚ ਹਰ ਰੋਜ਼ ਟਹਿਲਣ ਲਈ ਜਾਂਦੇ ਸਨ। ਇਕ ਦਿਨ ਪੋਤਰੇ ਨੇ ਰੰਗ-ਬਿਰੰਗੇ ਗੁਲਾਬ ਦੇ ਫੁੱਲ 'ਤੇ ਉਨ੍ਹਾਂ ਦੀਆਂ ਪੰਖੜੀਆਂ ਨੂੰ ਸੁੰਘਿਆ। ਪੱਥਰ 'ਤੇ ਪਈ ਪੰਖੜੀ ਨੂੰ ਵੀ ਸੁੰਘਿਆ ਅਤੇ ਪੰਖੜੀ ਵਾਲੇ ਪੱਥਰ ਨੂੰ ਵੀ ਸੁੰਘ ਕੇ ਵੇਖਿਆ। ਸੁਗੰਧ ਉਸ ਵਿਚੋਂ ਵੀ ਆ ਰਹੀ ਸੀ। ਪੋਤਰੇ ਨੇ ਦਾਦਾ ਜੀ ਤੋਂ ਪੁਛਿਆ—ਦਾਦਾ ਜੀ! ਇਹ ਕੈਸਾ ਕਮਾਲ ਹੈ ਕਿ ਪੱਥਰ ਵੀ ਮਹਿਕ ਰਹੇ ਹਨ? ਦਾਦਾ ਜੀ ਨੇ ਉੱਤਰ ਦਿੱਤਾ, ਬੇਟਾ! ਇਹ ਸੰਗਤ ਦਾ ਅਸਰ ਹੈ।

*—ਨਿਰਮਲ ਕੌਰ ਪੰਛੀ, ਬਿਲਾਸਪੁਰ (ਛ.ਗ.)*

# ਖਾਵੈ-ਭੁੰਚੈ

✍ ਇੰਜੀ: ਜੋਗਿੰਦਰ ਸਿੰਘ*

ਇਹ ਤਾਂ ਸਾਰਿਆਂ ਨੂੰ ਪਤੈ ਬਈ ਭੋਜਨ ਸਾਡੇ ਜੀਵਨ ਦਾ ਆਧਾਰ ਹੈ। ਭੋਜਨ ਵਿਚ ਸਾਰੀਆਂ ਖਾਣ-ਪੀਣ ਵਾਲੀਆਂ ਵਸਤਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ ਜਿਵੇਂ ਕਿ ਬਿਰਛਾਂ ਦੇ ਫਲ ਤੇ ਪੱਤੇ, ਕੰਦ-ਮੂਲ ਜੋ ਆਪਣੇ ਰਿਸ਼ੀਆਂ-ਮੁਨੀਆਂ ਦਾ ਆਹਾਰ ਸੀ, ਅਤੇ ਘਰਾਂ ਵਿਚ ਪਕਾਇਆ ਹੋਇਆ ਸਵਾਦੀ ਖਾਣਾ—ਰੋਟੀ, ਦਾਲ, ਸਬਜ਼ੀਆਂ, ਆਲੂ-ਗੋਭੀ ਦੇ ਪਰਾਂਠੇ, ਦੁੱਧ, ਦਹੀਂ, ਲੱਸੀ ਦੇ ਨਾਲ ਜਾਂ ਬਰੈੱਡ-ਬਟਰ, ਚਟਪਟੀਆਂ ਚਟਣੀਆਂ ਸਾਸਿਜ਼ਜ਼ ਸਮੇਤ ਜਿਵੇਂ ਕਿ ਅੱਜਕੱਲ੍ਹ ਆਧੁਨਿਕ ਸਮਾਜ ਨੂੰ ਉਪਲਬਧ ਹੈ।

ਹੁਣ ਤਾਂ ਗਲੀਆਂ-ਬਾਜ਼ਾਰਾਂ ਵਿਚ ਫ਼ਾਸਟ-ਫ਼ੂਡ ਕਾਰਨਰਾਂ ਅਤੇ ਰੇੜ੍ਹੀਆਂ 'ਤੇ ਵੀ ਵੰਨ-ਸੁਵੰਨੇ ਖਾਧ-ਪਦਾਰਥ ਜਿਵੇਂ ਕਿ ਬਰਗਰ, ਮਨਚੂਰੀਅਨ, ਨੂਡਲਜ਼, ਸ਼ਾਕਾਹਾਰੀ ਜਾਂ ਨਾਨ-ਵੈੱਜ ਪੀਜ਼ੇ, ਹਾਟ-ਡਾਗਜ਼, ਪਟੈਟੋ ਬੋਂਡਾਜ਼, ਵੜੇ, ਦਹੀਂ-ਭੱਲੇ, ਪਕੌੜੇ ਆਦਿ ਆਸਾਨੀ ਨਾਲ ਮਿਲ ਜਾਂਦੇ ਹਨ ਤੇ ਮਿੰਟਾਂ ਵਿਚ ਹੀ ਢਿੱਡ ਭਰ ਕੇ ਦੂਸਰੇ ਦੁਨਿਆਵੀ ਕੰਮਾਂ ਵਿਚ ਖਚਿਤ ਹੋ ਜਾਈਦੈ। ਟੇਸਟ-ਮੇਕਰਾਂ ਦੀ ਬਹੁਲਤਾ ਨੇ ਜੀਭ ਦੇ ਚਸਕਿਆਂ ਤੇ ਸਵਾਦਾਂ ਨੂੰ ਚਾਰ ਚੰਨ ਲਾ ਦਿੱਤੇ ਹਨ। ਖਾ-ਖਾ ਕੇ ਢਿੱਡ ਤਾਂ ਭਰ ਜਾਂਦੈ ਪਰ ਭੁੱਖ ਲੱਗੀ ਰਹਿੰਦੀ ਹੈ, ਹੋਰ ਖਾਣ ਦੀ। ਕਿਆ ਕਮਾਲ ਹੈ ਕਿ ਭੁੱਖ ਹੋਰ ਚਮਕਾਉਣ ਤੇ ਲੋੜੋਂ ਵੱਧ ਖਾ ਸਕਣ ਦੀ ਸਮਰੱਥਾ ਨੂੰ ਹੋਰ ਵਧਾਉਣ ਲਈ ਵੀ ਕਈ ਤਰ੍ਹਾਂ ਦੇ ਮਸਤ-ਮਸਤ ਡਰਿੰਕਸ ਦੀ ਉਪਭੋਗਤਾ ਵੀ ਆਪਣੇ ਜੋਬਨ 'ਪਰ ਹੈ।...ਤੇ ਨਤੀਜਾ ? ਤੁਸੀਂ ਸੋਚੋ !

ਗਰੀਬੀ ਨੂੰ ਮਨੁੱਖੀ ਜ਼ਿੰਦਗੀ ਦੀ ਲਾਹਨਤ ਸਮਝਿਆ ਜਾਂਦੈ। ਦੋ ਵੇਲਿਆਂ ਦੀ ਰੋਟੀ ਬੜੀ ਮੁਸ਼ਕਲ ਨਾਲ ਨਸੀਬ ਹੁੰਦੀ ਏ। ਸਾਰੇ ਦਿਨ ਦੀ ਹੱਡ-ਭੰਨਵੀਂ ਮਿਹਨਤ ਬਦਲੇ ਟੱਬਰ ਪਾਲਣ ਜੋਗੇ ਮਸਾਂ ਚਾਰ ਛਿੱਲੜ ਜੁੜਦੇ ਨੇ--ਘਰ ਦੀਆਂ ਤ੍ਰੀਮਤਾਂ ਤੇ ਬੱਚਿਆਂ ਨੂੰ ਵੀ ਮਾਇਕ-ਔਕੜਾਂ ਦਾ ਭਾਰ ਢੋਣ ਵਿਚ ਸ਼ਾਮਿਲ ਕਰ ਲਿੱਤਾ ਜਾਂਦੈ ਤਾਂ ਜੋ ਭਾਈਚਾਰੇ ਵਿਚ ਨੱਕ-ਮੂੰਹ ਬਣਿਆ ਰਹੇ। ਥੱਕੇ-ਹਾਰਿਆਂ ਨੂੰ, ਜੇ ਦਾਲਾ-ਭਾਜੀ ਨਾ ਵੀ ਮਿਲੇ, ਤਾਂ ਆਚਾਰ ਨਾਲ ਹੀ ਚਾਰ ਰੋਟੀਆਂ ਵੱਡਾ ਸੰਤੋਖ ਦੇਂਦੀਆਂ ਹਨ, ਸੁਖਾਵੀਂ ਨੀਂਦਰ ਆਂਦੀ ਏ ਤੇ ਮੌਜਾਂ-ਮਾਣਦੇ ਸੁਪਨਿਆਂ ਵਿਚ ਰਾਤ ਕਿਵੇਂ ਲੰਘ ਗਈ, ਪਤਾ ਹੀ ਨਹੀਂ ਲਗਦਾ। ਨਵੀਂ ਸਵੇਰ ਨੂੰ, ਨਵੇਂ ਜੋਸ਼ ਨਾਲ ਨੌਂ-ਬਰ-ਨੌਂ। ਰੱਬ ਜੀ ਨੂੰ ਇਹੋ ਚੰਗਾ ਲੱਗਦੈ ਬਈ ਆਮ ਤੌਰ 'ਤੇ ਗਰੀਬਾਂ ਨੇੜੇ ਕੋਈ ਬੀਮਾਰੀ ਨਹੀਂ ਢੁੱਕਣੀ ਚਾਹੀਦੀ ਤਾਂ ਜੋ ਉਨ੍ਹਾਂ ਦੀ ਦਿਹਾੜੀ ਨਾ ਮਾਰੀ ਜਾਵੇ--ਨਾਲੇ ਕਾਮਿਆਂ ਦੀ ਗ਼ੈਰ-ਹਾਜ਼ਰੀ ਕਾਰਨ ਕੌਮੀ-ਤਰੱਕੀ ਵਿਚ ਵੀ ਰੁਕਾਵਟ ਪੈਣ ਦਾ ਖ਼ਤਰਾ ਪੈਦਾ ਹੋ ਜਾਂਦੈ। ਹਸਪਤਾਲ ਤਾਂ ਅਮੀਰ ਲੋਕਾਂ ਦੀਆਂ ਸੁੱਖਾਂ-ਲੱਧੀਆਂ, ਖਾਣ-ਪੀਣ ਤੇ ਰਹਿਣ-ਸਹਿਣ ਦੀਆਂ ਆਦਤਾਂ ਨਾਲ ਜੁੜੀਆਂ ਆਪੂੰ-ਸਹੇੜੀਆਂ ਬਿਮਾਰੀਆਂ ਦੇ ਰੋਗੀਆਂ ਨਾਲ ਭਰੇ ਪਏ ਹਨ—ਜੇ ਗ਼ਰੀਬ ਵੀ ਬੀਮਾਰ ਹੋਣ ਲੱਗ ਜਾਣ ਤਾਂ ਡਾਕਟਰਾਂ ਤੇ ਨਰਸਾਂ ਨੂੰ ਬਰਾਂਡਿਆਂ ਥਾਣੀਂ ਲੰਘਣਾ ਵੀ ਔਖਾ ਹੋ ਜਾਊ। ਸ਼ਾਇਦ ਇਸੇ ਕਰਕੇ ਰੱਬ ਜੀ ਨੇ ਆਪਣੀ ਕੁਦਰਤ ਨੂੰ ਤਾਕੀਦ ਕਰ ਰੱਖੀ ਏ ਬਈ ਜਿਨ੍ਹਾਂ ਨੂੰ ਖਾਣ ਲਈ ਭੋਜਨ ਥੋੜ੍ਹਾ ਮਿਲੇ ਉਹਨਾਂ ਦੀ ਭੁੰਚਣ ਦੀ ਸ਼ਕਤੀ ਨੂੰ ਵਧਾ ਦਿੱਤਾ ਜਾਵੇ ਤਾਂ ਜੋ ਮੋਟਾ-ਠੁੱਲ੍ਹਾ ਜੋ ਕੁਝ ਵੀ ਮਿਲੇ, ਸਭ ਕੁਝ ਹਜ਼ਮ ਹੋ ਜਾਵੇ। ਨਿੱਤ ਨਵਾਂ ਖ਼ੂਨ ਨਰੋਈਆਂ ਰਗਾਂ ਵਿਚ ਵਗਦਾ ਰਹੇ ਤੇ ਨਿਰੋਗਤਾ ਵਿਕਸਦੀ ਰਵ੍ਹੇ—ਜ਼ਿੰਦਗੀ ਵਿਗਸਦੀ ਰਵ੍ਹੇ !

ਕੁਝ ਦਹਾਕੇ ਪਹਿਲਾਂ, ਬੱਚੇ ਸਕੂਲ ਜਾਂਦਿਆਂ ਅੱਧੀ ਛੁੱਟੀ ਲਈ ਛੋਟਾ ਜਿਹਾ ਟਿਫ਼ਨ-ਬਾਕਸ ਲੈਣਾ ਨਹੀਂ ਸਨ ਭੁੱਲਦੇ ਤੇ ਮਾਪੇ ਡਿਊਟੀ 'ਤੇ ਤੁਰਨ ਵੇਲੇ ਦੁਪਹਿਰ ਦਾ ਖਾਣਾ ਜ਼ਰੂਰ ਨਾਲ ਚੁੱਕਦੇ ਸਨ। ਹੁਣ ਤਾਂ ਬਸਤਾ-ਬੈਗ ਸੰਭਾਲਦਿਆਂ ਬੱਚੇ ਜਾਣ-ਬੁੱਝ ਕੇ ਤਿਆਰ ਹੋ ਚੁੱਕਾ ਟਿਫ਼ਨ ਭੁੱਲ ਜਾਂਦੇ ਨੇ ਕਿਉਂਕਿ ਜੇਬ- ਖਰਚੀ ਤਾਂ ਉਨ੍ਹਾਂ ਕੋਲ ਪਹਿਲਾਂ ਹੀ ਹੁੰਦੀ ਹੈ ਤੇ ਫ਼ਾਸਟ-ਫ਼ੂਡ ਦੀ ਸਵਾਦਗੀ ਘਰੇ ਬਣੇ ਕਿਸੇ ਨਾਸ਼ਤੇ ਨੂੰ ਮਜ਼ੇਦਾਰ ਨਹੀਂ ਰਹਿਣ ਦਿੰਦੀ। ਦਫ਼ਤਰਾਂ ਦੇ ਗੇਟਾਂ ਨੇੜੇ, ਬਾਊਆਂ-ਬੀਬੀਆਂ ਲਈ ਛੋਲੇ-ਭਟੂਰਿਆਂ, ਕੜ੍ਹੀ-ਚਾਵਲ, ਗਰਮ ਪਕੌੜਿਆਂ ਤੇ ਕੜਕ ਚਾਹ ਦੀਆਂ ਦੁਕਾਨਾਂ ਦਾ ਧੰਦਾ ਅੱਜਕੱਲ੍ਹ ਬਹੁਤ ਲਾਹੇਵੰਦਾ ਬਣ ਗਿਐ। ਥੋੜ੍ਹੇ ਪੈਸੇ ਵੱਧ ਖਰਚ ਕਰਨ ਦੀ ਸੂਰਤ ਵਿਚ ਚਾਈਨੀਜ਼ ਫ਼ੂਡ, ਉਬਲੀਆਂ ਸਬਜ਼ੀਆਂ ਜਾਂ ਚਿਕਨ ਬਰਿਆਨੀ ਦੀ ਆਪਣੀ ਹੀ ਟੌਹਰ ਏ। ਅਫ਼ਸਰਾਂ ਲਈ ਬਰੈੱਡ-ਸੈਂਡਵਿਚ, ਸਟੱਫ਼ਡ ਸਮੋਸਾ ਤੇ ਤੰਦੂਰੀ ਆਈਟਮਾਂ ਗੱਤੇ ਦੇ ਡੱਬਿਆਂ ਵਿਚ, ਸਰਕਾਰੀ ਖਰਚੇ ਦੇ ਖਾਤੇ ਮਹਿੰਗੇ-ਭਾਅ, ਵਰਕਿੰਗ-ਲੰਚ ਦੇ ਨਾਮ 'ਪਰ ਆਰਡਰ ਕੀਤਾ ਜਾ ਸਕਦੈ। ਫਟਾਫਟ ਖਾਉ ਤੇ ਮੁੜ ਤਨਾਅ-ਪੂਰਨ ਲੰਮੀਆਂ ਮੀਟਿੰਗਾਂ ਵਿਚ ਬੱਝ ਜਾਵੋ, ਜਿਥੇ ਫੈਸਲਿਆਂ ਦੀ ਰਫਤਾਰ ਤਾਂ ਤੁਰਦੀ ਨਹੀਂ, ਖਿੱਚਧੂਹ ਸਿਖਰਾਂ ਟੱਪਦੀ ਦਿੱਸਦੀ ਏ—ਅਧਿਕਾਰੀਆਂ ਲਈ ਬੇਚੈਨੀ-ਘਬਰਾਹਟ, ਬਲੱਡ ਪ੍ਰੈਸ਼ਰ ਜਾਂ ਅਨੀਂਦਰੇ ਤੋਂ ਉਗਮੀਆਂ ਮਾਨਸਿਕ ਬੀਮਾਰੀਆਂ ਉਡੀਕ ਰਹੀਆਂ ਨੇ ਤੇ ਫਾਈਲਾਂ ਦੇ ਬੋਝ ਥੱਲੇ ਆਏ ਕਰਮਚਾਰੀ ਡੀਪਰੈਸ਼ਨ ਜਾਂ ਫਰੱਸਟ੍ਰੇਸ਼ਨ ਦਾ ਸ਼ਿਕਾਰ ਹੋ ਰਹੇ ਹਨ--ਸਾਰਾ ਸੰਸਾਰ ਹੀ ਦੁਖੀ ਹੋ ਰਿਹੈ, ਰੋਗੀ ਬਣ ਚੁੱਕੈ—**ਦੁੱਖ ਜਾਂ ਰੋਗ ਭੁੱਖ ਦੇ ਕਾਰਨ ਨਹੀਂ, ਨਾ ਹੀ ਭੋਜਨ ਦੀ ਉਪਲਬਧਤਾ ਦੀ ਘਾਟ ਹੈ—ਅਸੀਂ ਅਖਾਜ ਵਸਤਾਂ ਨੂੰ ਮੂੰਹ ਦੀ ਨਲਕੀ ਥਾਣੀਂ ਢਿੱਡ ਵਿਚ ਇਉਂ ਠੂਸ ਰਹੇ ਹਾਂ ਜਿਵੇਂ ਵੇਸਟ-ਪੇਪਰ ਟੁਕੜਿਆਂ ਨੂੰ ਕੂੜਾ-ਦਾਨ ਵਿਚ ਸੁੱਟੀਦਾ ਹੈ**—ਸਾਨੂੰ ਪਤਾ ਹੀ ਨਹੀਂ ਲੱਗ ਰਿਹਾ ਬਈ ਕਿਸ ਵੇਲੇ, ਤੇ ਕੀ ਖਾਣਾ ਚਾਹੀਦੈ, ਅਤੇ ਅਤਿ ਜ਼ਰੂਰੀ ਨੁਕਤਾ ਕਿ ਕਿਵੇਂ ਖਾਣਾ ਚਾਹੀਦੈ !

ਫ਼ਟਾਫ਼ਟ ਤੇ ਬਿਨਾਂ ਚਿੱਥਿਆਂ-ਚਬਾਇਆਂ ਖਾਣ ਦਾ ਤਰੀਕਾ ਅਸਾਂ ਸ਼ਾਇਦ ਜੰਗਲੀ ਜਾਨਵਰਾਂ ਤੋਂ ਸਿੱਖਿਆ ਹੈ। ਪਰ ਉਹ ਤਾਂ ਬਾਅਦ ਵਿਚ ਆਰਾਮ ਨਾਲ ਸੁਸਤਾਉਂਦਿਆਂ ਖਾਧੇ ਗਏ ਭੋਜਨ ਨੂੰ ਜੁਗਾਲੀ ਕਰਕੇ ਪਚਾ ਲੈਂਦੇ ਹਨ ਤੇ ਭੁੰਚਣ ਪ੍ਰਕਿਰਿਆ ਭਲੀ-ਭਾਂਤ ਪੂਰੀ ਹੋ ਜਾਂਦੀ ਹੈ। ਰੱਬ ਜੀ ਨੇ ਬੰਦੇ ਨੂੰ ਖਾਸ ਅਕਲ ਦੇ ਕੇ ਭੇਜਿਆ ਸੀ ਤੇ ਉਮੀਦ ਕੀਤੀ ਸੀ ਕਿ ਇਹ ਆਪਣੇ ਭੋਜਨ ਤੇ ਖਾਣ ਦੇ ਤਰੀਕਿਆਂ ਦੀ ਸਹੀ ਚੋਣ ਕਰ ਲਵੇਗਾ ਤੇ ਸੁਖੀ-ਸੁਖਾਵੀਂ ਜ਼ਿੰਦਗੀ ਜੀਵੇਗਾ ਪਰ ਅਸੀਂ ਤਾਂ ਰਾਤ ਦਾ ਭੋਜਨ ਵੀ ਟੀ. ਵੀ. ਸਾਹਮਣੇ ਬੈਠ ਕੇ, ਇਕੋ ਸਮੇਂ ਕਈ ਚੈਨਲਾਂ ਨੂੰ ਵਾਰ-ਵਾਰ ਬਦਲਦਿਆਂ, ਬਹੁਭਾਂਤਿਕ ਉਤੇਜਨਾ ਤੇ ਉਕਸਾਹਟ ਜਾਂ ਡਰ-ਭੈ ਤੇ ਸਹਿਮ ਦੇ ਦਬਾਅ ਤਹਿਤ ਖਾਣਾ ਪਸੰਦ ਕਰਦੇ ਹਾਂ। ਲੰਗਰ-ਪਰੰਪਰਾ ਵਿਚ ਜੋੜੇ ਉਤਾਰ ਕੇ, ਹੱਥ ਪੈਰ ਧੋ ਕੇ, ਤੇ ਲਾਈਨਾਂ ਬਣਾ ਕੇ

*ਡਿਪਟੀ ਚੀਫ਼ ਇੰਜੀਨੀਅਰ (ਰਿਟਾ:), 36-ਬੀ/30, ਵਿਕਾਸ ਨਗਰ, ਪੱਖੋਵਾਲ ਰੋਡ, ਲੁਧਿਆਣਾ। (ਫੋਨ : 0161-2561303)

ਤੱਪੜਾਂ ਉੱਪਰ ਬੈਠਣ ਦੀ ਵਿਵਸਥਾ ਵਿਚ ਕੁਝ ਸਮੇਂ ਲਈ ਪਰਸ਼ਾਦੇ ਦੀ ਉਡੀਕ ਕਰਨਾ, ਮਨੁੱਖੀ ਸਰੀਰ ਨੂੰ ਅਕਾਅ-ਅਕੜਾਅ ਤੇ ਤਨਾਅ ਤੋਂ ਮੁਕਤ ਕਰਨਾ ਅਤੇ ਮਾਨਸਿਕਤਾ ਨੂੰ ਸ਼ਰਧਾ, ਪ੍ਰੇਮ, ਵਿਸ਼ਵਾਸ ਤੇ ਸ਼ੁਕਰਾਨੇ ਦੇ ਅਹਿਸਾਸ ਨਾਲ ਭਰਨਾ ਗੁਪਤ ਰੂਪ ਵਿਚ ਸੰਚਰਿਤ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਅੰਨ-ਪਾਣੀ ਨੂੰ ਦੇਵ-ਸ਼ਕਤੀਆਂ ਦੀ ਤੁਲਨਾ ਦਿੱਤੀ ਗਈ ਹੈ ਤੇ ਇਹ ਬਿਰਤੀ ਦੱਖਣੀ-ਭਾਰਤੀ ਪਰਿਵਾਰਾਂ ਵਿਚ ਅਜੇ ਵੀ ਮੌਜੂਦ ਨਜ਼ਰ ਆਉਂਦੀ ਹੈ। ਜਿਥੇ ਸਰੀਰਕ ਸੁਚਮਤਾ ਦੇ ਨਾਲ-ਨਾਲ ਭੋਜਨ ਪ੍ਰਤੀ ਸਤਿਕਾਰ-ਭਾਵਨਾ ਨੂੰ ਨਿਸ਼ਠਾਪੂਰਵਕ ਕਾਇਮ ਰੱਖਿਆ ਜਾਂਦਾ ਹੈ, ਜਿਸਦੇ ਨਤੀਜੇ ਸਹਿਜ-ਸੁਭਾਵਕ ਕੁਦਰਤੀ ਭੁੰਚਣ-ਪ੍ਰਕਿਰਿਆ ਨੂੰ ਪੂਰਨ ਕਰਦੇ ਹਨ।

ਖਾਣ-ਪੀਣ ਯੋਗ ਵਸਤਾਂ ਤੇ ਵਿਧਾਵਾਂ ਦੀ ਚੋਣ ਅਸੀਂ ਚੇਤਨ-ਮਨ ਦੁਆਰਾ ਕਰ ਸਕਦੇ ਹਾਂ, ਪਰ ਪਾਚਣ-ਪ੍ਰਣਾਲੀ 'ਪਰ ਸਾਡਾ ਵੱਸ ਨਹੀਂ, ਕੋਈ ਜ਼ੋਰ ਨਹੀਂ ਚੱਲਦਾ, ਅਸੀਂ ਨਹੀਂ ਜਾਣਦੇ ਕਿ ਕਿਵੇਂ ਅਚੇਤ ਰੂਪ ਵਿਚ, ਪਰ ਵਿਧੀਵੱਤ, ਭੋਜਨ ਨੇ ਸਰੀਰਕ-ਸਿਹਤ ਲਈ ਲੋੜੀਂਦੇ ਕਾਰਬੋਹਾਈਡ੍ਰੇਟਸ, ਪ੍ਰੋਟੀਨਜ਼, ਵਿਟਾਮਿਨਜ਼, ਫੈਟਜ਼, ਮਿਨਰਲਜ਼ ਆਦਿ ਤੱਤਵਾਂ ਵਿਚ ਤਬਦੀਲ ਹੋਣੈ ਤੇ ਹੱਡੀਆਂ ਵਿਚ ਅੱਪੜਨੈ ਤੇ ਨਸਾਂ ਵਿਚ ਦੌੜਦਾ ਖ਼ੂਨ ਬਣਨੈ। ਕਈ ਬੰਦੇ ਤਾਂ ਰੁੱਖੀ-ਸੁੱਖੀ ਖਾ ਕੇ ਦੌੜੇ-ਫਿਰਦੇ ਨੇ ਤੇ ਕਈਆਂ ਨੂੰ ਖਾਧਾ-ਪੀਤਾ ਕੁਝ ਲੱਗਦਾ ਹੀ ਨਹੀਂ—ਖ਼ੂਨ ਹੀ ਨਹੀਂ ਬਣਦਾ, ਅਨੀਮੀਆ ਹੋ ਗਿਐ, ਫ਼ੁਲਾਪਾ ਹੋਈ ਜਾਂਦੈ, ਹੱਡ ਖੁਰਨੇ ਸ਼ੁਰੂ ਹੋ ਗਏ ਨੇ ਜਾਂ ਜੁੱਸੇ ਦਾ ਮਾਸ ਹੀ ਸੁੱਕਦਾ ਜਾਂਦੈ।--ਹਾਂ ਜੀ, ਖਾਵਣ ਨਾਲੋਂ ਭੁੰਚਣ ਦੀ ਵਧੇਰੇ ਮਹੱਤਤਾ ਏ, ਉਤਨਾ ਤੇ ਉਵੇਂ ਹੀ ਖਾਈਏ, ਜਿਤਨੇ ਕੁ ਨੂੰ ਅਸੀਂ ਭਲੀ ਪ੍ਰਕਾਰ ਭੁੰਚ ਸਕੀਏ, ਹਜ਼ਮ ਕਰ ਸਕੀਏ ਤੇ ਤਨ ਮਨ ਨੂੰ ਤੰਦਰੁਸਤ ਰੱਖ ਸਕੀਏ। ਉਹੋ ਜਿਹਾ ਆਹਾਰ ਚੁਣੀਏ ਜੋ ਸਾਡੇ ਤਨ ਨੂੰ ਪੀੜਾ, ਰੋਗ-ਗ੍ਰਸਤ, ਨਾ ਕਰੇ ਤੇ ਮਨ ਦੇ ਵਿਕਾਰਾਂ ਨੂੰ ਬੜ੍ਹਾਵਾ ਨਾ ਦੇਵੇ। ਸਵਾਦਾਂ ਤੇ ਚਸਕਿਆਂ ਵਿਚ ਫ਼ਸਣ ਤੋਂ ਬਚੀਏ ਕਿਉਂਕਿ ਰਸਾਂ-ਕਸਾਂ ਨੇ ਬਦਫੈਲੀਆਂ ਦੀ ਕੰਡਿਆਲੀ ਵਾੜ ਵਿਚ ਜਿੰਦ ਨੂੰ ਖੁਆਰ ਕਰਨੋਂ ਨਹੀਂ ਹਟਣਾ। ਪਾੜ੍ਹੇ ਬੱਚਿਆਂ, ਨੌਜੁਆਨਾਂ ਤੇ ਦਫ਼ਤਰੀ ਕਰਮਚਾਰੀਆਂ ਲਈ ਲੰਚ-ਬਰੇਕ ਅੱਧੇ ਘੰਟੇ ਤੋਂ ਵਧਾਅ ਕੇ ਇਕ ਘੰਟਾ ਕਰ ਦੇਣਾ ਚਾਹੀਦੈ, ਛੁੱਟੀ ਵੇਲੇ ਨੂੰ ਥੋੜ੍ਹਾ ਹੋਰ ਅੱਗੇ ਪਾ ਲੈਣ ਵਿਚ ਕੋਈ ਹਰਜ਼ ਨਹੀਂ, ਵੱਖਰਾ ਅੱਡ-ਆਕਾਰੀ ਸਾਫ਼-ਸੁਹਣਾ ਲੰਚ ਹਾਲ ਬਣਾਉਣ ਵਿਚ ਖਰਚਿਆ ਰੁਪਈਆ ਅਜਾਈਂ ਨਹੀਂ ਜਾਵੇਗਾ--ਅਜਿਹੇ ਸੁਖ-ਸੁਵਿਧਾਜਨਕ ਪ੍ਰਬੰਧਾਂ ਨਾਲ ਲੋਕਾਂ ਦੀ ਸੁਚੱਜੀ ਸਿਹਤ ਦੇ ਨਾਲ-ਨਾਲ, ਕੌਮੀ ਉਸਾਰੀ ਤੇ ਉਤਪਾਦਨ ਵਿਚ ਮਿਆਰੀ ਵਾਧਾ ਹੋਣ ਦੀਆਂ ਸੰਭਾਵਨਾਵਾਂ ਵੇਖੀਆਂ ਜਾ ਸਕਦੀਆਂ ਹਨ। ਮਤਲਬ ਕਿ, ਪੂਰੇ ਸਮਾਜ ਦਾ ਉੱਧਾਰ।

ਭਜਨ ਵਿਚ ਹੀ ਭੋਜਨ ਵਾਂਗਰਾਂ ਵੰਨ-ਸੁਵੰਨਤਾ ਬਥੇਰੀ ਏ! ਬਹੁਭਾਂਤਿਕ ਜਪੁ, ਤਪੁ, ਪੂਜਾ, ਅਰਚਨਾ ਤੇ ਕਰਮ-ਕਾਂਡ। ਬੰਦੇ ਨੂੰ ਜਿਵੇਂ ਪਾਣੀ ਛਾਣ ਕੇ ਪੀਣਾ ਸਿਹਤ-ਸੁਰੱਖਿਆ ਲਈ ਜ਼ਰੂਰੀ ਏ, ਭਗਤੀ-ਭਾਵ ਨਾਮੁ-ਪਦਾਰਥ ਵਿਹਾਝਣ ਵਾਸਤੇ ਵੀ ਸਾਵਧਾਨਤਾ ਵਰਤਣੀ ਚਾਹੀਦੀ ਏ :

**ਅਕਲੀ ਸਾਹਿਬੁ ਸੇਵੀਐ**
**ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ**
**ਅਕਲੀ ਕੀਚੈ ਦਾਨੁ ॥** *(੧੨੪੫)*

ਭੋਜਨ ਦੀ ਪਾਚਣ-ਪ੍ਰਣਾਲਿ ਨੂੰ ਸਵਸਥ ਰੱਖਣ ਲਈ ਲੋੜੀਂਦੀ ਸੰਜਮ-ਸੁਚੇਤਤਾ ਦੀ ਤਰ੍ਹਾਂ **ਨਾਮ-ਪਦਾਰਥ ਦੇ ਭੁੰਚਣਹਾਰਿਆਂ ਵਾਸਤੇ ਸਤੁ, ਸੰਤੋਖ ਤੇ ਵਿਚਾਰ, ਤਿੰਨ ਮੁੱਢਲੀਆਂ ਮੂਲਕ ਲੋੜਾਂ (Pre-requisites) ਹਨ।** ਔਖੇ ਤੇ ਮਹਾਂ-ਬਿਖੜੇ ਰਾਹਾਂ ਉੱਪਰ ਵੀ ਮਨੁੱਖ ਸਚਾਈ ਦਾ ਪੱਲਾ ਨਾ ਛੱਡੇ, ਖਾਣ-ਪੀਣ, ਰਹਿਣ-ਸਹਿਣ ਤੇ ਸਮੁੱਚੇ ਸਮਾਜਿਕ ਵਿਵਹਾਰ ਵਿਚ ਸਬਰ-ਸੰਤੋਖ ਤੇ ਸੰਤੁਸ਼ਟਤਾ ਬਣਾਈ ਰੱਖੇ ਅਤੇ ਜੀਵਨ ਨਾਲ ਜੁੜੇ ਨਿੱਜੀ ਅਧਿਆਤਮਕ, ਪਰਿਵਾਰਕ, ਭਾਈਚਾਰਕ, ਵਿੱਤੀ, ਵਿਦਿਅਕ, ਨੈਤਿਕ, ਸਦਾਚਾਰਕ ਅਤੇ ਰਾਜਨੀਤਿਕ ਮਸਲਿਆਂ ਪ੍ਰਤੀ ਸੁਚਾਰੂ ਗੁਰਮਤਿ-ਗਿਆਨ ਦੇ ਅਨੁਰੂਪ, ਵਿਚਾਰਸ਼ੀਲ ਬਿਰਤੀਆਂ ਦੇ ਅਮਲ ਨੂੰ ਅਗਾਹਾਂ ਵਧਾਣ ਵੱਲ ਉੱਦਮੀ ਬਣਿਆ ਰਹੇ :

**ਜੇ ਕੋ ਖਾਵੈ, ਜੇ ਕੋ ਭੁੰਚੈ**
**ਤਿਸ ਕਾ ਹੋਇ ਉਧਾਰੋ ॥** *(੧੪੨੯)*

ਇਹ ਸਮੂਹ ਸੰਸਾਰ ਦੇ ਲੋਕਾਂ ਵਾਸਤੇ, ਗੁਰੂਆਂ ਦੀ ਬਾਣੀ ਰਾਹੀਂ, ਰੱਬ ਜੀ ਦਾ ਸੁਨੇਹੜਾ ਹੈ।

## ਭੁੱਲ ਦੀ ਸੋਧ

**ਮਾਰਚ** 2009 ਦੀ ਸਿੱਖ ਫੁਲਵਾੜੀ ਵਿਚ ਛਪੇ ਸਵਾਲ ਅਤੇ ਜਵਾਬ ਦੋਹਾਂ ਵਿਚ ਗੁਰਬਾਣੀ ਦੀ ਤੁਕ "**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**" ਗੁਰੂ ਨਾਨਕ ਦੇਵ ਜੀ ਵਲੋਂ ਉਚਾਰਨ ਕੀਤੀ ਲਿਖੀ ਹੋਈ ਹੈ। ਇਹ ਤੁਕ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ 'ਬਾਰਹਮਾਹਾ ਮਾਝ' ਵਿਚ ਉਚਾਰਨ ਕੀਤੀ ਹੋਈ ਹੈ। ਹੋਈ ਭੁੱਲ ਲਈ ਖਿਮਾ ਦੇ ਜਾਚਕ ਹਾਂ। (ਸੰਪਾਦਕ)

## 25 ਜਾਂ 25 ਤੋਂ ਵੱਧ 'ਸਿੱਖ ਫੁਲਵਾੜੀ' ਮੈਗਜ਼ੀਨ ਬੁੱਕ ਕਰਨ ਵਾਲਿਆਂ ਦੇ ਨਾਮ

| | | |
|---|---|---|
| 1. ਸ: ਨਰਿੰਦਰ ਸਿੰਘ ਭਾਰਟਾ, ਸਰਕਲ ਬਸਿਆਲਾ | — | 45 |
| 2. ਸ: ਅਜੀਤ ਸਿੰਘ, ਮਾਹਿਲ ਗਹਿਲਾਂ, ਸਰਕਲ ਬਸਿਆਲਾ | — | 37 |
| 3. ਸ: ਕੁਲਦੀਪ ਸਿੰਘ ਲੱਲੀਆਂ, ਸਰਕਲ ਗੜ੍ਹਸ਼ੰਕਰ | — | 50 |
| 4. ਸ: ਰਵਿੰਦਰ ਸਿੰਘ ਸੁੱਜੋਂ (ਨਵਾਂ ਸ਼ਹਿਰ), ਸਰਕਲ ਬਸਿਆਲਾ | — | 35 |
| 5. UA-2, ਸਰਕਲ ਦੇਹਰਾਦੂਨ | — | 25 |
| 6. ਸ: ਗੁਰਮੀਤ ਸਿੰਘ, ਵਿਰਕ ਕਾਲੋਨੀ, ਪਟਿਆਲਾ-PAT-4 | — | 25 |
| 7. ਸ: ਜੋਗਿੰਦਰ ਸਿੰਘ, ਸ: ਸੁਰਜੀਤ ਸਿੰਘ ਰਾਜਪਾਲ ਸ: ਖਜ਼ਾਨ ਸਿੰਘ, ਯੂ.ਪੀ.-43, ਲਖਨਊ | — | 116 |

## *ਘਰ ਬੈਠੇ-ਬਿਠਾਏ ਦੋ-ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ*

ਵਿਚ ਦਾਖਲਾ ਲੈ ਕੇ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਹਾਸਲ ਕਰੋ। ਪ੍ਰਾਸਪੈਕਟਸ (ਫਾਰਮ, ਸਿਲੇਬਸ ਆਦਿ) 7 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ।

# ਖ਼ਬਰਨਾਮਾ ਅਤੇ ਸਰਗਰਮੀਆਂ

## ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸਕ ਫੈਸਲਾ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰਾਭਾ ਨਗਰ, ਲੁਧਿਆਣਾ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸ: ਜੋਗਿੰਦਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕੁਝ ਮਹੱਤਵਪੂਰਨ ਫੈਸਲੇ ਕੀਤੇ ਗਏ। ਪੰਜਾਬ ਵਿਚ ਵਿੱਦਿਆ ਦੀ ਚਿੰਤਾਜਨਕ ਹਾਲਤ ਨੂੰ ਸੁਧਾਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ ਮਹਿਸੂਸ ਕਰਦੇ ਹੋਏ ਆਉਂਦੇ ਮਾਲੀ ਸਾਲ ਵਾਸਤੇ ਗੁਰਦੁਆਰਾ ਸਾਹਿਬ ਦੇ ਕੁੱਲ ਬਜਟ ਦਾ 5% (3.5 ਲੱਖ ਰੁਪਏ) ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਵਲੋਂ ਪਹਿਲਾਂ ਹੀ ਇਕ ਰੋਗ ਨਿਵਾਰਣ ਫੰਡ ਖੋਲ੍ਹਿਆ ਹੋਇਆ ਹੈ ਜਿਸ ਰਾਹੀਂ ਬਜਟ ਦਾ 5% ਵੱਖ-ਵੱਖ ਗਰੀਬ ਰੋਗੀਆਂ ਨੂੰ ਇਲਾਜ ਲਈ ਹਸਪਤਾਲ ਜਾਂ ਨਰਸਿੰਗ ਹੋਮ ਨੂੰ ਚੈੱਕ ਰਾਹੀਂ ਰਕਮ ਦਿੱਤੀ ਜਾਂਦੀ ਹੈ। ਇਹ ਰਕਮ ਇਕ ਵਿਅਕਤੀ ਨੂੰ ਵੱਧ ਤੋਂ ਵੱਧ 5000 ਰੁਪਏ ਤੱਕ ਸੀਮਿਤ ਹੈ।

**—ਮੁੱਖ ਸੇਵਾਦਾਰ ਪ੍ਰਬੰਧਕ ਕਮੇਟੀ**

## ਨਵੇਂ ਉਸਾਰੇ ਜਾਂਦੇ ਗੁਰਦੁਆਰਿਆਂ 'ਤੇ ਪੂਰਨ ਪਾਬੰਦੀ

**ਅੰਮ੍ਰਿਤਸਰ**—ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਵੇਂ ਉਸਾਰੇ ਜਾਣ ਵਾਲੇ ਗੁਰਦੁਆਰਿਆਂ 'ਤੇ ਪੂਰਨ ਪਾਬੰਦੀ ਲਗਾਉਂਦਿਆਂ ਕਿਹਾ ਕਿ ਅਕਾਲ ਤਖਤ ਦੀ ਇਜਾਜ਼ਤ ਤੋਂ ਬਗੈਰ ਕਿਸੇ ਵੀ ਗੁਰਦੁਆਰੇ ਦਾ ਨਿਰਮਾਣ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਵਿਆਹਾਂ ਦੇ ਕਾਰਡਾਂ 'ਤੇ ਛਾਪੀਆਂ ਜਾਂਦੀਆਂ ਗੁਰਬਾਣੀ ਦੀਆਂ ਤੁਕਾਂ ਦਾ ਵੀ ਗੰਭੀਰ ਨੋਟਿਸ ਲਿਆ। ਅਕਾਲ ਤਖਤ ਦੇ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਗੁਰਦੁਆਰਿਆਂ ਦੇ ਨਾਂ 'ਤੇ ਕੀਤੀ ਜਾਣ ਵਾਲੀ ਸਿਆਸਤ ਨੂੰ ਬੰਦ ਕਰਨ ਲਈ ਅਜਿਹਾ ਆਦੇਸ਼ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ **ਜਿਸ ਪਿੰਡ ਵਿਚ ਪਹਿਲਾਂ ਹੀ ਇਕ ਤੋਂ ਵੱਧ ਗੁਰਦੁਆਰੇ ਬਣੇ ਹੋਏ ਹਨ ਉਨ੍ਹਾਂ ਪਿੰਡਾਂ ਵਿਚ ਹੋਰ ਗੁਰਦੁਆਰਾ ਉਸਾਰਨ ਤੋਂ ਪਹਿਲਾਂ ਅਕਾਲ ਤਖਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਨਾਲ ਰਾਬਤਾ ਕਾਇਮ ਕੀਤਾ ਜਾਵੇ।** ਤਾਂਕਿ ਪੜਤਾਲ ਕੀਤੀ ਜਾਵੇ ਕਿ ਹੋਰ ਗੁਰਦੁਆਰੇ ਦੀ ਲੋੜ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇਹ ਆਦੇਸ਼ ਇਕੱਲੇ ਪੰਜਾਬ ਦੀਆਂ ਸੰਗਤਾਂ ਲਈ ਹੀ ਨਹੀਂ, ਸਗੋਂ ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸੰਗਤਾਂ 'ਤੇ ਵੀ ਲਾਗੂ ਹੋਵੇਗਾ। ਜਥੇਦਾਰ ਨੇ ਕਿਹਾ ਕਿ ਵਿਆਹ-ਸ਼ਾਦੀਆਂ ਲਈ ਪੱਤਰ ਦੇਣ-ਲੈਣ ਲਈ ਛਪਾਏ ਜਾਣ ਵਾਲੇ ਕਾਰਡਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਤਸਵੀਰ ਜਾਂ ਫਿਰ ਗੁਰਬਾਣੀ ਦੀਆਂ ਤੁਕਾਂ ਛਾਪਣ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਜਾ ਚੁੱਕੀ ਹੈ। ਫਿਰ ਵੀ ਇਹ ਰੁਝਾਨ ਹਾਲੇ ਜਾਰੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਰੁਝਾਨ ਨੂੰ ਰੋਕਣ ਲਈ ਪੰਜ ਸਿੰਘ ਸਾਹਿਬਾਨਾਂ ਦੀ ਅਗਲੇਰੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਉਨ੍ਹਾਂ ਹਦਾਇਤ ਕੀਤੀ ਕਿ ਟਰਾਲੀਆਂ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕੀਤਾ ਜਾਵੇ।

(ਗੁਰਸਿੱਖ ਸੰਜੋਗ)

## ਸਿਰ ਉੱਤੇ ਦਸਤਾਰ ਸਜਾ ਕੇ ਅੰਮ੍ਰਿਤਧਾਰੀ ਬੀਬੀ ਅਮਰੀਕਾ ਵਿਚ ਉਡਾਏਗੀ ਜਹਾਜ਼



ਤਰਨ ਤਾਰਨ, 5 ਮਾਰਚ—ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਕੋਟਲੀ ਸਰੂ ਦੀ ਅੰਮ੍ਰਿਤਧਾਰੀ ਸਿੱਖ ਬੀਬੀ ਅਰਪਿੰਦਰ ਕੌਰ ਛੇਤੀ ਹੀ ਸਿਰ ਉੱਤੇ ਦਸਤਾਰ ਸਜਾ ਕੇ ਜਹਾਜ਼ ਉਡਾਏਗੀ। ਅਮਰੀਕਾ ਵਿਚ ਪਾਇਲਟ ਅਰਪਿੰਦਰ ਕੌਰ ਦੀ ਇਸ ਪ੍ਰਾਪਤੀ 'ਤੇ ਨਾ ਸਿਰਫ਼ ਉਸ ਦੇ ਪਰਿਵਾਰ ਨੂੰ, ਬਲਕਿ ਸਾਰੇ ਪੰਜਾਬੀਆਂ ਨੂੰ ਮਾਣ ਹੈ। ਅਰਪਿੰਦਰ ਕੌਰ ਮੁੱਲਾਂਪੁਰ (ਲੁਧਿਆਣਾ) ਵਾਸੀ ਪ੍ਰਿਤਪਾਲ ਸਿੰਘ ਨਾਲ ਵਿਆਹੀ ਹੋਈ ਹੈ। ਅਮਰੀਕਾ ਤੋਂ ਅਰਪਿੰਦਰ ਕੌਰ ਦੇ ਪਾਇਲਟ ਬਣਨ ਦੀ ਖਬਰ ਪਿੰਡ ਕੋਟੀ ਸਰੂ ਖਾਂ ਵਿਚ ਪਹੁੰਚਦਿਆਂ ਹੀ ਪਰਵਾਰ ਨੇ ਜਸ਼ਨ ਮਨਾਏ। ਅਰਪਿੰਦਰ ਦੇ ਨਾਨਾ ਜਗੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਦੋਹਤੀ ਉੱਤੇ ਪੂਰਾ ਮਾਣ ਹੈ।

(ਸਪੋਕਸਮੈਨ)

## ਅਫ਼ਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਦੀਆਂ ਜਾਇਦਾਦਾਂ 'ਤੇ ਤਾਕਤਵਰ ਲੋਕਾਂ ਨੇ ਕੀਤਾ ਕਬਜ਼ਾ



ਚੰਡੀਗੜ੍ਹ, 19 ਮਾਰਚ (ਜ਼ਾਹਿਦਾ)—ਅਫ਼ਗਾਨਿਸਤਾਨ ਜਿਸ ਨੂੰ ਲੰਮੇ ਸਮੇਂ ਤੋਂ ਸਰਮਾਏਦਾਰਾਂ ਤੇ ਧਰਮੀਆਂ ਨੇ ਬਲਦੀ ਦੇ ਬੂਥੇ ਦਿੱਤਾ ਹੋਇਆ ਹੈ, ਵਿਚ ਘੱਟ ਗਿਣਤੀਆਂ ਦੀ ਹਾਲਤ ਦਿਨੋ-ਦਿਨ ਖਰਾਬ ਹੁੰਦੀ ਜਾ ਰਹੀ ਹੈ। ਉੱਥੇ ਘੱਟ-ਗਿਣਤੀ ਹਿੰਦੂ ਤੇ ਸਿੱਖ ਰੋਟੀ ਦੇ ਨਾਲ ਆਪਣੇ ਸਵੈਮਾਣ ਦੀ ਵੀ ਲੜਾਈ ਲੜ ਰਹੇ ਹਨ। ਇਸ ਸੰਬੰਧੀ ਨੰਗਰਹਾੜ ਸੂਬੇ ਦੇ ਸਿੱਖ ਨੇਤਾ ਰਵੀਲ ਸਿੰਘ ਨੇ ਦੱਸਿਆ ਕਿ ਅਸੀਂ ਇੱਥੇ ਉਦਾਸ ਰੁੱਤਾਂ ਦੇ ਮੌਸਮ ਵਰਗੀ ਜ਼ਿੰਦਗੀ ਜੀਅ ਰਹੇ ਹਾਂ। ਸੱਧਰਾਂ ਦੇ ਪਾਣੀਆਂ ਤੋਂ ਬਗੈਰ ਜ਼ਿੰਦਗੀ ਪਤਝੜ ਦੇ ਖੜਸੁੱਕ ਰੁੱਖਾਂ ਵਰਗੀ ਹੋ ਗਈ ਹੈ। ਉਸ ਨੇ ਕਿਹਾ ਕਿ ਸਥਾਨਕ ਪੁਲਿਸ ਜ਼ਰੂਰ ਸਾਡੇ ਨਾਲ ਨਰਮੀ ਵਾਲਾ ਵਰਤਾਅ ਕਰਦੀ ਹੈ, ਬਾਕੀ ਤਾਂ ਰੱਬ ਹੀ ਰਾਖਾ ਹੈ। ਰਵੀਲ ਸਿੰਘ ਨੇ ਦੱਸਿਆ ਕਿ ਲੜਾਈ (1979) ਤੋਂ ਪਹਿਲਾਂ ਅਫਗਾਨਿਸਤਾਨ ਦੇ ਕਾਬੁਲ ਗਜ਼ਨੀ, ਖੋਸਟ, ਕੰਧਾਰ ਤੇ ਹੇਲਮੰਡ ਸੂਬਿਆਂ ਵਿਚ 16,673 ਹਿੰਦੂ ਤੇ ਸਿੱਖ ਪਰਿਵਾਰ ਰਹਿੰਦੇ ਸਨ। ਪਿਛਲੇ 30 ਸਾਲਾਂ ਤੋਂ ਅਸੀਂ ਜਿਹੜਾ ਦਰਦ ਹੰਢਾ ਰਹੇ ਹਾਂ, ਉਸ ਤੋਂ ਦੁਖੀ ਹੋ ਕੇ ਬਹੁਤ ਸਾਰੇ ਪਰਿਵਾਰ ਦੇਸ਼ ਛੱਡ ਕੇ ਚਲੇ ਗਏ ਹਨ। ਰਵੀਲ ਸਿੰਘ ਨੇ ਕਿਹਾ ਕਿ ਸਾਨੂੰ ਸਮੱਸਿਆਵਾਂ ਬਹੁਤ ਹਨ ਪਰ ਉਨ੍ਹਾਂ ਨੂੰ ਹੱਲ ਕਰਨ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਸਾਡੇ ਬਹੁਤ ਸਾਰੇ ਮਕਾਨਾਂ, ਦੁਕਾਨਾਂ ਤੇ ਹੋਰ ਜਾਇਦਾਦਾਂ 'ਤੇ ਤਾਕਤਵਰ ਲੋਕਾਂ ਤੇ ਅਤਿਵਾਦੀ ਕਮਾਂਡਰਾਂ ਨੇ ਕਬਜ਼ਾ ਕਰ ਲਿਆ ਹੈ। ਸਾਡੇ ਬੱਚਿਆਂ ਲਈ ਕੋਈ ਵਿਸ਼ੇਸ਼ ਸਕੂਲ ਨਹੀਂ, ਜਿਸ ਕਰਕੇ ਸਾਨੂੰ ਉਨ੍ਹਾਂ ਨੂੰ ਆਪਣੇ ਧਰਮ, ਬੋਲੀ ਤੇ ਸਭਿਆਚਾਰ ਦੀ ਸਿੱਖਿਆ ਘਰਾਂ ਵਿਚ ਦੇਣੀ ਪੈਂਦੀ ਹੈ ਪਰ ਇਹ ਵੀ ਕੋਈ ਸੌਖਾ ਕੰਮ ਨਹੀਂ। ਸਰਕਾਰ ਦਾ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਪ੍ਰਤੀ ਕੀ ਵਤੀਰਾ ਹੈ ? ਇਸ ਗੱਲ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਰਾਸ਼ਟਰਪਤੀ ਹਾਮਿਦ ਕਰਜ਼ਈ ਨੂੰ ਆਪਣਾ ਦੁਖੜਾ ਸੁਣਾਉਣ ਲਈ ਮੁਲਾਕਾਤ ਦਾ ਸਮਾਂ ਹੀ ਨਹੀਂ ਮਿਲ ਰਿਹਾ। ਰਵੀਲ ਸਿੰਘ

ਨੇ ਕਿਹਾ ਕਿ ਇਸ ਤੋਂ ਵੱਡਾ ਦੁੱਖ ਹੋਰ ਕੀ ਹੋਵੇਗਾ ਕਿ ਸਾਡਾ ਰਾਸ਼ਟਰਪਤੀ ਹੀ ਸਾਡਾ ਦੁੱਖ ਸੁਣਨ ਲਈ ਤਿਆਰ ਨਹੀਂ।

### ਅਫ਼ਗਾਨਿਸਤਾਨ : ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਸਿੱਖ ਬੀਬੀ ਨੂੰ 'ਪਰਸਨ ਆਫ਼ ਦ ਈਅਰ' ਸਨਮਾਨ ਲਈ ਚੁਣਿਆ

***ਔਰਤ ਉਹ ਸਭ ਕੁਝ ਕਰ ਸਕਦੀ ਹੈ ਜੋ ਮਰਦ ਕਰ ਸਕਦਾ ਹੈ : ਅਨਾਰਕਲੀ ਕੌਰ***

ਚੰਡੀਗੜ੍ਹ, 25 ਮਾਰਚ—ਅਫ਼ਗਾਨਿਸਤਾਨ ਵਿਚ ਇਕ ਸਿੱਖ ਬੀਬੀ ਨੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਵਿਲੱਖਣ ਕੰਮ ਕਰ ਕੇ ਨਵਾਂ ਮਾਅਰਕਾ ਮਾਰਿਆ ਹੈ। ਰੇਡੀਓ ਫ਼ਰੀ ਅਫਗਾਨਿਸਤਾਨ (ਆਰ.ਐਫ.ਏ.) ਨੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਅਨਾਰਕਲੀ ਕੌਰ ਆਨਰਯਾਰ ਨੂੰ 'ਪਰਸਨ ਆਫ਼ ਦ ਯੀਅਰ' ਸਨਮਾਨ ਲਈ ਚੁਣਿਆ ਹੈ। ਆਨਰਯਾਰ ਦੇਸ਼ ਦੇ ਇਕ ਆਜ਼ਾਦ ਮਨੁੱਖੀ ਅਧਿਕਾਰ ਸੰਗਠਨ ਲਈ ਕੰਮ ਕਰਦੀ ਹੈ। ਆਰ. ਐਫ. ਏ. ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਸ ਨੂੰ ਇਹ ਸਨਮਾਨ ਮਿਲਣ 'ਤੇ ਮਾਣ ਹੈ। ਉਸ ਨੇ ਇਹ ਸਨਮਾਨ ਮਨੁੱਖੀ ਅਧਿਕਾਰਾਂ, ਬਰਾਬਰਤਾ ਤੇ ਚੰਗੇਰੇ ਸਮਾਜ ਲਈ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਸਮਰਪਤ ਕੀਤਾ। ਪੱਤਰਕਾਰਾਂ, ਐਨ.ਜੀ.ਓ. ਤੇ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੇ 30 ਤੋਂ ਵੱਧ ਗਰੁੱਪਾਂ ਨੇ, ਇਸ ਸਨਮਾਨ ਲਈ ਉਸ ਦੀ ਚੋਣ ਕੀਤੀ। ਆਨਰਯਾਰ ਪਿਛਲੇ ਸੱਤ ਸਾਲ ਤੋਂ ਅਫ਼ਗਾਨਿਸਤਾਨ ਵਿਚ ਲੋਕਤੰਤਰ ਦੀ ਮਜ਼ਬੂਤੀ ਤੇ ਸ਼ਹਿਰੀ ਹੱਕਾਂ ਲਈ ਕੰਮ ਕਰ ਰਹੀ ਹੈ। ਉਹ ਅਫ਼ਗਾਨ ਸੰਵਿਧਾਨ ਕਮੇਟੀ ਦੀ ਵੀ ਮੈਂਬਰ ਸੀ, ਜਿਸ ਨੇ ਦੇਸ਼ ਦਾ ਮੌਜੂਦਾ ਸੰਵਿਧਾਨ ਤਿਆਰ ਕੀਤਾ। ਉਹ ਲੋਇਆ ਜਿਰਗਾ ਦੀ ਵੀ ਮੈਂਬਰ ਰਹੀ ਜਿਸ ਨੇ ਤਾਲਿਬਾਨ ਰਾਜ ਦੇ ਖ਼ਾਤਮੇ ਤੋਂ ਬਾਅਦ ਦੇਸ਼ ਦੀ ਅਸਥਾਈ ਸਰਕਾਰ ਦੀ ਚੋਣ ਕੀਤੀ ਸੀ। ਅਨਾਰਕਲੀ ਕੌਰ ਨੇ ਦੱਸਿਆ ਕਿ ਉਸ ਨੂੰ ਮਨੁੱਖੀ ਅਧਿਕਾਰਾਂ ਲਈ ਕੰਮ ਕਰਦੇ ਸਮੇਂ, ਇਕ ਔਰਤ ਹੋਣ ਦੇ ਨਾਤੇ ਬਹੁਤ ਸਾਰੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ ਪਰ ਦੇਸ਼ ਵਿਚ ਮਰਦ ਪ੍ਰਧਾਨ ਸੱਭਿਆਚਾਰ ਹੋਣ ਦੇ ਬਾਵਜੂਦ ਉਸ ਨੇ ਹਾਰ ਨਹੀਂ ਮੰਨੀ। ਆਪਣੇ ਬਚਪਨ ਵਿਚ ਉਸ ਨੇ ਇਕ ਵਾਰੀ ਇੱਛਾ ਕੀਤੀ ਸੀ ਕਿ ਜੇ ਉਹ ਮੁੰਡਾ ਹੁੰਦੀ ਤਾਂ ਪਾਇਲਟ ਬਣਦੀ ਪਰ ਕਿਉਂਕਿ ਉਹ ਇਕ 'ਬੰਦ ਸਮਾਜ' ਦੀ ਕੁੜੀ ਹੈ, ਇਸ ਲਈ ਇਹ ਸੁਪਨਾ ਪੂਰਾ ਨਾ ਹੋ ਸਕਿਆ।। ਇਸ ਸਮੇਂ ਅਨਾਰਕਲੀ ਕੌਰ ਇਕ ਡਾਕਟਰ ਹੈ। ਉਸ ਨੇ ਕਿਹਾ ਕਿ ਹੁਣ ਮੈਂ ਸਮਝਦੀ ਹਾਂ ਕਿ ਇਕ ਔਰਤ ਉਹ ਸਭ ਕੁਝ ਕਰ ਸਕਦੀ ਹੈ ਜੋ ਇਕ ਮਰਦ ਕਰ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਕਿ ਜੇ ਉਸ ਨੂੰ ਮਰਦ ਵਾਂਗ ਪੂਰੇ ਮੌਕੇ ਦਿੱਤੇ ਜਾਣ। ਪਿਛਲੇ ਸਾਲ ਆਰ. ਐਫ. ਏ. ਦਾ ਪਰਸਨ ਆਫ. ਦ ਈਅਰ ਸਨਮਾਨ ਨੰਗਰਾਹੜ ਸੂਬੇ ਦੇ ਰਾਜਪਾਲ ਨੂੰ ਦਿੱਤਾ ਗਿਆ ਸੀ।

(ਸਪੋਕਸਮੈਨ)

### ਕੈਲੇਫੋਰਨੀਆ 'ਚ ਕ੍ਰਿਪਾਨ ਸੰਬੰਧੀ ਛੇਤੀ ਹੀ ਬਣੇਗਾ ਕਾਨੂੰਨ



ਨਿਊਯਾਰਕ, 3 ਅਪ੍ਰੈਲ—ਕ੍ਰਿਪਾਨ ਪਾਉਣ ਕਾਰਨ ਸਿੱਖਾਂ ਨੂੰ ਪੁਲਿਸ ਵਲੋਂ ਤੰਗ ਕਰਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੀ ਅਸੈਂਬਲੀ, ਸਿੱਖਾਂ ਦੇ ਇਸ ਕਕਾਰ ਸੰਬੰਧੀ ਸੁਰੱਖਿਆ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਲਈ ਇਕ ਕਾਨੂੰਨ ਬਣਾਵੇਗੀ। ਕ੍ਰਿਪਾਨ ਪਾਉਣ ਕਾਰਨ ਸਿੱਖਾਂ ਨੂੰ ਕਈ ਵਾਰ ਸੁਰੱਖਿਆ ਅਧਿਕਾਰੀਆਂ ਵਲੋਂ ਤੰਗ-ਪਰੇਸ਼ਾਨ ਕਰਨ ਦੀਆਂ ਘਟਨਾਵਾਂ ਅਤੇ ਇਸ ਸਮੱਸਿਆ ਨੂੰ ਦੂਰ ਕਰਨ ਲਈ ਲਗਭਗ 2 ਲੱਖ ਦੀ ਸਿੱਖ ਆਬਾਦੀ ਵਾਲੇ ਕੈਲੇਫੋਰਨੀਆ ਦੀ ਅਸੈਂਬਲੀ ਵਿਚ ਇਕ ਬਿੱਲ ਪਾਸ ਕਰਨ ਸੰਬੰਧੀ ਚਰਚਾ ਚੱਲ ਰਹੀ ਹੈ। ਅਸੈਂਬਲੀ ਦੀ ਨਾਗਰਿਕ ਸੁਰੱਖਿਆ ਕਮੇਟੀ ਨੇ ਬੀਤੇ ਦਿਨੀਂ ਇਸ ਦੇ ਖਰੜੇ ਨੂੰ ਸਰਬਸੰਮਤੀ ਨਾਲ ਆਪਣੀ ਪ੍ਰਵਾਨਗੀ ਦੇ ਦਿੱਤੀ ਪਰ ਇਸ ਨੂੰ ਕਾਨੂੰਨ ਦਾ ਰੂਪ ਅਖ਼ਤਿਆਰ ਕਰਨ ਲਈ ਅਜੇ ਕਈ ਹੋਰ ਕਮੇਟੀਆਂ ਦੀਆਂ ਨਜ਼ਰਾਂ ਹੇਠੋਂ ਵੀ ਲੰਘਣਾ ਪਵੇਗਾ।

### ਕੈਪਟਨ ਕੰਵਲਜੀਤ ਸਿੰਘ ਦੀ ਸੜਕ ਹਾਦਸੇ ਵਿਚ ਮੌਤ

29 ਮਾਰਚ—ਪੰਜਾਬ ਦੇ ਸੀਨੀਅਰ ਅਕਾਲੀ ਆਗੂ ਅਤੇ ਸਹਿਕਾਰਤਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਖਰੜ ਨੇੜੇ ਇਕ ਦਰਦਨਾਕ ਸੜਕ ਹਾਦਸੇ ਵਿਚ ਸ਼ਾਮ ਸਮੇਂ ਮੌਤ ਹੋ ਗਈ। ਉਹ ਇਕ ਸਮਾਗਮ ਵਿਚ ਸ਼ਮੂਲੀਅਤ ਕਰਨ ਮਗਰੋਂ ਲੁਧਿਆਣੇ ਤੋਂ ਚੰਡੀਗੜ੍ਹ ਜਾ ਰਹੇ ਸਨ। ਕੈਪਟਨ ਕੰਵਲਜੀਤ ਸਿੰਘ ਗੁਰਸਿੱਖੀ ਵਿਚਾਰਾਂ ਅਤੇ ਨਿਮਰ ਸੁਭਾਅ ਵਾਲੇ, ਮਿਲਣਸਾਰ, ਭ੍ਰਿਸ਼ਟਾਚਾਰ ਤੋਂ ਦੂਰ ਬੇਦਾਗ਼ ਜੀਵਨ ਵਾਲੇ ਅਤੇ ਲੋਕ-ਸੇਵਾ ਨੂੰ ਸਮਰਪਿਤ ਨੇਤਾ ਸਨ। ਕੁਝ ਸਿਆਸੀ ਨੇਤਾਵਾਂ ਅਤੇ ਆਮ ਲੋਕਾਂ ਵਲੋਂ ਇਸ ਹਾਦਸੇ ਬਾਰੇ ਕਈ ਤਰ੍ਹਾਂ ਦੇ ਸ਼ੱਕ ਜ਼ਾਹਰ ਕੀਤੇ ਜਾ ਰਹੇ ਹਨ। ਸਰਦਾਰ ਸਿਮਰਨਜੀਤ ਸਿੰਘ (ਮਾਨ) ਨੇ ਤਾਂ ਸਚਾਈ ਜਾਣਨ ਲਈ ਹਾਈਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

### ਯੂਨੀਵਰਸਿਟੀ ਆਫ਼ ਟੈਕਸਾਸ ਵਿਚ ਸਿੱਖੀ ਦੀ ਸ਼ਾਨ ਪੱਗ ਦੇ ਝੰਡੇ ਝੁੱਲੇ

***ਜਦੋਂ ਗੋਰੇ ਪੇਚਾਂ ਵਾਲੀ ਪੱਗ ਬੰਨ੍ਹ ਕੇ ਘੁੰਮਦੇ ਰਹੇ***



ਚੰਡੀਗੜ੍ਹ, 12 ਮਾਰਚ (ਜ਼ਾਹਿਦਾ) : ਯੂਨੀਵਰਸਿਟੀ ਆਫ਼ ਟੈਕਸਾਸ ਦੇ ਪੁਸਤਕ-ਘਰ ਸਾਹਮਣੇ ਉਹ ਨਜ਼ਾਰਾ ਵੇਖਣਯੋਗ ਸੀ ਜਦੋਂ ਗੋਰੇ ਵਿਦਿਆਰਥੀ ਮਿਲਰ ਨੇ ਪੱਗ ਦਾ ਇਕ ਲੜ ਆਪਣੇ ਮੂੰਹ ਵਿਚ ਫੜਿਆ ਹੋਇਆ ਸੀ ਤੇ ਅਮਰਜੀਤ ਸਿੰਘ ਉਸ ਦੀ ਪੱਗ ਬੰਨ੍ਹ ਰਿਹਾ ਸੀ ਤੇ ਉਸ ਦੇ ਪਿਛੇ ਪਰਮਿੰਦਰ ਸਿੰਘ, ਡੇਵਿਡ ਸਿਮ ਦੀ ਪੱਗ ਦੇ ਪੇਚ ਠੀਕ ਕਰਨ ਲੱਗਿਆ ਹੋਇਆ ਸੀ। ਸਿੱਖ ਵਿਦਿਆਰਥੀਆਂ ਵਲੋਂ ਯੂਨੀਵਰਸਿਟੀ ਵਿਚ ਮਨਾਏ ਗਏ 'ਸਿੱਖ ਪਗੜੀ ਹਫ਼ਤੇ' ਦੌਰਾਨ ਉਹ ਪਲ ਸੱਚਮੁੱਚ ਹੀ ਪੰਜਾਬੀਅਤ ਦੇ ਆਸਮਾਨ ਵਿਚ ਸੱਧਰਾਂ ਦੇ ਨਵੇਂ ਰੰਗ ਭਰਨ ਵਰਗੇ ਸਨ। ਜਿਨ੍ਹਾਂ ਵਿਦਿਆਰਥੀਆਂ ਨੇ ਪੱਗਾਂ ਬੰਨ੍ਹੀਆਂ, ਉਨ੍ਹਾਂ ਨੂੰ ਗਿਫ਼ਟ ਕਾਰਡ ਦਿੱਤੇ ਗਏ। ਇਸ ਮੌਕੇ ਯੂਨੀਵਰਸਿਟੀ ਕੈਂਪਸ ਵਿਚ ਇਕ ਤਰ੍ਹਾਂ ਨਾਲ ਪੱਗਾਂ ਦੇ ਝੰਡੇ ਝੂਲ ਰਹੇ ਸਨ।

ਯੂਨੀਵਰਸਿਟੀ ਆਫ਼ ਟੈਕਸਾਸ, ਉੱਤਰੀ ਟੈਕਸਾਸ ਦੇ ਪੰਜ ਕਾਲਜ ਕੈਂਪਸਾਂ ਵਿਚੋਂ ਇਕ ਹੈ ਜਿਥੇ ਸਿੱਖ ਵਿਦਿਆਰਥੀਆਂ ਨੇ ਪੱਗਾਂ ਬੰਨ੍ਹ ਕੇ ਗੋਰਿਆਂ ਨੂੰ ਵੀ ਪੰਜਾਬੀ ਸਭਿਆਚਾਰ ਦੀਆਂ ਉਨ੍ਹਾਂ ਮਹਾਨ ਪਰੰਪਰਾਵਾਂ ਤੋਂ ਜਾਣੂੰ ਕਰਵਾਇਆ, ਜਿਨ੍ਹਾਂ 'ਚੋਂ ਹਮੇਸ਼ਾ ਹੀ ਘੁਲਾੜੀ ਦੇ ਤੱਤੇ ਗੁੜ ਵਰਗੀ ਮਹਿਕ ਆਉਂਦੀ ਹੈ। ਸਿੱਖ ਵਿਦਿਆਰਥੀਆਂ ਵਲੋਂ 'ਸਿੱਖ ਪੱਗੜੀ ਹਫ਼ਤਾ' ਮਨਾਉਣ ਦਾ ਮਕਸਦ, ਅਮਰੀਕਾ 'ਤੇ ਸਤੰਬਰ 11 ਦੇ ਹਮਲਿਆਂ ਤੋਂ ਬਾਅਦ ਪੱਗ ਸੰਬੰਧੀ ਆਮ ਲੋਕਾਂ ਦੇ ਦਿਲਾਂ ਵਿਚ ਪਾਏ ਜਾਂਦੇ ਭਰਮ ਦੂਰ ਕਰਨਾ ਸੀ।

ਪ੍ਰਬੰਧਕਾਂ ਨੇ ਉਨ੍ਹਾਂ ਵਿਦਿਆਰਥੀਆਂ ਲਈ ਜਿਹੜੇ ਤਿੰਨ ਘੰਟੇ ਪੱਗ ਬੰਨ੍ਹਣਗੇ ਅਤੇ ਅਜਿਹਾ ਕਰਨ ਦਾ ਕਾਰਨ ਹੋਰਾਂ ਨੂੰ ਵੀ ਦੱਸਣਗੇ, ਨੂੰ

ਗਿਫ਼ਟ ਕਾਰਡ ਦੇਣ ਦੀ ਪੇਸ਼ਕਸ਼ ਕੀਤੀ। ਪੱਗ ਬੰਨ੍ਹਣ ਤੋਂ ਪਹਿਲਾਂ 'ਪੱਗ ਦੇ ਸ਼ੌਕੀਨਾਂ' ਤੋਂ ਇਕ ਹਲਫ਼ਨਾਮੇ 'ਤੇ ਦਸਤਖ਼ਤ ਕਰਵਾਏ ਗਏ ਕਿ ਉਹ ਸਿਗਰਟ ਨਹੀਂ ਪੀਣਗੇ, ਸ਼ਰਾਬ ਨਹੀਂ ਪੀਣਗੇ ਤੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਪੱਗ ਨਹੀਂ ਉਤਾਰਨਗੇ। ਪੱਗ ਬੰਨ੍ਹਵਾਉਣ ਵਾਲੇ ਪਹਿਲੇ 100 ਵਿਦਿਆਰਥੀਆਂ ਨੂੰ ਦਸ-ਦਸ ਡਾਲਰ ਦੇ ਗਿਫ਼ਟ ਦਿੱਤੇ ਗਏ। ਵਲੰਟੀਅਰਾਂ ਨੇ 170 ਤੋਂ ਵੀ ਵੱਧ ਵਿਦਿਆਰਥੀਆਂ ਨੂੰ ਪੱਗਾਂ ਬੰਨ੍ਹੀਆਂ, ਉਸ ਤੋਂ ਬਾਅਦ ਕੱਪੜਾ ਖ਼ਤਮ ਹੋਣ ਕਾਰਨ ਕਈਆਂ ਨੂੰ ਵਾਪਸ ਮੋੜਨਾ ਪਿਆ। ਜਦੋਂ ਪੱਗ ਬੰਨ੍ਹਣ ਦਾ ਮੇਲਾ ਚੱਲ ਰਿਹਾ ਸੀ ਤਾਂ ਕੀਥ ਜੈਕਸਨ, ਜਿਹੜਾ ਕਿ ਭਾਰੀ ਮਸ਼ੀਨਰੀ ਦਾ ਮਿਸਤਰੀ ਹੈ, ਵੀ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਪੱਗ ਬੰਨ੍ਹ ਰਹੇ ਵਲੰਟੀਅਰਾਂ ਕੋਲ ਪੁੱਜ ਗਿਆ। ਉਸ ਨੇ ਆਪਣੇ ਸਿਰ 'ਤੇ ਆਸਮਾਨੀ ਰੰਗ ਦੀ ਪੱਗ ਬੰਨ੍ਹਵਾਈ ਤੇ ਆਪਣੀ ਕਮੀਜ਼ 'ਤੇ 'ਮੈਨੂੰ ਪੁੱਛੋ ਮੈਂ ਪੱਗ ਕਿਉਂ ਬੰਨ੍ਹਵਾਈ ਹੈ' ਦਾ ਸਟਿੱਕਰ ਲਗਾਇਆ। ਉਸ ਤੋਂ ਬਾਅਦ ਉਹ ਹੋਟਲ ਵਿਚ ਖਾਣਾ ਖਾਣ ਗਿਆ। ਜਦੋਂ ਉਹ ਬਾਹਰ ਗਿਆ ਤਾਂ ਇਕ ਬੰਦੇ ਨੇ ਉਸ ਨੂੰ ਪੁੱਛਿਆ ਕਿ ਕੀ ਉਹ ਤਾਲਿਬਾਨ ਦਾ ਹਿੱਸਾ ਹੈ ? ਇਕ ਹੋਰ ਨੇ ਉਸ ਨੂੰ ਬਿਨ ਲਾਦੇਨ ਦਾ ਵੱਡਾ ਭਰਾ ਕਿਹਾ। ਹਰ ਕੋਈ ਉਸ ਵੱਲ ਹੈਰਾਨ ਹੋ ਕੇ ਵੇਖ ਰਿਹਾ ਸੀ। ਕੀਥ ਨੇ ਕਿਹਾ ਕਿ ਉਸ ਨੂੰ ਅੱਜ ਪਤਾ ਲੱਗਿਆ ਹੈ ਕਿ ਪੱਗ ਨੂੰ ਕਿਵੇਂ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਉਸ ਨੇ ਗਿਫ਼ਟ ਕਾਰਡ ਤਾਂ ਲੈ ਲਿਆ ਪਰ ਉਸ ਨੇ ਕਿਹਾ ਕਿ ਉਸ ਨੇ ਗਿਫ਼ਟ ਕਾਰਡ ਲਈ ਨਹੀਂ ਸਗੋਂ ਆਪਣੀ ਰੂਹ ਰਾਜ਼ੀ ਕਰਨ ਲਈ ਪੱਗ ਬੰਨ੍ਹਵਾਈ ਹੈ। (ਸਪੋਕਸਮੈਨ)

## ਸਾਬਕਾ ਜੱਜ ਚੂਹੜ ਸਿੰਘ ਦਾ ਦੇਹਾਂਤ

### *ਕਲਰਕ ਤੋਂ ਸੁਪਰੀਮ ਕੋਰਟ ਦੇ ਜੱਜ ਦੀ ਕੁਰਸੀ ਤੱਕ ਦਾ ਸ.ਫਰ ਤੈਅ ਕੀਤਾ*



ਚੰਡੀਗੜ੍ਹ, 3 ਅਪ੍ਰੈਲ : ਉਹ ਉਨ੍ਹਾਂ ਲੋਕਾਂ ਵਿਚੋਂ ਸੀ ਜਿਹੜੇ ਜ਼ਿੰਦਗੀ ਦੇ ਡੂੰਘੇ ਪਾਣੀਆਂ ਵਿਚ ਗੋਤੇ ਲਾ ਕੇ ਸਧਰਾਂ ਦੇ ਮੋਤੀ ਲੱਭਦੇ ਹਨ। ਅਜਿਹੇ ਬੰਦੇ ਜ਼ਿੰਦਗੀ ਦੀ ਕਿਤਾਬ ਦਾ ਉਹ ਪੰਨਾ ਹੋ ਨਿਬੜਦੇ ਹਨ ਜਿਸ ਵਿਚੋਂ ਹਮੇਸ਼ਾ ਚੜ੍ਹੇ ਚੰਨ ਦੀ ਚਾਨਣੀ ਵਰਗੇ ਅਹਿਸਾਸ ਆਲੇ-ਦੁਆਲੇ ਨੂੰ ਰੁਸ਼ਨਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦੀ ਹੀ ਜ਼ਿੰਦਗੀ ਦਾ ਵਿਲੱਖਣ ਲੋਕਗੀਤ ਸੀ ਚੂਹੜ ਸਿੰਘ। **ਸਿੰਘਾਪੁਰ ਵਿਚ ਉਸ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਇਕ ਲਾਅ ਕਲਰਕ ਤੋਂ ਸ਼ੁਰੂ ਕੀਤੀ ਤੇ ਉਹ ਸੁਪਰੀਮ ਕੋਰਟ ਦੇ ਜੱਜ ਦੀ ਕੁਰਸੀ ਤੱਕ ਜਾ ਪੁੱਜਿਆ।** ਉਸ ਦੇ ਸਾਥੀ ਬਾਰ ਕਮਿਸ਼ਨ ਮੈਂਬਰ ਉਸ ਨੂੰ 'ਆਪੇ ਸਜਿਆ ਕ੍ਰਿਸ਼ਮਾ' ਕਹਿੰਦੇ ਸਨ। ਚੂਹੜ ਸਿੰਘ ਜਿਹੜਾ ਕਿ ਇਕ ਸਕਿਉਰਟੀ ਗਾਰਡ ਦਾ ਪੁੱਤਰ ਸੀ, ਦਾ 98 ਸਾਲ ਦੀ ਉਮਰ ਵਿਚ ਇਥੇ ਮੰਗਲਵਾਰ (31 ਮਾਰਚ) ਨੂੰ ਦੇਹਾਂਤ ਹੋ ਗਿਆ। ਚੂਹੜ ਸਿੰਘ ਉਦੋਂ ਚਾਰ ਸਾਲ ਦਾ ਸੀ ਜਦੋਂ ਉਹ ਆਪਣੀ ਮਾਂ ਤੇ ਭੈਣ ਨਾਲ, ਇਥੇ ਆਪਣੇ ਪਿਤਾ ਕੋਲ ਆ ਗਿਆ। ਪਰਲ ਹਿਲ ਸਕੂਲ ਤੋਂ ਆਪਣੀ ਮੁੱਢਲੀ ਸਿਖਿਆ ਹਾਸਲ ਕਰਨ ਤੋਂ ਬਾਅਦ, ਉਸ ਨੇ 1929 ਵਿਚ ਸੀਨੀਅਰ ਕੈਂਬਰਿਜ ਇਮਤਿਹਾਨ ਪਾਸ ਕੀਤਾ। ਉਸ ਤੋਂ ਬਾਅਦ ਉਹ ਸਥਾਨਕ ਲਾਅ ਫਰਮ ਵਿਚ ਕਲਰਕ ਬਣ ਗਿਆ। ਤਿੰਨ ਸਾਲ ਬਾਅਦ ਉਸ ਨੇ ਸਰਕਾਰੀ ਕਲਰਕ ਦੀ ਨੌਕਰੀ ਕਰ ਲਈ। ਆਪਣਾ ਵਕੀਲ ਬਣਨ ਦਾ ਸੁਪਨਾ ਪੂਰਾ ਕਰਨ ਲਈ, ਉਸ ਨੇ ਖਾਲੀ ਸਮੇਂ ਵਿਚ ਕਿਤਾਬਾਂ ਪੜ੍ਹਨੀਆਂ ਤੇ ਇੰਗਲੈਂਡ ਵਿਚ ਲਾਅ ਡਿਗਰੀ ਹਾਸਲ ਕਰਨ ਲਈ ਬੱਚਤ ਕੀਤੀ। ਸਿਖਿਆ ਨੀਤੀ ਵਿਚ ਬਦਲਾਅ ਕਾਰਨ ਉਸ ਨੂੰ ਗਰੇਜ਼ ਇਨ ਵਿਖੇ ਲਾਅ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਡਿਗਰੀ ਲਈ ਸਖ਼ਤ ਮਿਹਨਤ ਕੀਤੀ ਤੇ ਉਸ ਨੂੰ 1948 ਵਿਚ ਸਹਾਇਕ ਕੋਰੋਨਰ (ਸ਼ੱਕੀ ਮੌਤ ਦੀ ਜਾਂਚ ਕਰਨ ਵਾਲਾ ਅਧਿਕਾਰੀ) ਦੀ ਨਿਯੁਕਤੀ ਮਿਲ ਗਈ। ਦੋ ਸਾਲ ਬਾਅਦ ਉਹ ਪੂਰਾ ਕੋਰੋਨਰ ਬਣ ਗਿਆ ਤੇ 1960 ਵਿਚ ਜ਼ਿਲ੍ਹਾ ਜੱਜ ਬਣ ਗਿਆ। ਉਸ ਤੋਂ ਤਿੰਨ ਸਾਲ ਬਾਅਦ 1963 ਵਿਚ ਉਸ ਨੂੰ ਸੁਪਰੀਮ ਕੋਰਟ ਦੇ ਬੈਂਚ ਵਿਚ ਬੈਠਣ ਦਾ ਮਾਣ ਮਿਲਿਆ। ਚੂਹੜ ਸਿੰਘ ਨੇ ਦੋ ਕਿਤਾਬਾਂ 'ਟਾਈਟਲਡ ਗੇਮਿੰਗ ਇਨ ਮਲਾਇਆ' ਤੇ 'ਲਾਅ ਰਿਲੇਟਿੰਗ ਟੂ ਮਨੀ ਲੈਂਡਰਜ਼' ਵੀ ਲਿਖੀਆਂ। ਆਪਣੀ ਜਵਾਨੀ ਵਿਚ ਕ੍ਰਿਕਟ ਦਾ ਸ਼ੌਕੀਨ ਚੂਹੜ ਸਿੰਘ 1981 ਵਿਚ ਆਪਣੀ ਸੇਵਾ ਮੁਕਤੀ ਤੋਂ ਬਾਅਦ ਬਾਗਬਾਨੀ ਦਾ ਪ੍ਰੇਮੀ ਬਣ ਗਿਆ। ਉਹ ਆਪਣੇ ਪਿੱਛੇ ਦੋ ਪੁੱਤਰ ਤੇ ਇਕ ਧੀ ਛੱਡ ਗਿਆ। (ਸਪੋਕਸਮੈਨ)

# ਸਰਗਰਮੀਆਂ

**ਸਰਕਲ ਘੁੰਮਣ** : ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਘੁੰਮਣ ਸਰਕਲ ਵਲੋਂ (ਗੁਰਦੁਆਰਾ ਸ਼ਹੀਦਾਂ ਸੂੰਢ) **S.N. Public School** ਸੂੰਢ ਵਿਖੇ ਸਕੂਲਾਂ ਦੇ ਕਵਿਤਾ, ਲੈਕਚਰ, ਗੁਰਬਾਣੀ ਕੰਠ, ਗੁਰਬਾਣੀ ਸ਼ੁੱਧ ਉਚਾਰਨ ਅਤੇ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਵਿਚ ਲਗਭਗ 70 ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਸਕੂਲਾਂ ਵਿਚ ਸ.ਸ.ਸ. ਸਕੂਲ, ਬਹਿਰਾਮ, ਦਸਮੇਸ਼ ਮਾਡਲ ਸਕੂਲ ਟੋਡਰਪੁਰ ਅਤੇ ਐਸ. ਐਨ. ਪਬਲਿਕ ਸਕੂਲ ਦੇ ਬੱਚਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਇਲਾਵਾ ਕਾਲਰਾ ਸਰਕਲ, ਭੂੰਗਰਨੀ ਸਰਕਲ ਅਤੇ ਘੁੰਮਣ ਸਰਕਲ ਦੇ ਬੱਚਿਆਂ ਨੇ ਭਾਗ ਲਿਆ। ਸ: ਹਰਬੰਸ ਸਿੰਘ ਜ਼ੋਨਲ ਆਰਗੇਨਾਈਜ਼ਰ ਜਲੰਧਰ ਨੇ ਵਿਸ਼ੇਸ਼ ਰੂਪ ਵਿਚ ਸ਼ਮੂਲੀਅਤ ਕੀਤੀ ਅਤੇ ਬੱਚਿਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਨਸ਼ਿਆਂ ਅਤੇ ਪਤਿਤਪੁਣੇ ਤੋਂ ਦੂਰ ਰਹਿਣ ਲਈ ਕਿਹਾ। ਐਸ. ਐਨ. ਪਬਲਿਕ ਸਕੂਲ ਦੇ ਮੈਡਮ ਏਕਵਿੰਦਰ ਕੌਰ, ਜਿਨ੍ਹਾਂ ਨੇ ਬੱਚਿਆਂ ਦੀ ਵਿਸ਼ੇਸ਼ ਰੂਪ ਵਿਚ ਤਿਆਰੀ ਕਰਵਾਈ, ਨੇ ਸਮਾਗਮ ਦੌਰਾਨ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਆਏ ਹੋਏ ਬੱਚਿਆਂ ਦਾ ਸਵਾਗਤ ਕੀਤਾ। ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। *–ਕਰਮਜੀਤ ਸਿੰਘ, ਸਰਕਲ ਘੁੰਮਣ*

**ਪਾਨੀਪਤ ਸਰਕਲ** : 10 ਮਾਰਚ 2008 ਨੂੰ ਪੰਥ ਦੇ ਸੱਦੇ 'ਤੇ ਪਾਨੀਪਤ ਸਰਕਲ ਦੇ ਵੀਰਾਂ ਵਲੋਂ ਟੀਮ ਲੀਡਰ ਸ: ਗੁਰਜੀਤ ਸਿੰਘ, ਸ: ਪ੍ਰੀਤਮ ਸਿੰਘ ਅਤੇ ਡਿਪਟੀ ਟੀਮ ਲੀਡਰ ਸ. ਸੁਰਿੰਦਰ ਸਿੰਘ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ 20 ਮੈਂਬਰਾਂ ਵਲੋਂ ਖ਼ੂਨਦਾਨ ਕੀਤਾ ਗਿਆ ਜਿਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ : ਸ: ਤੇਜਿੰਦਰ ਸਿੰਘ, ਸ: ਅਵਤਾਰ ਸਿੰਘ, ਸ: ਰਣਜੀਤ ਸਿੰਘ, ਸ੍ਰੀ ਟਿੰਕੂ ਜੀ, ਸ: ਕਮਲਜੀਤ ਸਿੰਘ, ਸ: ਸੁਰਜੀਤ ਸਿੰਘ, ਸ: ਸੁਖਵਿੰਦਰ ਸਿੰਘ, ਸ: ਗੁਰਚਰਣ ਸਿੰਘ, ਸ: ਰਜਿੰਦਰ ਸਿੰਘ, ਸ: ਜਗਜੀਤ ਸਿੰਘ, ਸ: ਹਰੀ ਸਿੰਘ, ਸ: ਜਗਜੀਤ ਸਿੰਘ, ਸ੍ਰੀ ਨਿਸ਼ਾਂਤ, ਸ: ਸਰਬਜੀਤ ਸਿੰਘ, ਸ: ਕੁਲਦੀਪ ਸਿੰਘ, ਸ: ਅਜੀਤ ਸਿੰਘ।

**ਸਰਕਲ ਬਿਲਾਸਪੁਰ, ਰਾਏਗੜ੍ਹ ਅਤੇ ਕਵਰਧਾ ਛਤੀਸਗੜ੍ਹ ਜ਼ੋਨ ਵਲੋਂ** ਸ੍ਰੀ ਗੁਰੂ ਸਿੰਘ ਸਭਾਵਾਂ ਵਿਚ ਲਿਟਰੇਚਰ ਸਟਾਲ, ਫਰੀ ਲਿਟਰੇਚਰ ਫੰਡ, ਮੈਗਜ਼ੀਨ ਸਿੱਖ ਫੁਲਵਾੜੀ



ਸਿੱਖ ਮਿਸ਼ਨਰੀ ਕਾਲਜ (ਰਜਿ:) ਸਰਕਲ ਪਾਨੀਪਤ ਦੇ ਵੀਰ 10 ਮਾਰਚ ਨੂੰ ਅਨੰਦਪੁਰ ਸਾਹਿਬ ਵਿਖੇ ਲੱਗੇ ਕੈਂਪ ਵਿਚ 20 ਮੈਂਬਰਾਂ ਨੇ ਖ਼ੂਨਦਾਨ ਕੀਤਾ।

ਘਰ-ਘਰ ਜਾ ਕੇ ਲਗਾਏ। ਸ: ਜਸਬੀਰ ਸਿੰਘ CHH-1, ਸ: ਗੁਰਦੀਪ ਸਿੰਘ ਕਵਰਧਾ CHH-22 ਨੇ ਸਬ ਜ਼ੋਨ ਰਾਏਗੜ੍ਹ, ਸ: ਜਸਪਾਲ ਸਿੰਘ ਨੇ ਛਤੀਸਗੜ੍ਹ ਜ਼ੋਨ ਦੀ ਸੇਵਾ ਨਿਭਾ ਰਹੇ ਸ: ਗੁਰਚਰਨ ਸਿੰਘ ਛੀਰ ਨੂੰ ਪੂਰਨ ਸਹਿਯੋਗ ਦੇ ਕੇ 8850 ਰੁਪਏ ਦਸਵੰਧ ਪ੍ਰਾਪਤ ਕੀਤਾ। ਸਿਕਲੀਗਰ ਪ੍ਰਾਜੈਕਟ ਵਿਚ ਵੀ ਸੇਵਾ ਨਿਭਾਈ। ਸ੍ਰੀ ਗੁਰੂ ਸਿੰਘ ਸਭਾ ਬੁਜਰਾਜ ਨਗਰ ਉੜੀਸਾ ਦੇ ਉਦਘਾਟਨ ਸਮੇਂ ਸਾਰੇ ਕਾਰਜ ਸ: ਹੀਰਾ ਸਿੰਘ (ਸਿਕਲੀਗਰ ਪਰਿਵਾਰ) ਨਾਲ ਮਿਲ ਕੇ ਨੇਪਰੇ ਚਾੜ੍ਹੇ।

**ਸਰਕਲ ਸੁੰਦਰ ਨਗਰ ਦੋਰਾਹਾ** : ਮਾਤਾ ਗੁਜਰੀ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕੀਤਾ ਗਿਆ ਜਿਸ ਵਿਚ ਬੱਚਿਆਂ ਨੇ ਕੀਰਤਨ, ਕਵਿਤਾਵਾਂ ਅਤੇ ਲੈਕਚਰ ਕੀਤੇ, ਬੀਬੀ ਜਸਬੀਰ ਕੌਰ ਮਿਸ਼ਨਰੀ ਨੇ ਸ਼ਬਦ ਵੀਚਾਰ ਕੀਤੀ। ਸੰਗਤਾਂ ਪਾਸੋਂ ਧਾਰਮਿਕ ਪ੍ਰਸ਼ਨ ਪੁੱਛੇ ਗਏ, ਉੱਤਰ ਦੇਣ ਵਾਲਿਆਂ ਨੂੰ ਇਨਾਮ ਦਿੱਤੇ ਗਏ।

**ਸਰਕਲ ਸਤਨਾਮ ਨਗਰ (ਦੋਰਾਹਾ)** : ਸਰਕਲ ਇੰਚਾਰਜ ਸ: ਪਰਮਜੀਤ ਸਿੰਘ ਜੀ ਦੇ ਘਰ ਬੱਚਾ ਹੋਣ ਦੀ ਖੁਸ਼ੀ ਵਿਚ ਗੁਰਮਤਿ ਸਮਾਗਮ ਕੀਤੇ ਗਏ। ਖੁਸ਼ੀ ਦੇ ਮੌਕੇ ਗੁਰੂ ਦੀ ਅਗਵਾਈ ਕਬੂਲਦੇ ਹੋਏ ਕਿਸੇ ਪ੍ਰਕਾਰ ਦੀ ਮਨਮਤਿ ਨਹੀਂ ਹੋਣ ਦਿੱਤੀ ਗਈ; ਕੇਵਲ ਗੁਰਬਾਣੀ ਦਾ ਕੀਰਤਨ ਤੇ ਸ਼ਬਦ ਵੀਚਾਰ ਦਾ ਹੀ ਆਸਰਾ ਲਿਆ ਗਿਆ।

**ਸਰਕਲ ਦੌਧਰ** : ਸਿੱਖ ਧਰਮ ਦੇ ਪ੍ਰਚਾਰ ਨੂੰ ਸਮਰਪਿਤ ਪਿੰਡ ਬੁੱਟਰ ਕਲਾਂ ਵਿਖੇ 26-2-09 ਨੂੰ ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ 25-2-09 ਨੂੰ ਸ਼ਾਮ ਵੇਲੇ ਸਿੱਖੀ ਨਾਲ ਸੰਬੰਧਿਤ ਇਤਿਹਾਸਕ ਫ਼ਿਲਮ 'ਅਮਰ ਖਾਲਸਾ' ਵਰਤੀ ਸਿੰਘ, ਅਜੈਬ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਦੀ ਸਾਂਝੀ ਜਗ੍ਹਾ ਵਿਚ ਦਿਖਾਈ ਗਈ।

**ਸਰਕਲ ਆਰ.ਸੀ.ਐਫ. (ਕਪੂਰਥਲਾ)** : ਮਿਤੀ 13-3-09 ਨੂੰ ਨਵੇਂ ਸਾਲ ਨਾਨਕਸ਼ਾਹੀ ਸੰਮਤ 541 ਦੀ ਪੂਰਵ ਸੰਧਿਆ 'ਤੇ ਸਰਕਲ ਆਰ.ਸੀ.ਐਫ. ਵਲੋਂ ਆਤਮਰਸ ਕੀਰਤਨ ਸਮਾਗਮ ਕਰਵਾਇਆ ਗਿਆ ਜੋ ਕਿ ਸ਼ਾਮ ਨੂੰ ਰਹਿਰਾਸ ਸਾਹਿਬ ਉਪਰੰਤ 14 ਤਰੀਕ ਰਾਤ 12.30 ਵਜੇ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ ਆਰ. ਸੀ. ਐਫ. ਵਿਖੇ ਗੁਰਦੁਆਰਾ ਕਮੇਟੀ ਦੇ ਪੂਰਨ ਸਹਿਯੋਗ ਸਦਕਾ ਨੇਪਰੇ ਚੜ੍ਹਿਆ।

ਇਸ ਸਮਾਗਮ ਵਿਚ ਉਚੇਚੇ ਤੌਰ 'ਤੇ ਭਾਈ ਹਰਜੀਤ ਸਿੰਘ ਜੀ ਸੰਪਾਦਕ, ਸਿੱਖ ਫੁਲਵਾੜੀ ਹਾਜ਼ਰ ਹੋਏ ਜਿਨ੍ਹਾਂ ਨੇ ਸੰਗਤਾਂ ਨੂੰ ਨਾਨਕਸ਼ਾਹੀ ਕੈਲੰਡਰ ਦੀ ਹੋਂਦ ਅਤੇ ਸਿੱਖੀ ਜੀਵਨ ਵਿਚ ਇਸ ਕੈਲੰਡਰ ਦੀ ਜ਼ਰੂਰਤ ਅਤੇ ਆਪਣੇ ਵਿਚਾਰ ਰੱਖੇ ਗਏ। ਇਸੇ ਕੜੀ ਨੂੰ ਅੱਗੇ ਤੋਰਦੇ ਹੋਏ ਭਾਈ ਹਰਜੀਤ ਸਿੰਘ, ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਆਪਣੀ ਹਾਜ਼ਰੀ ਲਗਵਾਈ।

**ਸਰਕਲ ਕਾਲਰਾ** : ਸਰਕਲ ਕਾਲਰਾ ਵਲੋਂ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਗੁਰਦੁਆਰਾ ਸਾਧ ਸੰਗਤ ਪਿੰਡ ਕਾਲਰਾ ਵਿਖੇ ਭਗਤ ਜੀ ਨੂੰ ਸਮਰਪਿਤ ਖੂਨ ਦਾਨ ਕੈਂਪ ਲਗਾਇਆ ਗਿਆ ਜਿਸ ਵਿਚ 58 ਨੌਜੁਆਨਾਂ ਨੇ ਖੂਨ ਦਿੱਤਾ। ਖੂਨ ਦਾਨ ਪ੍ਰਤੀ ਨੌਜੁਆਨਾਂ ਵਿਚ ਉਤਸ਼ਾਹ ਦੇਖ ਕੇ 65 ਅਤੇ 85 ਸਾਲ ਦੇ ਬਜ਼ੁਰਗ ਵੀ ਖੂਨ ਦੇਣ ਲਈ ਉਤਾਵਲੇ ਹੋਏ ਪਰ ਡਾਕਟਰ ਨੇ 60 ਸਾਲ ਤੋਂ ਉੱਪਰ ਵਿਅਕਤੀਆਂ ਦਾ ਖੂਨ ਲੈਣ ਤੋਂ ਇਨਕਾਰ ਕਰ ਦਿੱਤਾ। ਖੂਨ ਦਾਨ ਕਰਨ ਵਾਲਿਆਂ ਨੂੰ ਰਿਫਰੈਸ਼ਮੈਂਟ ਜਥੇਦਾਰ ਰੰਗਾ ਸਿੰਘ ਅਤੇ ਗੁਰਦੁਆਰਾ ਸਾਧ ਸੰਗਤ ਵਲੋਂ ਕੀਤੀ ਗਈ ਅਤੇ ਸਰਕਲ ਵਲੋਂ ਇਸ ਮੌਕੇ 'ਤੇ ਕਿਤਾਬਾਂ ਦਾ ਸਟਾਲ ਵੀ ਲਗਵਾਇਆ ਗਿਆ।

ਸਰਕਲ ਵਲੋਂ ਇਸ ਵਾਰ ਵੀ ਤਕਰੀਬਨ 400 ਦਰਖ਼ਤ ਲਗਾਏ ਗਏ ਅਤੇ ਪੁਰਾਣੇ ਦਰਖ਼ਤਾਂ ਦੀ ਸਾਂਭ-ਸੰਭਾਲ ਕੀਤੀ ਗਈ।

ਹੁਸ਼ਿਆਰਪੁਰ, 22 ਫ਼ਰਵਰੀ : ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਜ਼ੋਨ ਹੁਸ਼ਿਆਰਪੁਰ ਵਿਚ ਸਰਕਲ ਪੁਰਹੀਰਾਂ, ਚੱਬੇਵਾਲ ਤੇ ਅਸਲਾਮਾਬਾਦ ਦੇ ਸਹਿਯੋਗ ਨਾਲ ਸ਼ੁਭ ਕਰਮਨ ਚੈਰੀਟੇਬਲ ਹਸਪਤਾਲ ਮਹਿਨਾ ਵਲੋਂ ਫਰੀ ਮੈਡੀਕਲ ਤੇ ਖੂਨ ਦਾਨ ਕੈਂਪ ਜ਼ੋਨਲ ਦਫ਼ਤਰ ਡਾ: ਸੁਰਜੀਤ ਸਿੰਘ ਰਾਜ ਸੈਣੀ ਮੈਮੋਰੀਅਲ ਕੰਪਲੈਕਸ, ਪੁਰਹੀਰਾਂ, ਨੇੜੇ ਗਿੱਲ ਹਵੇਲੀ, ਹੁਸ਼ਿਆਰਪੁਰ ਵਿਖੇ ਲਗਾਇਆ ਗਿਆ ਜਿਸ ਵਿਚ ਸ਼ੁਭ ਕਰਮਨ ਚੈਰੀਟੇਬਲ ਹਸਪਤਾਲ ਮਹਿਨਾ ਅਤੇ ਪਟੇਲ ਹਸਪਤਾਲ ਜਲੰਧਰ ਦੇ ਕੰਨ, ਨੱਕ, ਗਲੇ, ਹੱਡੀਆਂ, ਇਸਤਰੀ ਰੋਗਾਂ, ਚਮੜੀ ਰੋਗ ਅਤੇ ਦੰਦਾਂ ਦੇ ਮਾਹਿਰ ਡਾਕਟਰਾਂ ਵਲੋਂ ਲਗਭਗ 200 ਮਰੀਜ਼ਾਂ ਦਾ ਚੈਕਅਪ ਕਰਕੇ ਫਰੀ ਦਵਾਈ ਵੀ ਦਿੱਤੀਆਂ ਗਈਆਂ। ਇਸ ਮੌਕੇ ਭਾਈ ਘਨੱਈਆ ਚੈਰੀਟੇਬਲ ਬਲੱਡ ਬੈਂਕ ਨੂੰ 15 ਯੂਨਿਟ ਬਲੱਡ ਵੀ ਦਾਨ ਕੀਤਾ ਗਿਆ। ਸ: ਅਵਤਾਰ ਸਿੰਘ ਜ਼ੋਨਲ ਆਰਗੇਨਾਈਜ਼ਰ, ਜ਼ੋਨ ਹੁਸ਼ਿਆਰਪੁਰ ਅਤੇ ਜ਼ੋਨਲ ਮੈਂਬਰਾਂ ਨੇ ਸੇਵਾ ਕਰਨ ਵਾਲੇ ਡਾਕਟਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜ਼ੋਨ ਹੁਸ਼ਿਆਰਪੁਰ ਦੇ ਸਾਰੇ ਸਰਕਲਾਂ ਦੇ ਮੈਂਬਰਾਂ ਸੇਵਾਵਾਂ ਲਈ ਹਾਜ਼ਰ ਸਨ।

## ਕਵੀ ਚਮਨ ਸਿੰਘ ਨੂੰ 31000/- ਰੁਪੈ ਦਾ ਪੁਰਸਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਕਵੀ-ਦਰਬਾਰ ਦੇ ਵਿਰਸੇ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ, ਬੀਤੇ ਦਿਨ ਸਪਤ-ਸ੍ਰਿੰਗ ਇੰਟਰਨੈਸ਼ਨਲ ਪੰਜਾਬੀ ਕਾਵਿ ਸਭਾ (ਰਜਿ:) ਦੀ ਵਿਸ਼ੇਸ਼ ਬੈਠਕ ਸਭਾ ਦੇ ਦਫ਼ਤਰ A-3/82B ਜਨਕਪੁਰੀ ਨਵੀਂ ਦਿੱਲੀ ਵਿਚ ਡਾ: ਰਬਿੰਦਰ ਸਿੰਘ ਮਸਰੂਰ ਦੀ ਪ੍ਰਧਾਨਗੀ ਹੇਠ ਹੋਈ।

ਇਸ ਵਿਸ਼ੇਸ਼ ਇਕੱਤਰਤਾ ਵਿਚ ਸਭਾ ਦੇ ਪ੍ਰਧਾਨ ਡਾ: ਰਬਿੰਦਰ ਸਿੰਘ ਮਸਰੂਰ, ਜਨਰਲ ਸਕੱਤਰ ਸ: ਅਮਰਜੀਤ ਸਿੰਘ ਅਮਰ, ਹਾਜ਼ਰ ਮੈਂਬਰਾਂ ਤੇ ਸਾਹਿੱਤਕਾਰਾਂ ਨੇ ਸਰਬਸੰਮਤੀ ਨਾਲ ਪਹਿਲਾਂ ਸ: ਪ੍ਰੀਤਮ ਸਿੰਘ ਕਾਸਦ ਯਾਦਗਾਰੀ 31000/- ਰੁਪੈ ਦਾ ਪੁਰਸਕਾਰ ਹਾਸਰਸ ਦੇ ਬਾਦਸ਼ਾਹ ਸ: ਕਵੀ ਸਿੰਘ ਸ: ਚੰਨਣ ਸਿੰਘ ਚਮਨ ਹਰਿਗੋਬਿੰਦਪੁਰੀ ਨੂੰ ਦੇਣ ਦਾ ਫੈਸਲਾ ਕੀਤਾ ਗਿਆ।

ਇਹ ਪੁਰਸਕਾਰ 22-2-09 ਨੂੰ ਸੁੱਖੋਂ ਹਾਇਰ ਸੈਕੰਡਰੀ ਸਕੂਲ, ਜੇਲ੍ਹ ਰੋਡ, ਤਿਲਕ ਨਗਰ ਦਿੱਲੀ ਵਿਖੇ ਇਕ ਵਿਸ਼ਾਲ ਕਵੀ ਦਰਬਾਰ ਵਿਚ ਦਿੱਤਾ ਜਾਵੇਗਾ। ਇਸ ਕਵੀ ਦਰਬਾਰ ਵਿਚ ਭਾਰਤ ਭਰ ਦੇ ਵਿਸ਼ੇਸ਼ ਕਵੀ ਅਤੇ ਦਿੱਲੀ ਦੇ ਪ੍ਰਤਿਸ਼ਠਤ ਸੱਜਣ ਸਮਾਗਮ ਦੀ ਸ਼ੋਭਾ ਵਧਾਉਣਗੇ। ਇਹ ਪੁਰਸਕਾਰ ਹਰ ਸਾਲ ਇਕ ਕਵੀ ਨੂੰ ਦਿੱਤਾ ਜਾਇਆ ਕਰੇਗਾ।

—ਕਵੀ ਫ਼ਕੀਰ ਚੰਦ ਜਲੰਧਰੀ

5-ਰਮੇਸ਼ ਕਲੋਨੀ, ਜਲੰਧਰ, 98158-88058

**ਸਰਕਲ ਲਖੀਮਪੁਰ ਖੀਰੀ** : ਸ: ਅਨੰਤਪਾਲ ਸਿੰਘ, ਸਰਕਲ ਇੰਚਾਰਜ ਦੇ ਸਤਿਕਾਰਯੋਗ ਪਿਤਾ ਗਿਆਨੀ ਹਰਬੰਸ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਗੁਰਮਤਿ ਸਮਾਗਮ ਗੁਰਮਰਯਾਦਾ ਅਨੁਸਾਰ ਸੰਪੂਰਨ ਹੋਏ। ਪਰਿਵਾਰ ਵਲੋਂ ਕਾਲਜ ਦੀ ਸਹਾਇਤਾ ਲਈ ਮਾਇਆ ਭੇਟ ਕੀਤੀ ਗਈ। ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੀ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਜੇਲ੍ਹ ਵਿਖੇ ਕੀਤੇ ਗਏ। ਇਸੇ ਸਰਕਲ ਦੇ ਮਿਸ਼ਨਰੀ ਮੈਂਬਰ ਸ: ਰਵਿੰਦਰ ਸਿੰਘ ਦੇ ਪਿਤਾ ਸ: ਜੋਗਿੰਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੇ ਨੇਤਰ ਸੀਤਾਪੁਰ ਦੇ ਡਾਕਟਰਾਂ ਨੂੰ ਕਿਸੇ ਲੋੜਵੰਦ ਵਿਅਕਤੀ ਵਾਸਤੇ ਦਾਨ ਕਰ ਦਿੱਤੇ ਗਏ। ੦

# ਕਰਿ ਕੀਰਤਨੁ ਹੋਇ ਉਧਾਰੁ

*—ਬੀਬੀ ਰਣਜੀਤ ਕੌਰ, ਸਿੱਖ ਮਿਸ਼ਨਰੀ ਕਾਲਜ, ਚਨਾਲੋਂ, ਜ਼ਿਲ੍ਹਾ ਮੋਹਾਲੀ।*

## ਰਾਗ ਭੁਪਾਲੀ

ਵਾਦੀ—ਗੰਧਾਰ　　ਥਾਟ—ਕਲਿਆਣ　　ਸਮਾਂ—ਰਾਤ ਦਾ ਪਹਿਲਾ ਪਹਿਰ

ਸੰਵਾਦੀ—ਧੈਵਤ　　ਜਾਤੀ—ਔੜਵ ਔੜਵ　　ਵਰਜਿਤ ਸਵਰ—ਮਧਿਅਮ ਤੇ ਨਿਸ਼ਾਦ

ਆਰੋਹ—ਸ ਰੇ ਮ ਪ ਧ ਸਂ।　　ਅਵਰੋਹ—ਸਂ ਧ ਪ ਮ ਰੇ ਸ।

**ਰਾਗ ਬਾਰੇ ਜਾਣਕਾਰੀ**—ਇਹ ਇਕ ਪ੍ਰਚੱਲਿਤ ਤੇ ਸਰਲ ਰਾਗ ਹੈ। ਆਮ ਤੌਰ 'ਤੇ ਸੰਗੀਤ ਵਿਦਿਆਰਥੀਆਂ ਨੂੰ ਇਸ ਰਾਗ ਤੋਂ ਹੀ ਗਾਇਣ ਸ਼ੁਰੂ ਕਰਵਾਇਆ ਜਾਂਦਾ ਹੈ।

**ਸ਼ਬਦ—ਮਲਾਰ ਮਹਲਾ ੫**

**ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੧॥ ਰਹਾਉ॥**
**ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥ ੧॥**
**ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥ ੨॥**
**ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥ ੩॥** *(੧੨੭੩)*

**ਨੋਟੇਸ਼ਨ : ਰਾਗ ਭੁਪਾਲੀ, ਸ਼ਬਦ : ਹੇ ਗੋਬਿੰਦ...। ਤਾਲ—ਦਾਦਰਾ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| | | | | | ਅਸਥਾਈ | | | | | | |
| ਗ | ਗ | ਪ | ਰੇ | ਰੇ | ਰੇ | ਸ | ਸ | ਧ | ਸ | ਸ | ਸ |
| ਹੇ | S | ਗੋ | ਬਿੰ | S | ਦ | ਹੇ | S | ਗੋ | ਪਾ | S | ਲ |
| ਗ | ਗ | ਪ | ਧ | ਧ | ਧ | ਪਧ | ਪਗ | ਰੇਸ | ਗ | ਗ | ਗ |
| ਹ | S | ਦਇ | ਆ | S | ਲ | ਲਾS | SS | SS | S | S | ਲ |
| | | | | | ਅੰਤਰਾ | | | | | | |
| ਗ | ਗ | ਗ | ਪ | ਧ | ਪ | ਸਂ | ਸਂ | ਸਂ | ਸਂ | ਸਂ | ਸਂ |
| ਪ੍ਰਾ | S | ਨ | ਨਾ | ਥ | ਅ | ਨਾ | ਥ | ਸ | ਖੇ | S | S |
| ਰੇਂ | ਰੇਂ | ਰੇਂ | ਰੇਂ | ਰੇਂ | ਰੇਂ | ਧ | ਧ | ਪ | ਸਂ | ਸਂ | ਸਂ |
| ਦੀ | S | ਨ | ਦਰ | ਦ | ਨਿ | ਵਾ | S | S | S | S | ਰ |
| ਧ | ਸਂ | ਧ | ਪਗ | ਰੇਸ | ਰੇ | ਗ | ਗ | ਗ | ਗ | ਗ | ਗ |
| ਦੀ | S | ਨ | ਦਰ | ਦS | ਨਿ | ਵਾ | S | S | S | S | ਰ |
| × (ਸਮ) | | | 0 (ਖਾਲੀ) | | | × | | | 0 (ਖਾਲੀ) | | |

## ਪਾਠਕ ਧਿਆਨ ਦੇਣ

ਅਸੀਂ ਹਰ ਮਹੀਨੇ ਦੀ 28 ਤਾਰੀਖ ਨੂੰ ਪਰਚਾ ਡਾਕ ਵਿਚ ਪਾ ਦੇਂਦੇ ਹਾਂ। ਹਜ਼ਾਰਾਂ ਵਿਚੋਂ ਕਿਸੇ ਦਾ ਸਟਿਕਰ ਫਟ ਜਾਂਦਾ ਹੈ, ਕੋਈ ਚੁਰਾ ਲਿਆ ਜਾਂਦਾ ਹੈ ਤੇ ਕੋਈ ਟਿਕਾਣੇ 'ਤੇ ਪਹੁੰਚ ਕੇ ਨਜ਼ਰੋਂ ਉਟਕ ਜਾਂਦਾ ਹੈ ਤੇ ਕੋਈ ਘਰ ਦਾ ਹੋਰ ਮੈਂਬਰ ਜਾਂ ਸੱਜਣ ਮਿੱਤਰ ਜਾਂ ਦੁਕਾਨ ਦਾ ਗ੍ਰਾਹਕ ਚੁੱਕ ਲਿਜਾਂਦਾ ਹੈ ਜਾਂ ਤੁਸੀਂ ਡਾਕ ਪਹੁੰਚਣ ਸਮੇਂ ਬਾਹਰ ਗਏ ਹੁੰਦੇ ਹੋ। ਇਹਨਾਂ ਹਾਲਤਾਂ ਵਿਚ ਅਸੀਂ ਤੁਹਾਡੀ ਮੰਗ ਪਹੁੰਚਣ 'ਤੇ ਫ਼ੌਰਨ ਦੂਜਾ ਪਰਚਾ ਭੇਜ ਦਿੰਦੇ ਹਾਂ। ਜੇਕਰ ਪਰਚਾ 15 ਤਰੀਕ ਤੱਕ ਨਾ ਮਿਲੇ ਤਾਂ ਚਿੱਠੀ ਲਿਖ ਕੇ ਫ਼ੌਰਨ ਦੂਜਾ ਮੰਗਵਾਉਣ ਤੋਂ ਸੰਕੋਚ ਨਾ ਕਰੋ। ਬਾਅਦ ਵਿਚ ਪਰਚਾ ਖ਼ਤਮ ਹੋ ਜਾਣ 'ਤੇ ਅਸੀਂ ਖਿਮਾਂ ਦੇ ਜਾਚਕ ਹੋਵਾਂਗੇ।

ਚਿੱਠੀ ਪੱਤਰ ਕਰਨ ਵੇਲੇ ਚਿੱਟ ਨੰ. ਅਤੇ ਜਿਸ ਤਾਰੀਖ ਤੋਂ ਤੁਸੀਂ ਪਰਚਾ ਲੁਆਇਆ ਸੀ, ਦਾ ਹਵਾਲਾ ਜ਼ਰੂਰ ਦਿਓ। ਚਿੱਟ ਨੰ. ਸਟਿਕਰ ਤੇ ਆਪ ਜੀ ਦੇ ਨਾਮ ਤੋਂ ਉੱਪਰਲੀ ਲਾਈਨ ਵਿਚ ਲਿਖਿਆ ਹੁੰਦਾ ਹੈ।

Heritage

# What the Non-Sikhs say about the Sikhs-(2)

*–Dr. Harchand Singh Sirhindi (Shiromani Sahitkar Awardee)**

## Nadir Shah

Sikh Character and temperament have left a deep impression on the minds of foreigners. Yakmo has specially commented on the Sikhs : ""I very much appreciate the simplicity of the Sikhs, their honesty and courage of conviction to call a spade a spade. Even the infamous raider Nadir Shah, who usurped the Delhi throne could not help admiring the Sikh's high spirits and bravery, let us see how Nadir Shah frankly describes the Sikh's military insight and acumen, tactics and bravery : ""In the year 1739, the Sikhs, under the command of Nawab Kapur Singh and Sardar Jassa Singh Ahluwalia, had terribly harassed the retreating armies of Nadir Shah. They made Nadir's forces feel helpless at every step. When Nadir Shah was going towards Sialkot with his loot, the Sikhs raided them from many sides and deprived them of their loot, and liberating the captured girls, restored them to their families, Seeing this, when Nadir Shah angrily asked Punjab Governor Zakaria Khan to burn down the homes of the Sikhs, the latter replied, ""Sir, horse-saddles are their homes."" **Nadir Shah was surprised and smiling faintly, expressed the apprehension that the day was not far, when, on the strength of their high spirits and courage, these people would rule the country.""**

This prophecy of Nadir Shah proved to be hundred percent true. On 9th March, 1783, the Sikhs attacked Delhi under the command of Krori Misal Cheif Baghel Singh and inflicted a crushing defeat on the Mughal forces, for which Baghel Singh exacted Rs. 3 Lakh as tax from the Mughal Emperor. However, during their ascendancy, the Sikhs attacked Delhi many a time during 1766 to 1783. Once the Sikhs had entered even the Red Fort and had declared Sardar Jassa Singh Ahluwalia as the king. In this manner, the Sikhs gave a body blow to the Mughals' pride in their invincibility, and at the same time proved Ahmed Shah Abdali's observation as true : "The Sikhs smell of being rulers."" **Thereafter came a time when from Kaithal/Karnal to Khyber Pass, the Khalsa rule had been established.**

## Qazi Noor Mohammed

When the enemy acknowledges his staunch opponent's bravery, military insight and skill, it is of great significance. A Baluch officer Qazi Noor Mohammed, who had come with Ahmed Shah Abdali's hordes, has showered fulsome praise on the Sikhs for their moral conduct and valour, in his onquoted book 'Jangnama' or you may say that the magic of Sikhs' bravery deeply impressed Qazi Noor Mohammed. It should be kept in mind that Qazi Noor Mohammed was neither a friend nor an admirer of the Sikhs but was a bigoted Muslim.

Abdali invaded India about ten times. It was during the seventh invasion that Qazi Noor Mohammed was a prominent officer of his army. He was very active and diligent in military service and was a competent spy. While commanding a contingent of Abdali's army, Qazi Noor Mohammed had personally tasted Sikhs' valour, He had seen with his own eyes the self-sacrificing spirit with which the Sikhs had fought. Secondly, being a spy, he had observed the Sikhs from very close quarters. He had studied and understood them intently and reflected over them.

Qazi Noor Mohammed's 'Jangnama' is an important historical document written in Persian couplets. It presents a unique glimpse of the Sikhs' bravery. Given below are a few couplets from the 'Jangnama' followed by their explanation :

Impressed by Sardar Jassa Singh Ramgarhia's boundless physical strength, fearlessness, courage and valour. Qazi Noor Mohammed writes :

"Deggar Jassa thoka bdarh humi-inan

Ki Sheran bachaan sug bataav dusman."

(There was another Jassa Singh Thoka (Ramgarhia or carpenter) with him, who among those dogs (Sikhs) looked like an angry lion).

Although, in the above mentioned couplet, Qazi Noor Mohammed has called the Sikhs 'dogs', yet he could not help praising their valour. (In fact, at that time, the Muslim invader's addressed the Sikhs as dogs only.

---

*223/9, Sirhind, Distt. Fatehgarh Sahib. Mob. : 92178-45812

They had become accustomed to using this appellation for them (Sikhs). Otherwise, Qazi Noor Mohammed forbids others from addressing the Sikhs as 'sug' (dogs). Given below is a verse in this context :

'Saganra mago sug ki hastand sher,

Bamaidaney mardeen chu sheran daler.'

**(Don't call them dogs, because they are lions. In the battlefield of the brave, they are fearless and valorous like lions).**

Continuing with his observations, Qazi Noor Mohammed frankly describes Sikhs' courage and bravery. Given below are a few couplets for your perusal :

'Chu dar dasat girand shamsheer-e-Hind,

Bataz and az, Hin ta mulk-e-Sindh.'

**(When they wield the sword in their hand, they rest only after pushing the enemy out of India beyond Sindh).**

'Chu dar neja baazi dar arand dasat,

Dar arand dar faujay dushman Shikast.'

**(When they pick up spears in their hands, so much strength comes into them that they make the enemy forces run helter skelter).**

*'Sarey neja bar aasman mi barind*

*Agar Koh Kaaf ast aan hum baredrind.'*

**(They can touch the sky with their spears. These dogs can tear even the 'Koh Kaaf').**

Incidentally, it appears to be very strange that, on one hand, Qazi Noor Mohammed calls the Sikhs brave as lions in the battlefield, and forbids others from calling them 'dogs', while on the other hand, he himself does not act upon this good advice. It is quite probable that he might be doing so under some compulsion.

No doubt, majority of the Muslim historians have been biased against the Sikhs, still, it will have to be admitted that the writings of some historians, being bold and based on truth, are praiseworthy. As for example, the writings of Khafi Khan, Kanwar Khan, Mohammed Qasim, Mohammed Shafi etc.

In the year 1715, Baba Banda Singh Bahadur and other Sikh soldiers happened to be surrounded by the Mughal forces. As a result of the terrible siege, the Sikhs started starving. Nevertheless, the Sikhs faced the enemy resolutely, About this battle, khafi Khan writes thus : "The 'Kafirs' (Sikhs) displayed supreme bravery and courage on several occasions and made many murderous attacks on the royal forces." Kanwar Khan corroborates, this fact in the following words : "Inspite of all this, the devil cheif (Banda Singh Bahadur) and his men resolutely resisted the entire military might for full eight months." Mohammed Qasim who had witnessed all this with his own eyes, describes the Sikhs' valour in his 'Ibratnama' in the following words : "The valourous and courageous deeds of the accursed Sikhs were amazing...When the royal forces advanced towards them, they slaughtered the Mughals with their swords."

**Banda Singh Bahadur**

On 7th December, 1715, the royal forces captured the fortress, Look what Amir Khan writes while commenting on the victory of the Mughal forces, "I was all due to God's grace, not the Mughals' wisdom and valour, that this came to pass....This infidel Sikh (Banda Singh Bahadur) and thousands of his comrades had to accept defeat because of hunger and starvation."

After Banda Singh Bahadur's martyrdom, there begins the most critical and blackest period of Sikh history. Nadir Shah's invasion shook the very foundations of the Delhi throne. The Punjab got very much weakened. At that point of time, Nawab Kapoor Singh was a very powerful 'Jathedar' (Group chief) of the Sikhs. Under his command, the Sikhs took advantage of the prevailing atmosphere of instability. After Nadir Shah, while Ahmed Shah Abdali further decimated the Mughal power, it resulted in the growing power of the Sikhs too. Gradually, the Sikhs came to rule over a major part of Punjab and divided it into twelve 'misals' (confederacies). Finally, a Sikh Kingdom came into being under the leadership of Maharaja Ranjit Singh. After Maharaja Ranjit Singh's death (1839 AD), there begins an era of conspiracies, violence and killings. The English who were already eyeing the Punjab greedily, became active. The battles between the English and the Sikhs are known as 'First' and 'Second' Anglo-Sikh wars. In the history of battles between the Sikhs and the English, four (Mudki, Ferozeshah, Sabhraon and Chellian wala) have a special historical significance. Of the various battles fought by the English to conquer India, the ones they fought to capture the Punjab were the most difficult and ruinous. In these battles, the night of 21st December, 1845 was that

calamitous moment, when the English throne stood shaken. It was the night about which Col. Melson in his book "India's Decisive Battles", writes. "If the Sikh forces had some good General with them, none could have saved the English." While describing this very battle, Shah Mohammed, in his "Jangnama" writes thus : "Shah Mohammed Saith : The Sikhs squeezed the blood of the whites like lemons". and lamenting over the Sikhs' misfortune describes his heart's anguish in these words : "O Shah Mohammed, becasue of the absence of a great leader, the armies had to lick the dust after having remained victorious all through."

## WARS WITH THE ENGLISH

About this very battle, noted historian Dr. Hari Ram Gupta writes : "If, on the morning of 22nd December, 1845, the Sikh forces had fired just a single shot, English rule in India would have come to an end, but this was not to be." Rebert Cast writes in his diary : "In the thousands of years of old history, only on that night of December 1845, did the fate of Indians lay in the hands of a few persons." About the great battle of Chellian Wala, an English Army officer Thackwell writes : "It appeared to me that not a single man of my forces has survived". (In the very first assault of this battle, the English army had lost 22 brave officers, 16 Indian officers and 561 soldiers, while 67 white officers, 27 Indian officers and 1547 soldiers had been wounded.)

There is no doubt that, as a result of the Sikh generals' treachery, the battles which took place between the English and the Sikhs, resulted in victory for the former, but this cannot be described as the English victory in the real sense. The following opinions of some of the English officers who took part in the Anglo-Sikh wars and also of the noted historians will present a true picture to the readers :

"No other Indian army, which was so small in numbers, had ever confronted the English so bravely as the Sikhs had in this battle (the battle of Sabhraon). The English had won, but if the Sikhs did not have such leaders (treacherous leaders), at the helm, the result of the battle would have been different...As compared with all other armies in India, the Sikhs had proved to be the hardiest, the bravest an the most invincible."

*("The Sikh War"-Charless Guff and Arthur D. Anners)*

"Of all the battles fought by the English in India, the battle of Pheru city was unique, This was the most dangerous...In this battle the Sikhs shook the very foundations of the British Govt."

*(Garden)*

"For the first time, the English had to fight against an equal." At another place : "They (Sikhs' treacherous Generals) wanted to become Ministers of the defeated English. That is why, they did not launch an attack on Ferozepur. They kept the English informed about their doings."

*(Cunningham)*

"They (treacherous Generals) wanted to get their entire army killed, which looked down upon them" *(Cunningham)*

"The leaders of the Sikhs were bent upon getting their forces decimated."

*(Megregor)*

"If the treacherous Sikh leaders' Teja Singh and Lal Singh had not betrayed the Sikh forces so as to bind the Punjab in the chains of slavery, the outcome of this battle would have been totally different."

*(Nand Kumar Sharma)*

"If Gulab Singh had not betrayed the Sikhs (during the battle of Sabhraon), the dishevelled army of the English would have been destroyed at the hands of the Sikhs."

*(Sir Charles James-Napier)*

"But finally we learnt that the Sikhs were brave and self-sacrificing soldiers. Alas! their Generals turned out to be treacherous." *(Smith)*

It has been the misfortune of the Sikh community that after Maharaja Singh, barring a few leaders, the Sikhs have always suffered for want of good leadership. Had the Sikhs been gifted with good leaders. their condition and position would have been totally different today. One important person with a deep knowledge and understanding of Sikh affairs, has rightly commented : "**But for the follies of the Sikh leadership, it (Sikhism) would have been a world religion today.**" That is, if the Sikh leaders had not committed blunders, Sikhism would have become a universal religion by now, But inspite of all this, noted historian Arnold Toynbee predicts that the Sikhs will be the last species of mankind on earth. This prophecy, perhaps, is based on the fact that finally the principles of universal brotherhood and welfare espoused by Sikhism alone can prove to be helpful in preserving the world.

# ਵਰ ਰਿਸ਼ਤੇ ਦੀ ਲੋੜ

ਮੈਟਰੀਮੋਨੀਅਲ ਫੀਸ : 5/- ਪ੍ਰਤੀ ਸ਼ਬਦ, 15/- ਫ਼ਾਰਮ ਨੰਬਰ ਦੇ (ਘੱਟੋ-ਘੱਟ ਫੀਸ 200/-)
ਨੋਟ : ਪੰਜਾਬੀ ਅਤੇ ਹਿੰਦੀ ਦੋਹਾਂ ਮੈਗਜ਼ੀਨਾਂ ਵਿਚ ਮੈਟਰੀਮੋਨੀਅਲ ਛਾਪਣ ਦੀ ਫੀਸ
8/- ਪ੍ਰਤੀ ਸ਼ਬਦ, 25/- ਫ਼ਾਰਮ ਨੰਬਰ ਦੇ (ਘੱਟੋ-ਘੱਟ ਫੀਸ 300/-)

*ਮੈਟਰੀਮੋਨੀਅਲ ਇਸ਼ਤਿਹਾਰਾਂ ਬਾਰੇ .ਫੀਸ ਬੈਂਕ ਡਰਾ.ਫਟ ਜਾਂ ਮਨੀਆਰਡਰ ਰਾਹੀਂ ਕਾਲਜ ਦੇ ਹੈੱਡ ਆ.ਫਿਸ ਵਿਚ ਭੇਜੀ ਜਾਵੇ ਜੀ। ਜਿਸ ਮਹੀਨੇ ਵਿਚ ਮਾਇਆ ਪ੍ਰਾਪਤ ਹੋਵੇਗੀ, ਉਸ ਤੋਂ ਇਕ ਮਹੀਨਾ ਛੱਡ ਕੇ ਛਪਣ ਵਾਲੇ ਮੈਗਜ਼ੀਨ ਵਿਚ, ਵਰ-ਰਿਸ਼ਤੇ ਦਾ ਇਸ਼ਤਿਹਾਰ ਛਾਪਿਆ ਜਾਵੇਗਾ।*

## Wanted Girls

- **Wanted professional qualified Gursikh, Vegetarian, slim, fair, beautiful Girl for smart adjustable jolly Boy, 31-5-86, 5'-5", B-Tech (E.E.), MBA, Finance Controller Engineer, MMC, 3 L.P.A. Contact : 0121-2557693, 09837040049, 09412644973.**
- **Wanted an educated, Gursikh, Good-looking, homely, Amritdhari (Willing to be Amritdhari) for smart, slim, good looking Amritdhari boy. Well settled own business, 10-2-81, 5'-7", B.Com., 2 Yrs training under C.A. Contact : 9996414269, 98966-96678.**
- ਗੁਰਸਿੱਖ ਲੜਕਾ, 24, 5 ਫੁੱਟ 7 ਇੰਚ, +2, ਇਕ ਸਾਲ ਕੰਪਿਊਟਰ ਕੋਰਸ, ਸੇਲਸਮੈਨ 8500/-**P.M.** ਲਈ ਯੋਗ ਸੁਸ਼ੀਲ, ਘਰੇਲੂ, ਗੁਰਸਿੱਖ ਲੜਕੀ ਚਾਹੀਦੀ ਹੈ। ਸੰਪਰਕ ਕਰੋ : 93568-70800, 0161-5142962, 9780238258
- ਅੰਮ੍ਰਿਤਧਾਰੀ, ਰਿਟਾਇਟਰਡ ਕੇਂਦਰੀ ਮੁਲਾਜ਼ਮ, 60 ਸਾਲ, 5 ਫੁੱਟ 7 ਇੰਚ, ਮਾਸਿਕ ਪੈਨਸ਼ਨ ਦਸ ਹਜ਼ਾਰ ਲਈ, ਪੜ੍ਹੀ-ਲਿਖੀ, ਧਾਰਮਿਕ ਵਿਚਾਰਾਂ ਵਾਲੀ ਵਿਧਵਾ, ਤਲਾਕਸ਼ੁਦਾ, ਬਾਂਝ, 45-50 ਸਾਲਾ ਜੀਵਨ ਸਾਥਣ ਦੀ ਲੋੜ ਹੈ। ਸੰਪਰਕ ਕਰੋ : 94175-74468
- ਅੰਮ੍ਰਿਤਧਾਰੀ ਲੜਕਾ, 40 ਸਾਲ, 5 ਫੁੱਟ 6 ਇੰਚ, ਪਹਿਲੀ ਪਤਨੀ ਅਕਾਲ ਚਲਾਣਾ ਕਰ ਗਈ, ਮੈਟ੍ਰਿਕ, ਟਰਾਂਸਪੋਰਟ ਅਤੇ ਕੇਟਰਿੰਗ ਬਿਜ਼ਨੈਸ ਕਰਦੇ ਲਈ ਯੋਗ ਸੁਸ਼ੀਲ ਜੀਵਨ ਸਾਥਣ ਦੀ ਲੋੜ ਹੈ। ਸੰਪਰਕ ਕਰੋ : 98818-19869
- **Wanted an educated Gursikh, beautiful Indian or NRI match for Ludhiana based Gursikh boy Veg., Oct. 77, 5'-8", Graduate, C, C++, Oracle, JAVA in Computer, IELTS 6 Bands, Doing Car spare parts business (From Godown), Middle Class Family. Contact : 94655-31553.**
- ਅੰਮ੍ਰਿਤਧਾਰੀ ਮਿਸ਼ਨਰੀ, 39 ਸਾਲ, 5 ਫੁੱਟ 6 ਇੰਚ, ਗਿਆਰਵੀਂ ਪਾਸ 2 ਸਾਲਾ, **R/T.V., I.T.I**, ਡਿਪਲੋਮਾ, ਦੋ ਸਾਲਾ ਸਿੱਖ ਮਿਸ਼ਨਰੀ ਕੋਰਸ, ਗ੍ਰੰਥੀ ਸਿੰਘ ਦੀ ਸੇਵਾ ਕਰਦੇ ਵੀਰ ਲਈ ਗੁਰਮਤਿ ਅਨੁਸਾਰੀ ਪੜ੍ਹੀ-ਲਿਖੀ ਜੀਵਨ ਸਾਥਣ ਦੀ ਲੋੜ ਹੈ। ਲਿਖੋ ਪੋਸਟ ਬਾਕਸ ਨੰਬਰ 3773, ਸਿੱਖ ਫੁਲਵਾੜੀ, ਲੁਧਿਆਣਾ-141074
- ਅੰਮ੍ਰਿਤਧਾਰੀ, ਤਲਾਕਸ਼ੁਦਾ, ਉਮਰ 27 ਸਾਲ, ਕੱਦ 5 ਫੁੱਟ 4 ਇੰਚ, ਪੜ੍ਹਾਈ ਮੈਟ੍ਰਿਕ, ਪਾਠੀ ਸਿੰਘ ਅਤੇ ਆਪਣਾ ਇਲੈਕਟ੍ਰੀਸ਼ਨ ਦਾ ਕੰਮ, ਜਮੀਨ ਜਾਇਦਾਦ ਦਾ ਇਕਲੌਤਾ ਵਾਰਸ, ਲਈ ਘਰੇਲੂ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ ਕਰੋ : 9465441750, 99143-82527
- **Wanted an educated Gursikh Amritdhari Good-looking, slim, adjustable match for Good-looking, tall, 5'-10", Newzealand Setteled, well educated, Periority for missionary families. Dowryless & Simple marriage. Girl should be 5'-5" or above. Ph. 9888139140, 99158-61266.**
- **Wanted an educated Gursikh, Veg. slim, good looking. simple, adjustable match (homely) for a Gursikh, good-looking, caring, jolly boy (divorcee), 14-6-83, 5'-5", 10+2, Business, 12,000 p.m. Simple Dowryless marriage. Box No. 3039-B.D., S.M.C. Gurdwara Sahib, 34-D, Chd. Contact on : 9417567878, 9217687303**
- **Wanted an educated Gursikh, slim, smart, caring, veg. homely, service or business match for a Gursikh, good-looking, impressive, caring, fair, adjustable boy. 9-11-80, 5'-5", Matric. Marriage Palace Manager. R.T.O., 8000/- p.m., Box No. 3082, B-4-7, S.M.C. Gurdwara Sahib, 34-D, Chd. Contact on : 0172-2620122**

## Wanted Boys

- ਗੁਰਸਿੱਖ ਲੜਕੀ, ਕੱਦ 5 ਫੁੱਟ 2 ਇੰਚ, ਉਮਰ 25 ਸਾਲ, ਐਮ. ਏ., ਬੀ. ਐੱਡ ਵਾਸਤੇ ਗੁਰਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ : 98153-27301
- ਕਾਨਪੁਰ ਨਿਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਤਲਾਕਸ਼ੁਦਾ (ਬਿਨਾਂ ਬੱਚੇ ਤੋਂ), ਉਮਰ 31+, 5 ਫੁੱਟ 4 ਇੰਚ, ਬੀ. ਏ. ਪੜ੍ਹੀ ਬੱਚੀ ਲਈ ਅੰਮ੍ਰਿਤਧਾਰੀ ਸਰਵਿਸ/ ਬਿਜ਼ਨੈਸ ਕਰਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ : 09839222653 ਜਾਂ ਲਿਖੋ **Box No. 5077**, ਸਿੱਖ ਫੁਲਵਾੜੀ, ਲੁਧਿਆਣਾ-74
- ਅੰਮ੍ਰਿਤਧਾਰੀ, ਕੇਸਕੀ ਸਜਾਉਂਦੀ, 33/5 ਫੁੱਟ 1 ਇੰਚ, ਲੜਕੀ **M.A. B.ED., Msc (IT) IELTS 6 BAND** ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਵੱਡਾ ਭਰਾ **AUSTRALIA** ਵਿਚ। **Contact : 9463407556. E-Mail : Jaswindar Rana@yahoo.com**
- **Gursikh match for Amritdhari Girl, 26, 5'-3", American Degree in Accounts. And Finance. Now on HIB Visa in America. Innocently divorced after Two Months. Send details, Pictures. Contact : 9855420408, dr. harbhajan@rediffmail.com. Preference America/Canada well settled boy.**
- **Wanted Suitable match for an educated, Gursikh slim, smart, adjustable, homely girl, 9-10-78, 5'-4", Veg., B-Math, Fashion Designer, PGDC, ITI Computer Teacher, Marriage early. Contact : 90231-37751, 99174-05445.**
- **Wanted well settled Qualified Amritdhari match for Ludhiana based Gursikh Amritdhari Girl, Sept.-84, 5'-1" persuing MCA Last semester, Father Bank Manager. Contact : 94171-25858.**

- **Wanted a Gursikh, good looking, caring match for a beautiful, caring, adjustable, sober girl, Sep.-84, 5'-2", Matric Pass, Cooking Course. Family around Punjab or in Faridabad preferred. Contact : 93563-39311, 9356339315.**
- ਅੰਮ੍ਰਿਤਧਾਰੀ ਲੜਕੀ ਲਈ ਅੰਮ੍ਰਿਤਧਾਰੀ ਸਰਵਿਸ ਕਰਦੇ, ਬਰਾਬਰ ਯੋਗਤਾ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਉਮਰ 27 ਸਾਲ, ਕੱਦ 5 ਫੁੱਟ 3 ਇੰਚ, ਐਮ. ਐਸ. ਸੀ. (ਮੈਥ) ਬੀ. ਐੱਡ ਹੈ। ਸੰਪਰਕ ਕਰੋ : 98558-38560, 01851-277541.
- **Wanted an educated Gursikh, veg., slim, smart, caring, service or business match for a beautiful, M.B.A., Slim, jolly girl on job in MNC at Delhi. Adjustable, Salary 13000/- p.m., 20-6.80, 5'-2", preference for Delhi. Gurgaon, Chandigarh. Box No. 1342, G-6-4. SMC Gurdwara Sahib, 34-D, Chd. Contact on : 01886-260334, Mob : 98552-56775**
- **Wanted an educated, Gursikh, Slim, Good-looking, caring, sober, service or business match for a beautiful, adjustable, slim, sober girl. 19-9-84, 5'-2". B.Sc. in Tourism Airlines, Chd. Persuing M.B.A. working with American Travels, 15000/- p.m., Box. No. 1343, G-7-4. S.M.C. Gurdwara Sahib, 34-D, Chd. Contact on : 9888487113**
- **Wanted an educated Gursikh, smart, slim, caring, veg. Service, match for a beautiful, slim, adjustable, jolly, fair, caring girl, 24-3-80, 5'-2", Diploma in Elect & Comm, M.A. Economics, Persuing M.B.A., 4 Years Exp. in Telecom Industry. Box No. 1304, G-6-4. Early Simple Marriage. S.M.C. Gurdwara Sahib, 34-D, Chd. Contact on :9876800869.**
- **Wanted an educated, Gursikh, Service, Smart, slim, Teetotaller, caring match for a good-looking, slim, sober, adjustable girl, 16-2-82, 5'-1", B.A., B.Ed., N.T.T., P.G.D.C.A., Pvt. Teacher, 3000/- p.m., Box No. 1357-G-7-4. S.M.C. Gurdwara Sahib, 34-D, Chd. Contact on : 9357325733, 9317576484.**

## ਵਰਤਿਓ ਕਦੇ ਤੰਬਾਕੂ ਨਾ

*ਮਾਸਟਰ ਸੁਖਦੇਵ ਸਿੰਘ 'ਜਾਚਕ', ਖੂੰਢ ਵਾਲਾ ਸੈਣੀਆਂ (ਫ਼ਾਜ਼ਿਲਕਾ)*

ਲੁੱਟਣ ਵਾਲੇ ਲੱਖਾਂ—ਨਸ਼ਿਆਂ ਵਰਗਾ ਡਾਕੂ ਨਾ,
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।
ਇਹ ਜ਼ਹਿਰ ਤੰਬਾਕੂ ਦੀ, ਜਦ ਅੰਦਰ ਜਾਂਦੀ ਹੈ।
ਨਰਮ ਫੇਫੜਿਆਂ ਨੂੰ—ਫਿਰ ਸਾੜ ਮੁਕਾਂਦੀ ਹੈ।
ਅੱਜ ਖੰਘੀ ਜਾਂਦਾ ਕਹਿੰਦੇ, ਕਾਹਤੋਂ ਟਿਕਦਾ ਬਾਪੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

ਕਈ ਜਰਦਾ ਲਾਉਂਦੇ ਨੇ, ਫਿਰ ਥੂ-ਥੂ ਕਰਦੇ ਨੇ।
ਕੈਂਸਰ ਵੀ ਹੋ ਸਕਦੈ, ਕਮਲੇ ਜ਼ਰਾ ਨਾ ਡਰਦੇ ਨੇ।
ਜੇ ਜਾਣ ਕੇ ਖੂਹ ਵਿਚ ਡਿਗਦੈ, ਕੋਈ ਚੰਗਾ ਆਖੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

ਆਹ ਸਿਗਰਟ ਬੀੜੀਆਂ ਦੇ, ਜੋ ਸੂਟੇ ਲਾਉਂਦਾ ਏਂ।
ਜਵਾਨੀ ਇਹ ਫੁਲ ਵਰਗੀ ਕਿਉਂ ਸਾੜ ਮੁਕਾਉਂਦਾ ਏਂ ?
ਐਸਾ ਰੋਗ ਚਿੰਬੜ ਗਿਆ ਜੇ, ਫਿਰ ਕੋਈ ਵੀ ਰਾਖੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

ਆਹ ਤਲਬ ਤੇ ਗੁਟਕਾ ਜੋ, ਸਭ ਪੁੜੀਆਂ ਜ਼ਹਿਰ ਦੀਆਂ।
ਇਕ ਦਿਨ ਬਣ ਜਾਣਗੀਆਂ, ਇਹ ਘੜੀਆਂ ਕਹਿਰ ਦੀਆਂ।
ਦੁਖ ਭੋਗੇਂਗਾ ਤੂੰ ਹੀ, ਕਿਸੇ ਦਾ ਕੁਝ ਵੀ ਗਵਾਚੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

ਇਹ ਸਿਹਤ ਗੰਵਾ ਸਕਦੈ, ਤੇ ਉਮਰ ਘਟਾ ਸਕਦੈ।
ਸੰਤਾਨ ਜੋ ਆਉਣ ਵਾਲੀ, ਅਪੰਗ ਬਣਾ ਸਕਦੈ।
ਦਿਮਾਗ ਹੋਣਗੇ ਮਾੜੇ, ਚੰਗੇ ਬਣਨ ਪੜ੍ਹਾਕੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

ਅੱਜ ਤੋਂ ਬਾਅਦ ਤੰਬਾਕੂ ਨੂੰ—ਕੋਈ ਹੱਥ ਵੀ ਲਾਇਓ ਨਾ।
ਸਵਰਗ ਜਿਹੀ ਜ਼ਿੰਦਗੀ ਨੂੰ—ਕਿਧਰੇ ਨਰਕ ਬਣਾਇਓ ਨਾ।
ਅੱਜ 'ਜਾਚਕ' ਦੀ ਮੰਨ ਲਓ, ਫੇਰ ਦੁਬਾਰਾ ਆਖੂ ਨਾ।
ਜੇ ਖੁਸ਼ੀਆਂ ਨਾਲ ਜਿਊਣਾ, ਵਰਤਿਓ ਕਦੇ ਤੰਬਾਕੂ ਨਾ।

## ਵਿਅੰਗੜੀਆਂ

*—ਦਵਿੰਦਰ ਕੌਰ, ਭੁਬਾਲਪੁਰ (ਗੁਰਦਾਸਪੁਰ)*

1.

ਭੁਲਿਆ! ਭੁੱਲ ਕੇ ਲੰਘ ਨ ਹੇਠੋਂ, ਖੋਟੇ ਦੇ ਪਰਛਾਵੇਂ।
ਰਾਹੇ ਜਾਂਦਾ, ਸੰਗ-ਦੋਸ਼ ਵਿਚ, ਮਤ ਕੋਈ ਲੀਕ ਲੁਆਵੇਂ।
ਕੱਜਲ ਦੀ ਕੋਠੀ ਵਿਚ ਵੜਿਆਂ, ਕਾਲਖ ਬਿਨ ਕੀ ਲੱਭੇ।
ਠੇਕੇ ਬੈਠਾ ਸ਼ਰਬਤ ਪੀਂਦਾ, ਕਿਹਾ ਸ਼ਰਾਬੀ ਜਾਵੇਂ।

2.

ਬੱਚੇ ਵਿਲਕਣ, ਨਾਰੀ ਨੰਗੀ, ਆਪਣਾ ਖ਼ੀਸਾ ਖਾਲੀ,
ਝੱਸ ਸ਼ਰਾਬੀ ਪੂਰਾ ਕਰਦਾ, ਦੇ ਕੇ ਛੰਨਾ ਥਾਲੀ,
ਦਿਲ ਧੜਕੇ, ਹੱਥ ਪੈਰ ਕੰਬਦੇ, ਚਿਹਰੇ ਤੇ ਫਿਟਕਾਰਾਂ।
ਸੱਜਣ ਮਿੱਤਰ ਮੂੰਹ ਨ ਲਾਉਂਦੇ, ਜੋ ਮੂੰਹ ਲਾਏ ਪਿਆਲੀ।